# ਅਜਬ ਅਜੂਬੇ
# ਕੋਰੀ ਕੁਦਰਤ



ਜਸ ਮੰਡ

# ਅਜਬ ਅਜੂਬੇ ਕੋਰੀ ਕੁਦਰਤ

ਇਸੇ ਕਲਮ ਤੋਂ:

1. ਮਸ਼ਕੂਲੇ (2000)
2. The Secret of Happiness (Paperback: 2003, Kindle: 2015)
3. जीवन में आनंद (2004)
4. ਕਾਲੇ ਸਾਗਰ ਚਿੱਟੇ ਪਰਬਤ (2010, 2018)
5. ਰੇਤੀਲੇ ਤੇ ਬਰਫੀਲੇ ਮਾਰੂਥਲ (2013, 2018)

# ਅਜਬ ਅਜੂਬੇ ਕੋਰੀ ਕੁਦਰਤ

(ਸਫ਼ਰਨਾਮਾ)

ਜਸ ਮੰਡ

# Ajab Ajoobay Kori Kudrat

*(Travelogue in Punjabi/Gurmukhi)*

Copyright © Jas Mand

ਸਰਵਰਕ: ਅਜੰਤਾ ਦਾ ਕੰਧ ਚਿਤਰ

ਮਾਂ ਸਵਰਨ ਕੌਰ ਨੂੰ

ਜਿਸਦੀ ਘੁਮੱਕੜੀ ਦੇ ਅਰਮਾਨਾਂ ਨੂੰ

ਪਹਿਲਾਂ ਤਾਂ ਉਸਦੀ ਇਸਤਰੀਅਤ ਨੇ ਮਸਲੀ ਰੱਖਿਆ

ਤੇ ਜਦੋਂ ਉਸਦੇ ਪਰਾਂ ਨੇ ਉਡਾਰੀ ਭਰਨੀ ਸ਼ੁਰੂ ਕੀਤੀ

ਉਦੋਂ ਮੌਤ ਨੇ ਉਸਨੂੰ ਬਹੁਤੀ ਦੂਰ ਤੱਕ ਉਡਣ ਨਾ ਦਿੱਤਾ!

1. ਬੀਬੀ ਦਾ ਮਕਬਰਾ ........................................................................ 7

2. ਏਲੋਰਾ ਦੀ ਰੀਸ ਨਹੀਂ ........................................................................ 14

3.ਅਜੂਬਿਆਂ ਦੀ ਪ੍ਰਦਰਸ਼ਨੀ ........................................................................ 22

4.ਸੂਫੀ ਸੰਤਾਂ ਦੀ ਵਾਦੀ ........................................................................ 30

5.ਵਿਕੋਲਿਤਰਾ ਕਿਲ੍ਹਾ ........................................................................ 36

6.ਕੰਧ ਚਿਤਰਾਂ ਦੀ ਚਿਤਰਸ਼ਾਲਾ ........................................................................ 48

7.ਸੱਜਰੀ ਪ੍ਰਾਚੀਨਤਾ ........................................................................ 56

8.ਰੀਝ ਪੂਰੀ ਹੋਈ ........................................................................ 65

9.ਕੁਦਰਤੀ ਅਜੂਬਾ ਲੋਣਾਰ ਕਰੇਟਰ ........................................................................ 73

10.ਨੱਕ-ਕਟੀ ਵਾਲਾ ਸ਼ਹਿਰ ........................................................................ 86

11.ਸਭ ਤੋਂ ਉੱਚਾ ਕੇਦਾਰ ਤੁੰਗਨਾਥ ........................................................................ 105

12.ਧਾਮ,ਕੇਦਾਰ ਤੇ ਜਿਓਤਰਲਿੰਗ ........................................................................ 111

13.ਮੱਧਮਹੇਸ਼ਵਰ ਦੀ ਕੋਰੀ ਕੁਦਰਤ ........................................................................ 119

# 1. ਬੀਬੀ ਦਾ ਮਕਬਰਾ



"ਲੋ, ਯਹ ਕਿਆ ਬਾਤ ਹੂਈ! ਮੈਂ ਅਸਲੀ ਅਜੰਤਾ ਦੇਖੇ ਬਗੈਰ ਹੀ ਇਸ ਦੁਨੀਆ ਸੇ ਚਲੀ ਜਾਊਂਗੀ!" ਸੁਬ੍ਹਾ-ਸਵੇਰੇ ਰੀਟਾ ਨੇ ਮੈਨੂੰ ਇੰਞ ਨਿਹੋਰਾ ਮਾਰਿਆ ਸੀ, ਜਿਵੇਂ ਮੈਂ ਹੀ ਉਸਨੂੰ ਅਜੰਤਾ ਵੇਖਣ ਤੋਂ ਵਾਂਝਿਆ ਰੱਖਿਆ ਹੋਇਆ ਸੀ! ਪਤਾ ਲੱਗਾ ਕਿ ਰੀਟਾ ਵਲੋਂ ਸੁਤੇਸਿਧ ਆਈ ਇਸ ਟਿੱਪਣੀ ਦਾ ਕਾਰਨ ਗੂਗਲ ਨਿਊਜ਼ ਉੱਤੇ ਆਈ ਇਕ ਖਬਰ ਸੀ। ਇਹ ਗੱਲ ਹੈ ਅਗਸਤ 2012 ਦੀ। ਖ਼ਬਰ ਵਿਚ ਕਿਹਾ ਗਿਆ ਸੀ ਕਿ ਅਜੰਤਾ ਦੀਆਂ ਗੁਫਾਵਾਂ ਨੂੰ ਆਮ ਲੋਕਾਂ ਲਈ ਆਉਂਦੀ ਅਪਰੈਲ ਤੋਂ ਬੰਦ ਕਰ ਦਿੱਤਾ ਜਾਵੇਗਾ। ਸੈਲਾਨੀਆਂ ਦੇ ਵੇਖਣ ਲਈ ਇਨ੍ਹਾਂ ਗੁਫਾਵਾਂ ਦੇ ਨੇੜੇ ਹੀ ਇਕ ਪ੍ਰਤਿਰੂਪ ਲਗਭਗ ਮੁਕੰਮਲ ਹੋ ਚੁੱਕਾ ਹੈ। ਰੀਟਾ ਦੇ ਮੂਹੋਂ ਨਿਕਲੀ ਇਸ ਗੱਲ ਨੇ ਮੈਨੂੰ ਵੀ ਖੁਤਖੁਤੀ ਲਾ ਦਿੱਤੀ। ਭਾਵੇਂ ਦਸ ਕੁ ਸਾਲ ਪਹਿਲਾਂ ਮੈਂ ਅਜੰਤਾ-ਏਲੋਰਾ ਦਾ ਟੂਰ

ਮਾਰ ਆਇਆ ਸਾਂ, ਪਰੰਤੂ ਇਹ ਉਹ ਅਜੂਬੇ ਨਹੀਂ, ਜਿਨ੍ਹਾਂ ਨੂੰ ਇਕੋ ਵਾਰੀ ਵੇਖਣ ਨਾਲ ਜੀਅ ਭਰ ਜਾਂਦਾ ਹੋਵੇ!ਉਸੇ ਵੇਲੇ ਇੰਟਰਨੈੱਟ ਖੋਲ੍ਹਿਆ ਤੇ ਔਰੰਗਾਬਾਦ ਦੀਆਂ ਟਿਕਟਾਂ ਵੇਖਣੀਆਂ ਸ਼ੁਰੂ ਕਰ ਦਿੱਤੀਆਂ। ਦਿਸੰਬਰ ਵਿਚ ਦਿੱਲੀ ਤੋਂ ਔਰੰਗਾਬਾਦ ਤੱਕ ਹਵਾਈ ਜਹਾਜ਼ ਦੀਆਂ ਟਿਕਟਾਂ ਜੇ ਹੁਣੇ, ਯਾਨੀ ਚਾਰ ਮਹੀਨੇ ਪਹਿਲਾਂ ਹੀ ਬੁੱਕ ਕਰਵਾ ਲਈਆਂ ਜਾਣ, ਤਾਂ ਮੁਕਾਬਲਤਨ ਕਾਫੀ ਸਸਤੀਆਂ ਪੈਣਗੀਆਂ। ਜ਼ਿਆਦਾ ਸੋਚਣ ਦੀ ਲੋੜ ਨਹੀਂ ਪਈ। ਟਿਕਟਾਂ ਰਾਖਵੀਆਂ ਕਰ ਕੇ ਨਿਸਚਿੰਤ ਬੈਠ ਗਏ।

ਉਡਾਣ ਤੋਂ ਕੁਝ ਦਿਨ ਪਹਿਲਾਂ ਹੀ ਅਸੀਂ ਦਿੱਲੀ ਪਹੁੰਚ ਗਏ ਸਾਂ। ਦਿੱਲੀ ਵਿਚ ਠੰਡ ਤਾਂ ਕਾਫੀ ਸੀ, ਪਰ ਅਜੇ ਧੁੰਦਾਂ ਤੋਂ ਬਚਾਅ ਸੀ। ਇਸਲਈ ਸਵੇਰੇ ਸਾਢੇ ਛੇ ਵਜੇ ਦੀ ਉਡਾਣ ਐਨ ਵਕਤ ਸਿਰ ਉੱਡ ਸਕੀ। ਡੇਢ ਘੰਟੇ ਵਿਚ ਅਸੀਂ ਔਰੰਗਾਬਾਦ ਦੇ ਹਵਾਈ ਅੱਡੇ ’ਤੇ ਜਾ ਉਤਰੇ। ਹਮੇਸ਼ਾ ਵਾਂਗ ਅਸੀਂ ਕੋਈ ਹੋਟਲ ਅਗਾਊਂ ਬੁੱਕ ਨਹੀਂ ਕਰਵਾਇਆ ਹੋਇਆ ਸੀ, ਪਰੰਤੂ ਆਪਣੇ ਬੱਜਟ ਦੇ ਹਿਸਾਬ ਨਾਲ ਹੋਟਲਾਂ ਦੀ ਘੋਖ-ਪੜਤਾਲ ਕੀਤੀ ਹੋਈ ਸੀ। ਟੈਕਸੀ ਵਿਚ ਬੈਠਦਿਆਂ ਹੀ ਡਰਾਈਵਰ ਨੂੰ ਪੰਚਵਟੀ ਹੋਟਲ ਲਿਜਾਣ ਲਈ ਆਖਿਆ। ਸਵੇਰ ਦੇ ਅਜੇ ਨੌਂ ਹੀ ਵੱਜੇ ਸਨ ਜਦੋਂ ਅਸੀਂ ਹੋਟਲ ਵਿਚ ਜਾ ਟਿਕੇ। ਬਾਹਰ ਤਿੱਖੀ ਧੁੱਪ ਨਿਕਲੀ ਹੋਈ ਸੀ। ਸਾਡੇ ਫੋਨ ਇਥੇ ਦਾ ਤਾਪਮਾਨ 27 ਡਿਗਰੀ ਸੈਂਟੀਗਰੇਡ ਵਿਖਾ ਰਹੇ ਸਨ। ਦੁਪਹਿਰ ਤਾਈਂ ਪਾਰਾ ਤਿੰਨ-ਚਾਰ ਡਿਗਰੀ ਹੋਰ ਚੜ੍ਹ ਜਾਵੇਗਾ। ਇਹੋ ਜੇਹੀ ਧੁੱਪ-ਗਰਮੀ ਵਿਚ ਘੁੰਮਣ ਨੂੰ ਜੀਅ ਨਹੀਂ ਕਰਦਾ। ਉਂਝ ਵੀ ਸਵੇਲੇ ਦੀ ਹਵਾਈ ਉਡਾਣ ਫੜਨ ਲਈ ਅਸੀਂ ਤੜਕੇ ਤਿੰਨ ਵਜੇ ਦੇ ਉੱਠੇ ਹੋਏ ਸਾਂ। ਇਸ ਵੇਲੇ ਪੱਖਾ ਚਲਾ ਕੇ ਕਮਰਾ ਖੁਸ਼ਗਵਾਰ ਲੱਗ ਰਿਹੈ। ਹੁਣ ਅਰਾਮ ਕਰਦੇ ਹਾਂ; ਦੁਪਹਿਰ ਢਲੀ ’ਤੇ ਹੀ ਬਾਹਰ ਨਿਕਲਾਂਗੇ।

ਸ਼ਾਮ ਨੂੰ ਆਟੋ ਫੜ ਕੇ ਡਰਾਈਵਰ ਨੂੰ ਸਭ ਤੋਂ ਪਹਿਲਾਂ ਆਪਣੀ ਫੋਨ ਕੰਪਨੀ ਦੇ ਦਫ਼ਤਰ ਲਿਜਾਣ ਲਈ ਆਖਦੇ ਹਾਂ। ਅਸੀਂ ਜਲੰਧਰ ਤੋਂ ਇਕ ਨਵਾਂ ਸਿੱਮ ਲੈ ਕੇ ਚੱਲੇ ਸਾਂ, ਜਿਹੜਾ ਰੀਟਾ ਦੇ ਟੇਬਲੈੱਟ ਵਿਚ ਪਾਇਆ ਹੋਇਆ ਹੈ। ਕਿਸੇ ਵਜ੍ਹਾ ਕਰਕੇ ਇਸਦਾ ਨੈੱਟ ਨਹੀਂ ਚੱਲ ਰਿਹਾ। ਆਟੋ ਵਾਲਾ ਸਾਨੂੰ ਨਿਰਾਲਾ ਬਜ਼ਾਰ ਵਿਚ ਤਾਪੜੀਆ ਨਾਟਯ ਮੰਦਿਰ ਦੇ ਨੇੜੇ ਜਾ ਉਤਾਰਦਾ ਹੈ। ਇਹ ‘ਨਾਟਯ ਮੰਦਿਰ’ ਅਸਲ ਵਿਚ ਲਾਅ ਕਾਲਜ ਦਾ ਆਡੀਟੋਰੀਅਮ

ਹੈ, ਜਿਥੇ 650 ਦਰਸ਼ਕਾਂ ਦੇ ਬੈਠਣ ਦੀ ਸਹੂਲੀਅਤ ਹੈ। ਫੋਨ ਦਫ਼ਤਰ 'ਚ ਬੈਠੀ ਸਮਾਰਟ ਜੇਹੀ ਐਗਜ਼ੀਕੀਊਟਿਵ ਕੁੜੀ ਨੇ ਦੱਸਿਆ ਕਿ ਸਾਡੇ ਟੈਬਲੈੱਟ ਵਿਚ ਕੋਈ ਨੁਕਸ ਨਹੀਂ, ਬੱਸ ਕੁਨੈਕਸ਼ਨ ਦੀ ਜ਼ਰਾ ਕੁ ਜਿੰਨੀ ਸੈਟਿੰਗ ਹੋਣ ਵਾਲੀ ਹੈ। ਤੇ ਉਹ ਫਟਾਫਟ ਸੈਟਿੰਗ ਕਰਨ ਵਿਚ ਰੁੱਝ ਗਈ। ਜਦੋਂ ਉਸ ਤੋਂ ਸੈਟਿੰਗ ਨਾ ਹੋਈ, ਤਾਂ ਉਹ ਇਕ ਹੋਰ ਐਗਜ਼ੀਕੀਊਟਿਵ ਨੂੰ ਬੁਲਾ ਲਿਆਈ। ਪਰੰਤੂ ਉਨ੍ਹਾਂ ਦੋਵਾਂ ਤੋਂ ਮਿਲ ਕੇ ਵੀ ਗੱਲ ਬਣਦੀ ਨਹੀਂ ਸੀ ਜਾਪਦੀ! ਉਨ੍ਹਾਂ ਨੂੰ ਇਸ ਝੰਜਟ ਵਿਚ ਫਸੀਆਂ ਵੇਖ ਕੇ ਦਫ਼ਤਰ ਦੇ ਗੇਟ ਕੋਲ ਬੈਠਾ ਸਮਾਰਟ ਜਿਹਾ ਸਿੱਖ ਗਾਰਡ ਆਇਆ ਤੇ ਉਨ੍ਹਾਂ ਤੋਂ ਫੋਨ ਫੜ ਕੇ ਖੁਦ ਸੈਟਿੰਗ ਕਰਨ ਲੱਗਾ। ਦੋਵਾਂ ਹੱਥਾਂ ਦੀਆਂ ਉਂਗਲਾਂ ਨਾਲ ਇਹ ਨੌਜਵਾਨ ਫੋਨ ਦੇ ਬਟਨ ਇੰਞ ਦਬਾ ਰਿਹਾ ਸੀ, ਜਿਵੇਂ ਕੋਈ ਸੰਗੀਤਕਾਰ ਪਿਆਨੋ ਵਜਾ ਰਿਹਾ ਹੋਵੇ! ਤੇ ਇਕ ਮਿੰਟ ਦੇ ਵਿਚ-ਵਿਚ ਉਸਨੇ ਸੈਟਿੰਗ ਕਰ ਕੇ ਟੈਬਲੈੱਟ ਸਾਡੇ ਹੱਥ ਫੜਾ ਦਿੱਤਾ। ਉਦੋਂ ਉਹਦੇ ਮੂੰਹ 'ਤੇ ਇੰਞ ਦੀ ਤਸੱਲੀ ਸੀ ਜਿਵੇਂ ਸੰਗੀਤਕਾਰ ਨੇ ਆਪਣੇ ਮਨਭਾਉਂਦੀ ਧੁਨ ਬਿਨਾ ਕਿਸੇ ਗਲਤੀ ਦੇ ਵਜਾ ਲਈ ਹੋਵੇ! ਸਾਡੇ ਮੂੰਹਾਂ 'ਤੇ ਵੀ ਤਸੱਲੀ ਅਤੇ ਸ਼ੁਕਰਾਨੇ ਦੀ ਇੰਞ ਦੀ ਝਲਕ ਸੀ, ਜਿਵੇਂ ਥੀਏਟਰ ਦੇ ਸਾਰੇ ਸਰੋਤੇ ਖੜ੍ਹੋ ਕੇ ਲਗਾਤਾਰ ਤਾਲੀ ਵਜਾ ਰਹੇ ਹੋਣ! ਕਿੰਨਾ ਚਿਰ ਬਾਅਦ ਤਾਈਂ ਅਸੀਂ ਸੋਚਦੇ ਰਹੇ ਕਿ ਵੇਖੋ, ਜਿਹੜਾ ਕੰਮ ਟ੍ਰੇਨਿੰਗ ਪ੍ਰਾਪਤ ਸਟਾਫ ਤੋਂ ਨਹੀਂ ਹੋਇਆ, ਉਹ ਇਸ ਨੌਜਵਾਨ ਨੇ ਝਟਪਟ ਕਰ ਦਿੱਤਾ। ਕੋਈ ਵੀ ਕੰਮ ਕਰਨ ਲਈ ਟ੍ਰੇਨਿੰਗ ਆਪਣੇ ਥਾਂ ਹੈ, ਪਰੰਤੂ ਸ਼ੌਕ ਨਾਲ ਸਿੱਖੇ ਕੰਮ ਦਾ ਕੋਈ ਮੁਕਾਬਲਾ ਨਹੀਂ!

ਇਥੋਂ ਆਟੋ ਫੜ ਕੇ ਅਸੀਂ ਸਿੱਧੇ ਪਣਚੱਕੀ ਵੇਖਣ ਪਹੁੰਚਦੇ ਹਾਂ। ਪਾਣੀ ਨਾਲ ਚੱਲਣ ਵਾਲਾ ਇਹ ਘਰਾਟ ਆਪਣੇ ਵੇਲੇ ਦਾ ਇਕ ਅਜੂਬਾ ਹੀ ਸੀ। ਹਰਸੂਲ ਨਦੀ ਦੀ ਇਕ ਸਹਾਇਕ ਨਦੀ, ਜਿਹੜੀ ਇਥੋਂ ਲਗਭਗ ਅੱਠ ਕਿਲੋਮੀਟਰ ਦੂਰੀ ਉੱਤੇ ਸਥਿਤ ਹੈ, ਵਿਚੋਂ ਪਾਣੀ ਲਿਆ ਕੇ ਸੰਨ 1744 ਵਿਚ ਬਾਬਾ ਸ਼ਾਹ ਮਹਿਮੂਦ ਨੇ ਇਹ ਘਰਾਟ ਚਲਾਇਆ ਸੀ। ਅੱਠ ਫੁੱਟ ਡੂੰਘਾਈ ਉੱਤੇ ਦੱਬੇ ਹੋਏ ਮਿੱਟੀ ਤੇ ਚੂਨੇ ਦੇ ਪਾਈਪਾਂ ਰਾਹੀਂ ਪਾਣੀ ਨੂੰ ਇਥੇ ਪੁਚਾ ਕੇ ਮਸਨੂਈ ਝਰਨੇ ਦੀ ਸ਼ਕਲ ਵਿਚ ਇਕ ਤਲਾਬ ਵਿਚ ਸੁੱਟਿਆ ਗਿਆ, ਜਿਸ ਨਾਲ ਬਹੁਤ ਹੀ ਮਨਮੋਹਕ ਦ੍ਰਿਸ਼ ਚਿਤਰਿਆ ਗਿਆ। ਨਾਲ ਵਗਦੇ ਖਾਮ ਦਰਿਆ ਉੱਤੇ ਪੁਲ, ਅਤੇ ਪੁਲ ਤੋਂ ਪਾਰ ਸ਼ਾਹ ਮਹਿਮੂਦ ਨੇ ਇਕ ਵਿਸ਼ਾਲ ਦਰਵਾਜ਼ਾ ਵੀ ਬਣਵਾਇਆ। ਇਹ ਮਹਿਮੂਦ ਦਰਵਾਜ਼ਾ ਔਰੰਗਾਬਾਦ ਦੇ ਬਵੰਜਾ ਵਿਸ਼ਾਲ ਦਰਵਾਜ਼ਿਆਂ ਵਿਚੋਂ ਇਕ ਹੈ। ਇਨ੍ਹਾਂ ਉਸਾਰੀਆਂ ਦਾ ਕਾਲਾ ਪੈ ਚੁੱਕਾ

ਪਲਸਤਰ ਇਨ੍ਹਾਂ ਦੇ ਬੁਢਾਪੇ ਦੀਆਂ ਝੁਰੜੀਆਂ ਵਾਂਗ ਜਾਪਦਾ ਹੈ! ਇਨ੍ਹਾਂ ਦੀ ਪਿੱਠਭੂਮੀ ਵਿਚ ਪਣਚੱਕੀ ਦੇ ਵੱਡੇ-ਵੱਡੇ ਪੁੜਾਂ ਦੀ ਗਰੜ-ਗਰੜ ਨੂੰ ਸੁਣਦੇ ਹੋਏ ਅਸੀਂ ਸਤਾਰ੍ਹਵੀਂ-ਅਠਾਰ੍ਹਵੀਂ ਸਦੀ ਵਿਚ ਗੁਆਚੇ ਹੋਏ ਸਾਂ। ਏਨੇ ਨੂੰ ਪੰਦਰਾਂ-ਸੋਲਾਂ ਵਰ੍ਹਿਆਂ ਦਾ ਇਕ ਮੁੰਡਾ ਸਾਡੇ ਕੋਲ ਆਇਆ ਤੇ ਗਾਈਡ ਵਜੋਂ ਆਪਣੀਆਂ ਸੇਵਾਵਾਂ ਤਜਵੀਜ਼ ਕਰਨ ਲੱਗਾ। ਅਸੀਂ ਉਹਦੇ ਨਾਲ ਹੋ ਤੁਰੇ। ਉਹ ਸਭ ਤੋਂ ਪਹਿਲਾਂ ਸਾਨੂੰ ਹਜ਼ਰਤ ਬਾਬਾ ਸ਼ਾਹ ਮੁਸਾਫਿਰ ਦੀ ਮਜ਼ਾਰ ’ਤੇ ਲੈ ਕੇ ਗਿਆ, ਜਿਸਦੀ ਯਾਦ ਵਿਚ ਉਸਦੇ ਭਾਣਜੇ ਨੇ ਇਹ ਪਣਚੱਕੀ ਬਣਵਾਈ ਸੀ। ਸ਼ਾਹ ਮੁਸਾਫਿਰ ਸਤਾਰ੍ਹਵੀਂ ਸਦੀ ਵਿਚ ਬੁਖਾਰਾ ਨੇੜਲੇ ਸ਼ਹਿਰ ਗ਼ਾਜ਼ਦਵਨ ਤੋਂ ਇੱਧਰ ਆਇਆ ਤੇ ਇਥੇ ਆ ਕੇ ਹਜ਼ਰਤ ਬਾਬਾ ਸ਼ਾਹ ਪਿਲੰਗਪੋਸ਼ ਦਾ ਚੇਲਾ ਬਣ ਗਿਆ। ਬਾਬਾ ਪਿਲੰਗਪੋਸ਼ ਉਸਤੋਂ ਕੁਝ ਦਹਾਕੇ ਪਹਿਲਾਂ ਇੱਧਰ ਆ ਕੇ ਟਿਕ ਗਿਆ ਸੀ। ਸ਼ਾਹ ਮੁਸਾਫਿਰ ਦੀ ਕਬਰ ਦੇ ਨਾਲ ਹੀ ਉਸਦੇ ਭਾਣਜੇ ਤੇ ਚੇਲੇ ਬਾਬਾ ਸ਼ਾਹ ਮਹਿਮੂਦ ਦੀ ਕਬਰ ਵੀ ਹੈ। ਮਜ਼ਾਰ ਵਿਖਾਉਣ ਤੋਂ ਬਾਅਦ ਗਾਈਡ ਨੇ ਇਕ ਜ਼ਮੀਨਦੋਜ਼ ਹਾਲ ਵਿਖਾਇਆ, ਜਿਹੜਾ ਉਦੋਂ ਫਕੀਰਾਂ ਦੇ ਆਰਾਮ ਕਰਨ ਅਤੇ ਭੋਜਨ ਛਕਣ ਲਈ ਵਰਤਿਆ ਜਾਂਦਾ ਸੀ। ਹਾਲ ਦੇ ਉੱਪਰੋਂ ਦੀ ਵਗਦੀ ਪੱਕੀ ਨਹਿਰ ਗਰਮੀਆਂ ਵਿਚ ਇਸ ਨੂੰ ਠੰਡਾ ਰਖਦੀ ਹੈ। "ਇਹ ਓਸ ਵੇਲੇ ਦਾ ਏ.ਸੀ. ਹਾਲ ਸੀ। ਸਰ ਜੀ, ਉਹ ਮਹਾਨ ਆਰਕੀਟੈਕਟ ਸਨ। ਕਿੰਨਾ ਚਿਰ ਤਾਂ ਜੀ ਅੰਗਰੇਜ਼ਾਂ ਨੂੰ ਇਹੋ ਈ ਪਤਾ ਨਹੀਂ ਲੱਗਾ ਕਿ ਪਾਣੀ ਆਉਂਦਾ ਕਿੱਥੋਂ ਹੈ!" ਗੱਲ ਕਰਦੇ-ਕਰਦੇ ਸਾਡੇ ਗਾਈਡ ਨੇ ਧੌਣ ਨੂੰ ਇੰਝ ਝਟਕਾ ਜਿਹਾ ਮਾਰਿਆ, ਜਿਵੇਂ ਇਹ ਨਹਿਰ ਉਸੇ ਨੇ ਕੱਢ ਕੇ ਇਥੇ ਪੁਚਾਈ ਹੋਵੇ! ਮੁੜ ਤਲਾਬ ਕੋਲ ਪਹੁੰਚ ਕੇ ਉਹ ਦੱਸਦਾ ਹੈ ਕਿ ਇਹ 120 ਫੁੱਟ ਲੰਮਾ ਤੇ 12 ਫੁੱਟ ਚੌੜਾ ਹੈ। ਫੇਰ ਉਹ ਸਾਡਾ ਧਿਆਨ ਤਲਾਬ ਕਿਨਾਰੇ ਖੜ੍ਹੇ ਬੋਹੜ ਦੇ ਵਿਸ਼ਾਲ ਰੁੱਖ ਵੱਲ ਦੁਆਂਦਾ ਹੈ, ਜਿਹੜਾ ਉਹਦੇ ਮੁਤਾਬਕ ਛੇ ਸੌ ਸਾਲ ਪੁਰਾਣਾ ਹੈ। ਖਾਮ ਦਰਿਆ ਦੇ ਕੰਢੇ ਖੜ੍ਹੇ ਇਸੇ ਬੋਹੜ ਦੇ ਹੇਠਾਂ ਸਤਾਰ੍ਹਵੀਂ ਸਦੀ ਦੇ ਅੱਧ ਵਿਚ ਬਾਬਾ ਪਿਲੰਗਪੋਸ਼ ਨੇ ਆਪਣੀ ਕੁਟੀਆ ਬਣਾਈ ਸੀ। ਜੰਗਲੇ ਦੇ ਪਿੱਛੇ ਲਗਾਤਾਰ ਚੱਲ ਰਹੀ ਪਣਚੱਕੀ ਵਿਖਾ ਕੇ ਉਸਨੇ ਦੱਸਿਆ ਕਿ ਇਹ ਸਥਾਨ ਅਸਲ ਵਿਚ ਹਜ਼ਰਤ ਬਾਬਾ ਸ਼ਾਹ ਮੁਸਾਫਿਰ ਦਾ ਤਕੀਆ ਸੀ। ਇਥੇ ਜੁੜਨ ਵਾਲੇ ਫਕੀਰਾਂ, ਗਰੀਬਾਂ ਤੇ ਯਤੀਮਾਂ ਨੂੰ ਭੋਜਨ ਕਰਾਉਣ ਲਈ ਹੀ ਇਸ ਚੱਕੀ ਦਾ ਇੰਤਜ਼ਾਮ ਕੀਤਾ ਗਿਆ ਸੀ। ਇਸ ਵਿਚ ਇਕੋ ਵੇਲੇ ਇਕ ਕੁਇੰਟਲ ਦਾ ਪੀਹਣ ਪਾਇਆ ਜਾ ਸਕਦਾ ਸੀ।

ਪਣਚੱਕੀ ਵੇਖ ਕੇ ਮੁੜ ਆਟੋ ਫੜਿਆ ਤੇ 'ਬੀਬੀ ਕਾ ਮਕਬਰਾ' ਵੇਖਣ ਪਹੁੰਚ ਗਏ। ਇਹ ਮਕਬਰਾ ਔਰੰਗਜ਼ੇਬ ਦੀ ਪਹਿਲੀ ਬੀਵੀ ਦਿਲਰਾਸ ਬਾਨੂ (1622-1657) ਦੀ ਯਾਦ ਵਿਚ ਬਣਾਇਆ ਗਿਆ ਸੀ। ਦਿਲਰਸ ਦੀ ਮੌਤ ਤੋਂ ਦੋ ਵਰ੍ਹਿਆਂ ਬਾਅਦ ਔਰੰਗਜ਼ੇਬ ਮੁਗ਼ਲ ਸਲਤਨਤ ਦਾ ਬਾਦਸ਼ਾਹ ਬਣਿਆ। ਉਸਨੇ ਆਪਣੀ ਬੀਵੀ, ਜਿਸਨੂੰ ਮੌਤ ਤੋਂ ਬਾਅਦ 'ਰਬੀਆ-ਉਦ-ਦੌਰਾਨੀ' ਦਾ ਖਿਤਾਬ ਦਿੱਤਾ ਗਿਆ ਸੀ, ਦੀ ਯਾਦ ਵਿਚ ਮਕਬਰਾ ਉਸਾਰਨ ਦੇ ਹੁਕਮ ਦਿੱਤੇ। ਇਮਾਰਤਸਾਜ਼ ਦਾ ਕੰਮ ਤਾਜ ਮਹਿਲ ਦੇ ਮੁੱਖ ਇਮਾਰਤਸਾਜ਼ ਉਸਤਾਦ ਅਹਿਮਦ ਲਾਹੌਰੀ ਦੇ ਪੁੱਤਰ ਅਤਾ-ਉੱਲਾ ਨੂੰ ਸੌਂਪਿਆ ਗਿਆ। ਅਤਾ-ਉੱਲਾ ਨੇ ਬੀਬੀ ਦੇ ਮਕਬਰੇ ਨੂੰ ਮੁਮਤਾਜ ਮਹਿਲ ਦੇ ਮਕਬਰੇ ਦੀ ਹੂਬਹੂ ਤਰਜ਼ ਉੱਤੇ ਵਿਉਂਤਿਆ। ਕਈ ਸਾਲ ਪਹਿਲਾਂ ਬਣੇ ਤਾਜ ਮਹਿਲ ਉੱਤੇ ਤਿੰਨ ਕਰੋੜ ਰੁਪਏ ਤੋਂ ਵੱਧ ਖਰਚ ਆਇਆ ਸੀ। ਔਰੰਗਜ਼ੇਬ ਏਨਾ ਖਰਚਾ ਨਹੀਂ ਸੀ ਕਰਨਾ ਚਾਹੁੰਦਾ। ਉਸਨੇ ਇਸ ਮਕਬਰੇ ਲਈ ਸੱਤ ਲੱਖ ਤੋਂ ਵੀ ਘੱਟ ਰੁਪਏ ਮੁਹੱਈਆ ਕਰਵਾਏ। ਵੱਡੀ ਕਿਰਸ ਨਾਲ ਬਣੇ ਇਸ ਮਕਬਰੇ ਦੀ ਤੋਈ ਤੱਕ ਅਤੇ ਗੁੰਬਦ ਲਈ ਤਾਂ ਚਿੱਟਾ ਸੰਗਮਰਮਰ ਵਰਤਿਆ ਗਿਆ, ਪਰੰਤੂ ਬਾਕੀ ਉਸਾਰੀ ਵਿਚ ਬਸਾਲਟੀ ਚਟਾਨ ਦੀ ਚਿਨਾਈ ਕਰ ਕੇ ਉਪਰੋਂ ਚੂਨਾ-ਪਲਸਤਰ ਕਰ ਦਿੱਤਾ ਗਿਆ। ਇਸੇ ਲਈ ਇਸ ਮਕਬਰੇ ਨੂੰ 'ਗਰੀਬ ਤਾਜ' ਜਾਂ 'ਮਿੰਨੀ ਤਾਜ' ਵੀ ਆਖਿਆ ਜਾਂਦਾ ਹੈ। ਔਰੰਗਜ਼ੇਬ ਨੇ ਆਪਣੇ ਰਾਜ ਦੌਰਾਨ ਸਿਰਫ ਦੋ ਹੀ ਵੱਡੀਆਂ ਇਮਾਰਤਾਂ ਉਸਾਰੀਆਂ, ਇਕ ਇਹ ਮਕਬਰਾ ਤੇ ਦੂਜੀ ਲਾਹੌਰ ਵਾਲੀ 'ਬਾਦਸ਼ਾਹੀ ਮਸਜਿਦ'। ਇਸ ਪੱਖੋਂ ਉਹ ਆਪਣੇ ਬਾਪ ਸ਼ਾਹਜਹਾਂ ਤੋਂ ਉਲਟਾ ਨਿਕਲਿਆ। ਸ਼ਾਹਜਹਾਂ ਨੇ ਆਪਣੇ ਸ਼ਾਸਨਕਾਲ ਦੌਰਾਨ ਆਗਰੇ ਦੇ ਤਾਜ ਮਹਿਲ, ਆਗਰੇ ਦੇ ਕਿਲੇ, ਦਿੱਲੀ ਦੇ ਲਾਲ ਕਿਲੇ, ਜਾਮਾ ਮਸਜਿਦ, ਤਖਤ-ਏ-ਤਾਊਸ, ਲਾਹੌਰ ਦੀ ਮੋਤੀ ਮਸਜਿਦ, ਵਜ਼ੀਰ ਖਾਨ ਮਸਜਿਦ ਤੇ ਸ਼ਾਲੀਮਾਰ ਬਾਗ਼ ਵਰਗੇ ਵਿਸ਼ਾਲ ਅਜੂਬੇ ਉਸਾਰੇ, ਜਿਹੜੇ ਮੱਧਕਾਲੀ ਭਾਰਤ ਦੀ ਇਮਾਰਤਸਾਜ਼ੀ ਦੇ ਆਲੀਸ਼ਾਨ ਨਮੂਨੇ ਮੰਨੇ ਜਾਂਦੇ ਹਨ। ਇਮਾਰਤਸਾਜ਼ੀ ਦੇ ਪੱਖੋਂ ਬੀਬੀ ਕਾ ਮਕਬਰਾ ਆਗਰੇ ਵਾਲੇ ਤਾਜ ਮਹੱਲ ਦਾ ਪ੍ਰਤਿਰੂਪ ਹੀ ਜਾਪਦਾ ਹੈ। ਵਿਚਕਾਰ ਸਫੇਦ ਗੋਲ ਗੁੰਬਦ, ਚੌਹੀਂ ਪਾਸੀਂ ਉੱਚੀਆਂ ਮੀਨਾਰਾਂ, ਸਾਹਮਣੇ ਪਾਣੀ ਵਾਲੀ ਨਹਿਰ ਤੇ ਆਲੇ-ਦੁਆਲੇ ਚੌਕੋਰ ਬਾਗ। ਆਮ ਬੋਲਚਾਲ ਵਿਚ ਇਸਨੂੰ 'ਦੱਖਣੀ ਤਾਜ' ਵੀ ਆਖਦੇ ਹਨ। ਸਸਤੇ ਮਟੀਰੀਅਲ ਤੇ 334 ਵਰ੍ਹਿਆਂ ਦੀਆਂ ਧੁੱਪਾਂ-ਮੀਹਾਂ ਦੀ ਮਾਰ ਸਹਿ ਚੁੱਕੇ ਇਸ ਮਕਬਰੇ ਦੇ

ਅਹਾਤੇ ਵਿਚ ਘੁੰਮਦਿਆਂ ਹੋਇਆਂ ਅੱਜ ਵੀ ਸਾਨੂੰ ਇਸਦੀ ਚੁੱਪ ਤੇ ਚੈਨ ਆਗਰੇ ਦੇ ਤਾਜ ਮਹੱਲ ਵਾਂਗ ਹੀ ਟੁੰਭ ਰਹੀ ਹੈ। ਸ਼ਾਨ ਭਾਵੇਂ ਘੱਟ ਹੋਵੇ, ਪਰ ਸ਼ਾਂਤੀ ਵਧੇਰੇ ਹੈ, ਹਰਲ਼-ਹਰਲ਼ ਕਰਦੇ ਸੈਲਾਨੀਆਂ ਦੀ ਭੀੜ ਤੋਂ ਸੱਖਣੇ ਇਸ ਮਕਬਰੇ ਵਿਚ!ਦੂਰ ਦਿਸਹੱਦੇ ’ਤੇ ਸੂਰਜ ਡੁੱਬ ਰਿਹਾ ਹੈ। ਅਸੀਂ ਬੀਬੀ ਦੇ ਮਕਬਰੇ ਦੇ ਚਬੂਤਰੇ ਉੱਤੇ ਇਕ ਬਨੇਰੇ ਨਾਲ ਢੋਅ ਲਾ ਕੇ ਬਹਿ ਜਾਂਦੇ ਹਾਂ ਤੇ ਹੇਠਾਂ ਨੂੰ ਡਿਗਦੇ ਸੂਰਜ ਨੂੰ ਟਿਕਟਿਕੀ ਲਾ ਕੇ ਤੱਕਦੇ ਰਹਿੰਦੇ ਹਾਂ। ਅੱਖਾਂ ਤੋਂ ਓਹਲੇ ਹੋਣ ਤੋਂ ਪਹਿਲਾਂ ਸੂਰਜ ਦਾ ਗੋਲਾ ਵੱਡਾ ਵੀ ਹੁੰਦਾ ਜਾਂਦਾ ਹੈ ਤੇ ਕਈ ਰੰਗ ਵੀ ਬਦਲਦਾ ਹੈ। ਬੀਬੀ ਦੇ ਮਕਬਰੇ ਦੀ ਚਿੱਟੀ ਕੈਨਵੈਸ ਉੱਤੇ ਵੀ ਕੁਦਰਤ ਨੇ ਪਹਿਲਾਂ ਕਈ ਰੰਗਾਂ ਦੇ ਬੁਰਸ਼ ਵਾਰੋ-ਵਾਰੀ ਅਜਮਾਏ, ਤੇ ਫੇਰ ਸਾਰੀ ਕਲਾਕ੍ਰਿਤੀ ਉੱਤੇ ਸ਼ਾਮ ਦਾ ਸੁਰਮਈ ਰੰਗ ਭਰ ਦਿੱਤਾ। ਘੁਸਮੁਸੇ ਵਿਚ ਕਲਭਰਮਾ ਚੌਗਿਰਦਾ ਹੋਰ ਵੀ ਰਹੱਸਮਈ ਹੋ ਗਿਆ ਸੀ। ਇਸ ਮਾਹੌਲ ਵਿਚੋਂ ਨਿਕਲਣ ਦੀ ਸਾਡੀ ਉੱਕਾ ਹੀ ਮਰਜ਼ੀ ਨਹੀਂ, ਪਰੰਤੂ ਸਾਨੂੰ ਪਤਾ ਹੈ ਕਿ ਜੇ ਅਸੀਂ ਕੁਝ ਦੇਰ ਹੋਰ ਇਥੋਂ ਨਾ ਹਿੱਲੇ, ਤਾਂ ਮਕਬਰੇ ਦੇ ਰਖਵਾਲੇ ਕਰਮਚਾਰੀ ਸਾਨੂੰ ਬਾਹਰ ਦਾ ਰਾਹ ਵਿਖਾਉਣ ਪੁੱਜ ਜਾਣਗੇ। ਸੋ ਪੈਰ ਘਸੀਟਦੇ-ਘਸੀਟਦੇ ਅਸੀਂ ਬਾਹਰਲੇ ਗੇਟ ਵੱਲ ਟੁਰ ਪੈਂਦੇ ਹਾਂ।

ਗੇਟ ਦੇ ਬਾਹਰ ਪੈਰ ਰੱਖਦਿਆਂ ਹੀ ਆਟੋ ਰਿਕਸ਼ੇ ਵਾਲੇ ਸਾਨੂੰ ਇਕਦਮ ਵਰਤਮਾਨ ਵਿਚ ਮੋੜ ਲਿਆਉਂਦੇ ਹਨ। ਜਿਸ ਹੋਟਲ ਤੋਂ ਟੁੱਟਵੇਂ ਆਟੋ ਲੈ ਕੇ, ਤੇ ਵਲ਼ ਪਾ ਕੇ, ਅਸੀਂ ਸੌ ਰੁਪਏ ਵਿਚ ਇਥੇ ਅੱਪੜੇ ਸਾਂ, ਹੁਣ ਉਥੇ ਪੁਚਾਣ ਦੇ ਇਹ ਸਾਥੋਂ ਦੋ ਸੌ ਰੁਪਏ ਮੰਗ ਰਹੇ ਹਨ। ਸਿਰਫ ਇਸਲਈ, ਕਿਉਂਕਿ ਇਹ ਸੋਚਦੇ ਹਨ ਕਿ ਟੂਰਿਸਟਾਂ ਨੂੰ ਠੱਗਣ ਤੇ ਲੁੱਟਣ ਦਾ ਇਨ੍ਹਾਂ ਦਾ ਜਨਮ-ਸਿੱਧ ਅਧਿਕਾਰ ਹੈ। ਇਸ ਮਾਮਲੇ ਵਿਚ ਸਾਡਾ ਮਹਾਨ ਭਾਰਤ ਸੱਚੀਂਮੁੱਚੀਂ ਇਕਮੁੱਠ ਹੈ। ਔਰੰਗਾਬਾਦ ਦੇ ਆਟੋ ਰਿਕਸ਼ੇ ਵਾਲੇ ਕੋਈ ਅਨੋਖੇ ਨਹੀਂ। ਇਨ੍ਹਾਂ ਨਾਲ ਖਹਿਬੜਬਾਜ਼ੀ ਤੇ ਦਲੀਲਬਾਜ਼ੀ ਵਿਚ ਪੈ ਕੇ ਅਸੀਂ ਮਕਬਰੇ ਦਾ ਸੁਆਦ ਕਿਰਕਿਰਾ ਨਹੀਂ ਕਰਨਾ ਚਾਹੁੰਦੇ। ਪਹਿਲਾਂ ਚਾਹ ਦੀ ਤਲਬ ਹੀ ਪੂਰੀ ਕਰ ਲੈਂਦੇ ਹਾਂ। ਸੜਕੋਂ ਪਾਰਲੀ ਦੁਕਾਨ ’ਤੇ ਪਹੁੰਚ ਕੇ ਚਾਹ ਦੇ ਨਾਲ ਭੇਲਪੁਰੀ ਮੰਗਵਾਉਂਦੇ ਹਾਂ। ਭੇਲਪੁਰੀ ਮਹਾਰਾਸ਼ਟਰ ਦੇ ਲੋਕਾਂ ਦਾ ਮਨਭਾਉਂਦਾ ਨੁਕਲ ਹੈ। ਫੁੱਲੀਆਂ (ਕੁਰਮੁਰੇ), ਭੁਜੀਆ, ਪਾਪੜੀ, ਉਬਲੇ ਆਲੂ ਤੇ ਪਿਆਜ ਆਦਿ ਮਿਲਾ ਕੇ ਉਨ੍ਹਾਂ ਉੱਪਰ ਇਮਲੀ ਦੀ ਮਿੱਠੀ ਚਟਨੀ, ਧਨੀਏ ਪੁਦੀਨੇ ਦੀ ਹਰੀ ਚਟਨੀ, ਕਾਲਾ ਲੂਣ, ਨਿੰਬੂ ਤੇ ਹਰਾ ਧਨੀਆ ਆਦਿ ਪਾ ਕੇ ਤਿਆਰ ਕੀਤੀ ਜਾਂਦੀ ਇਹ ਚਾਟ ਸੁਆਦ ਵੀ ਹੁੰਦੀ ਹੈ ਤੇ ਬਣ ਵੀ

ਫਟਾਫਟ ਜਾਂਦੀ ਹੈ। ਫੇਰਵੀ ਜਿਵੇਂ ਹਰ ਗੋਲਗੱਪੇ ਵਾਲੇ ਦੇ ਗੋਲਗੱਪਿਆਂ ਦੇ ਸੁਆਦ ਵਿਚ ਫਰਕ ਹੁੰਦਾ ਹੈ, ਉਵੇਂ ਹੀ ਹਰ ਭੇਲਵਾਲੇ ਦੀ ਭੇਲਪੁਰੀ ਵੀ ਵੱਖਰੀ ਹੁੰਦੀ ਹੈ। ਅੱਜ ਵਾਲੀ ਸਾਡੀ ਭੇਲਪੁਰੀ ਤਾਂ ਦਰਮਿਆਨੀ ਤੋਂ ਵੀ ਊਣੀ ਨਿਕਲੀ। ਅੱਧੀ-ਪਚੱਧੀ ਖਾ ਕੇ ਅਸੀਂ ਪੈਦਲ ਹੀ ਸ਼ਹਿਰ ਵੱਲ ਨੂੰ ਤੁਰ ਪੈਂਦੇ ਹਾਂ। ਅਜੇ ਦਸ-ਪੰਦਰਾਂ ਕਦਮ ਹੀ ਚੱਲੇ ਹੋਵਾਂਗੇ ਕਿ ਇਕ ਆਟੋ ਰਿਕਸ਼ਾ ਟੱਕਰ ਗਿਆ। ਉਹ ਅੱਸੀਆਂ ਰੁਪਈਆਂ ’ਚ ਸਾਨੂੰ ਸਾਡੇ ਹੋਟਲ ਲੈ ਆਇਆ।

# 2. ਏਲੋਰਾ ਦੀ ਰੀਸ ਨਹੀਂ



ਇਥਿਓਪੀਆ ਦੇ ਹਬਸ਼ੀ ਕਬੀਲੇ ’ਚ ਜੰਮਿਆ ਮਲਿਕ ਅੰਬਰ (1549-1626) ਅਜੇ ਨਿੱਕਾ ਜਿਹਾ ਬਾਲ ਹੀ ਸੀ, ਜਦੋਂ ਉਸਦੇ ਗਰੀਬ ਮਾਪਿਆਂ ਨੇ ਉਸ ਨੂੰ ਕਿਸੇ ਅਮੀਰਜ਼ਾਦੇ ਕੋਲ ਵੇਚ ਦਿੱਤਾ। ਤਿੰਨ-ਚਾਰ ਵਾਰ ਅੱਗੇ ਤੋਂ ਅੱਗੇ ਵਿਕਣ ਤੋਂ ਬਾਅਦ ਇਸ ਗੁਲਾਮ ਬੱਚੇ ਦਾ ਮਾਲਕ ਮੀਰ ਕਾਸਿਮ ਅਲ-ਬਗਦਾਦੀ ਉਸਨੂੰ ਭਾਰਤ ਲੈ ਆਇਆ। ਸਮਾਂ ਪਾ ਕੇ ਇਹੋ ਗੁਲਾਮ ਅਹਿਮਦਨਗਰ ਦੀ ਨਿਜ਼ਾਮਸ਼ਾਹੀ ਦਾ ਕਾਇਮ-ਮੁਕਾਮ ਹਾਕਮ ਬਣ ਨਿਬੜਿਆ। ਆਪਣੇ ਕਾਰਜਕਾਲ ਦੌਰਾਨ (1607-1626) ਉਸਨੇ ਇਕ ਵੱਡੀ ਫੌਜ ਖੜੀ ਕੀਤੀ ਅਤੇ ਮੁਰਤਜ਼ਾ ਨਿਜ਼ਾਮ ਸ਼ਾਹ ਦੇ ਰਾਜ ਖੇਤਰ ਵਿਚ ਚੋਖਾ ਵਾਧਾ ਕੀਤਾ। ਸ਼ਾਹ ਜਹਾਂ ਵਲੋਂ ਆਪਣੀ ਮਤਰੇਈ

ਮਾਂ ਨੂਰ ਜਹਾਂ ਤੋਂ ਤਾਕਤ ਖੋਹਣ ਵਿਚ ਇਸੇ ਮਲਿਕ ਅੰਬਰ ਨੇ ਉਸਦੀ ਮਦਦ ਕੀਤੀ ਸੀ। ਇਸੇ ਮਲਿਕ ਅੰਬਰ ਨੇ 1610 ਵਿਚ ਖੜਕੀ ਨਾਂਅ ਦਾ ਸ਼ਹਿਰ ਵਸਾਇਆ, ਜਿਥੇ ਪੀਣ ਵਾਲੇ ਪਾਣੀ ਦੀ ਪੂਰਤੀ ਲਈ ਉਸਨੇ ਨਹਿਰੀ ਪ੍ਰਣਾਲੀ ਈਜਾਦ ਕੀਤੀ, ਜਿਸਨੂੰ ਅੱਜ ਦੇ ਦਿਨ ਵੀ ਕਿਸੇ ਅਜੂਬੇ ਤੋਂ ਉੂਣਾ ਨਹੀਂ ਮੰਨਿਆ ਜਾਂਦਾ। ਇਸ ਨਹਿਰੀ ਪ੍ਰਾਜੈਕਟ ਨੂੰ ਵਜ਼ੀਰ ਮੁੱਲਾ ਮੁਹੰਮਦ ਨੇ ਅਜਿਹਾ ਸੁਪਨਾ ਦੱਸਿਆ, ਜਿਸਨੂੰ ਪੂਰਾ ਕਰਨ ਲਈ 'ਉਮਰ ਏ ਨੋਹ' 'ਸਬਰ ਏ ਆਯੂਬ' ਅਤੇ 'ਖਜ਼ਾਨਾ ਏ ਖਰੂਨ' ਦੀ ਜ਼ਰੂਰਤ ਪਵੇਗੀ। ਪਰੰਤੂਮਲਿਕ ਅੰਬਰ ਨੇ ਇਸਨੂੰ ਢਾਈ ਲੱਖ ਰੁਪਏ ਦੇ ਖਰਚੇ ਨਾਲ ਮਹਿਜ਼ ਸਵਾ ਸਾਲ ਵਿਚ ਪੂਰਾ ਕਰ ਵਿਖਾਇਆ ਸੀ। ਮਲਿਕ ਅੰਬਰ ਦੀ ਮੌਤ ਤੋਂ ਬਾਅਦ ਉਸਦੇ ਪੁੱਤਰ ਫਤਿਹ ਖਾਨ ਨੇ ਖੜਕੀ ਸ਼ਹਿਰ ਦਾ ਨਾਂਅ ਬਦਲ ਕੇ ਫਤਿਹਨਗਰ ਕਰ ਦਿੱਤਾ ਸੀ।

ਮੁਗ਼ਲ ਬਾਦਸ਼ਾਹ ਸ਼ਾਹਜਹਾਂ ਦਾ ਪੁੱਤਰ ਔਰੰਗਜ਼ੇਬ 1653 ਵਿਚ ਦੱਖਣ ਦਾ ਸੂਬੇਦਾਰ ਬਣਿਆ ਤਾਂ ਉਸਨੇ 'ਫਤਿਹਨਗਰ' ਦਾ ਨਾਂਅ ਬਦਲ ਕੇ 'ਔਰੰਗਾਬਾਦ' ਰੱਖ ਦਿੱਤਾ। ਸੱਨਅਤੀ ਤਰੱਕੀ ਦੇ ਹਿਸਾਬ ਨਾਲ ਅੱਜ ਇਹ ਮਹਾਰਾਸ਼ਟਰ ਦਾ ਚੌਥਾ ਵੱਡਾ ਸ਼ਹਿਰ ਹੈ ਤੇ ਆਬਾਦੀ ਦੇ ਹਿਸਾਬ ਨਾਲ ਪੰਜਵਾਂ। ਸੈਲਾਨੀਆਂ ਦਾ ਇਹ ਵੱਡਾ ਅੱਡਾ ਹੈ ਕਿਉਂਕਿ ਦੋ ਵਿਸ਼ਵ ਵਿਰਾਸਤਾਂ, ਅਜੰਤਾ ਤੇ ਏਲੋਰਾ, ਇਥੋਂ ਨੇੜੇ ਪੈਂਦੀਆਂ ਹਨ। ਭਾਰਤ ਭਰ ਦੇ ਅਮੀਰ ਮੰਦਰਾਂ ਵਿਚ ਉਪਰੋਂ ਦੂਜੇ ਪੌਡੇ ਉੱਤੇ ਬੈਠਾ ਸ਼ਿਰੜੀ ਦੇ ਸਾਂਈ ਬਾਬਾ ਦਾ ਮੰਦਰ ਵੀ ਇਥੋਂ ਦੂਰ ਨਹੀਂ। ਗੋਦਾਵਰੀ ਨਦੀ ਦੇ ਕੰਢੇ 'ਤੇ ਵਸਿਆ ਨੰਦੇੜ ਸਾਹਿਬ, ਜਿਥੇ ਸਿੱਖਾਂ ਦੇ ਪੰਜਾਂ ਤਖਤਾਂ ਵਿਚੋਂ ਇਕ, ਸ੍ਰੀ ਹਜ਼ੂਰ ਸਾਹਿਬ, ਸਥਿਤ ਹੈ, ਵੀ ਇਸੇ ਇਲਾਕੇ, ਭਾਵ ਮਰਾਠਵਾੜੇ ਵਿਚ ਆਉਂਦਾ ਹੈ।

ਏਲੋਰਾ ਇਥੋਂ ਕੋਈ ਤੀਹ ਕਿਲੋਮੀਟਰ ਦੂਰ ਹੈ। ਔਰੰਗਜ਼ੇਬ ਦੀ ਕਬਰ ਅਤੇ ਦੌਲਤਾਬਾਦ ਦਾ ਕਿਲਾ ਵੀ ਉਧਰਲੇ ਪਾਸੇ ਹੀ ਹਨ। ਅੱਜ ਸਾਡਾ ਇਹ ਤਿੰਨੋਂ ਥਾਵਾਂ ਵੇਖਣ ਦਾ ਪ੍ਰੋਗਰਾਮ ਹੈ। ਬੱਸ ਰਾਹੀਂ ਜਾਈਏ ਤਾਂ ਇਕੋ ਦਿਨ ਵਿਚ ਸਭ ਕੁਝ ਵੇਖ ਸਕਣਾ ਮੁਸ਼ਕਲ ਹੈ। ਆਟੋ ਲੈ ਕੇ ਜਾ ਸਕਦੇ ਹਾਂ, ਪਰੰਤੂ ਮਿੱਟੀ ਘੱਟੇ ਨਾਲ ਮੂੰਹ ਸਿਰ ਵੀ ਭਰੇਗਾ, ਹੁਝਕੇ ਵੀ ਸਹਿਣੇ ਪੈਣਗੇ, ਤੇ ਮੈਨੂੰ ਹਰ ਵੇਲੇ ਨੱਕ ਉੱਤੇ ਰੁਮਾਲ ਵੀ ਬੰਨ੍ਹ ਕੇ ਰੱਖਣਾ ਪਊ, ਨਹੀਂ ਤਾਂ ਧੂੜ ਦੀ ਅਲਰਜੀ ਅੱਜ ਹੀ ਲੈ ਬੈਠੂ। ਸਰਫਾ ਕਰ ਕੇ ਸੁੱਤੀ ਦਾ ਆਟਾ ਕਿਤੇ ਕੁੱਤੀ ਹੀ ਨਾ ਲੈ ਜਾਵੇ!

ਇਸਲਈ ਰੇਟ-ਭਾੜੇ ਬਾਰੇ ਪਤਾ ਸੁਰ ਲਾ ਕੇ ਅੱਜ ਪੂਰੇ ਦਿਨ ਲਈ ਅਸੀਂ ਸਾਲਮ ਟੈਕਸੀ ਕਿਰਾਏ ’ਤੇ ਲੈ ਲਈ ਹੈ। ਸਭ ਤੋਂ ਪਹਿਲਾਂ ਸਿੱਧੇ ਏਲੋਰਾ ਪਹੁੰਚਦੇ ਹਾਂ। ਗੇਟ ਉੱਤੇ ਦਾਖਲਾ ਟਿਕਟਾਂ ਲੈਣ ਵੇਲੇ ਇਕ ਗਾਈਡ ਵੀ ਨਾਲ ਲੈ ਲੈਂਦੇ ਹਾਂ, ਕਿਉਂਕਿ ਅਜਿਹੀਆਂ ਥਾਂਵਾਂ ’ਤੇ ਬਿਨਾ ਗਾਈਡ ਤੋਂ ਕੁਝ ਖਾਸ ਪੱਲੇ ਨਹੀਂ ਪੈਂਦਾ। ਮੇਰੇ ਵਿਚਾਰ ਮੁਤਾਬਕ ਸੈਲਾਨੀ ਹੋਰ ਜਿੰਨੇ ਮਰਜ਼ੀ ਸਰਫੇ ਕਰ ਲਵੇ, ਪਰੰਤੂ ਗਾਈਡ ਦੇ ਮਾਮਲੇ ਵਿਚ ਕਿਰਸ ਨਾ ਕਰੇ ਤਾਂ ਚੰਗਾ ਹੈ, ਕਿਉਂਕਿ ਵਾਰ-ਵਾਰ ਤਾਂ ਇਹ ਥਾਂਵਾਂ ਵੇਖਣ ਜਾਇਆ ਨਹੀਂ ਜਾਂਦਾ!

ਪ੍ਰਾਚੀਨ ਸਮੇਂ ਤੋਂ ਭਾਰਤ ਵਿਚ ਗੁਫਾਵਾਂ ਨੂੰ ਪਵਿਤਰ ਮੰਨਿਆ ਜਾਂਦਾ ਹੈ। ਪਹਿਲਾਂ ਪਹਿਲ ਸ਼ਰਨ ਅਤੇ ਭਗਤੀ-ਮੁਕਾਮ ਦੇ ਮਕਸਦ ਲਈ ਭਿਕਸ਼ੂ ਕੁਦਰਤੀ ਗੁਫਾਵਾਂ ਨੂੰ ਹੀ ਵਰਤਦੇ ਸਨ। ਫੇਰ ਉਨ੍ਹਾਂ ਨੇ ਕਟਾਈ ਕਰ ਕੇ ਉਨ੍ਹਾਂ ਗੁਫਾਵਾਂ ਨੂੰ ਚੌੜਾ ਕਰਨਾ ਅਤੇ ਸ਼ਿੰਗਾਰਨਾ ਸ਼ੁਰੂ ਕੀਤਾ। ਬਾਅਦ ਵਿਚ ਕੁਝ ਚੱਟਾਨਾਂ ਨੂੰ ਮੁੱਢੋਂ-ਸੁੱਢੋਂ ਘੜ ਕੇ ਗੁਫਾਵਾਂ ਬਣਾਉਣੀਆਂ ਸ਼ੁਰੂ ਕੀਤੀਆਂ। ਬਾਰਿਸ਼ ਤੋਂ ਬਚਾਅ ਅਤੇ ਪੂਜਾ ਸਥਾਨ ਦੇ ਮਕਸਦ ਤੋਂ ਇਲਾਵਾ ਹੌਲੀ-ਹੌਲੀ ਇਨ੍ਹਾਂ ਗੁਫਾਵਾਂ ਨੂੰ ਭਿਕਸ਼ੂਆਂ ਵਲੋਂ ਧਰਮ ਪਰਚਾਰ ਅਤੇ ਧਾਰਮਕ ਵਿਦਿਆ ਦੇ ਕੇਂਦਰਾਂ ਵਜੋਂ ਵੀ ਵਰਤਿਆ ਜਾਣ ਲੱਗਾ। ਭਾਰਤ ਵਿਚ ਅਜਿਹੀਆਂ 1500 ਦੇ ਕਰੀਬ ਗੁਫਾਵਾਂ ਮੌਜੂਦ ਹਨ। ਇਨ੍ਹਾਂ ਵਿਚੋਂ ਸਭ ਤੋਂ ਪੁਰਾਣੀ ਗੁਫਾ ਬਿਹਾਰ ਵਿਚ ਸਥਿਤ ਤੀਜੀ ਸਦੀ ਈਸਾ ਪੂਰਵ ਦੀ ‘ਬਰਾਬਰ’ ਗੁਫਾ ਹੈ। ਬੋਧੀ ਭਿਕਸ਼ੂਆਂ ਨੇ ਵਪਾਰੀਆਂ ਨੂੰ ਆਪਣੇ ਵੱਲ ਖਿੱਚਣ ਲਈ ਜ਼ਿਆਦਾਤਰ ਗੁਫਾਵਾਂ ਰੇਸ਼ਮ ਤੇ ਮਸਾਲਿਆਂ ਵਾਲੇ ਵਪਾਰ ਰਾਹਾਂ ਉੱਤੇ ਬਣਾਈਆਂ। ਤਕਰੀਬਨ ਹਰ ਤੀਹਾਂ ਕਿਲੋਮੀਟਰਾਂ ਦੇ ਫਾਸਲੇ ਉੱਤੇ ਭਿਕਸ਼ੂਆਂ ਨੇ ਅਜਿਹੀਆਂ ਗੁਫਾਵਾਂ ਦਾ ਨਿਰਮਾਣ ਕੀਤਾ। ਸਮਝਿਆ ਜਾਂਦਾ ਹੈ ਕਿ ਪੁਰਾਣੇ ਵੇਲਿਆਂ ਵਿਚ ਪੈਦਲ ਯਾਤਰੂ ਇਕ ਦਿਨ ਵਿਚ ਏਨਾ ਕੁ ਪੈਂਡਾ ਤੈਅ ਕਰ ਕੇ ਰੈਣ ਬਸੇਰਾ ਲੋੜਦਾ ਸੀ।

ਏਲੋਰਾ ਦਾ ਨਾਂਅ ਨਾਲ ਲਗਦੇ ਪਿੰਡ ‘ਵੈਰੂਲ’ ਤੋਂ ਪਿਆ ਦੱਸਿਆ ਜਾਂਦਾ ਹੈ। ਅੰਗਰੇਜ਼ਾਂ ਨੇ ਵੈਰੂਲ ਦਾ ਉਚਾਰਨ ‘ਏਲੂਰ’ ਕੀਤਾ, ਜਿਵੇਂ ਵਾਰਾਨਸੀ ਨੂੰ ਉਨ੍ਹਾਂ ਨੇ `ਬਨਾਰਸ` ਉਚਾਰਿਆ ਸੀ। ਏਲੂਰ ਹੌਲੀ-ਹੌਲੀ ‘ਏਲੋਰ’ ਹੋ ਗਿਆ; ਤੇ ਜਿਵੇਂ ‘ਰਾਮ’ ਅੰਗਰੇਜ਼ੀ ਵਿਚ ‘ਰਾਮਾ’ ਹੋ ਗਿਆ ਤੇ ‘ਕ੍ਰਿਸ਼ਨ’ - ‘ਕ੍ਰਿਸ਼ਨਾ’, ਐਨ ਉਵੇਂ ਹੀ ‘ਏਲੋਰ’ ਦਾ ‘ਏਲੋਰਾ’ ਬਣ ਗਿਆ। ਅਜਿਹੀ

ਪ੍ਰਕਿਰਿਆ ਦਾ ਕਾਰਨ ਇਹ ਹੈ ਕਿ ਜਦੋਂ ਅੰਗਰੇਜ਼ੀ ਦੇ ਕਿਸੇ ਲਫਜ਼ ਦੇ ਅਖੀਰ ਵਿਚ ਆਉਂਦੇ ਵਿਅੰਜਨ ਦਾ ਪੂਰਨ ਉਚਾਰਨ ਕਰਨਾ ਹੋਵੇ ਤਾਂ ਉਸਦੇ ਨਾਲ ਸ੍ਵਰ-ਅੱਖਰ 'ਏ' ਜੋੜਿਆ ਜਾਂਦਾ ਹੈ। ਇੰਝ ਲਿਖੇ ਹੋਏ ਲਫਜ਼ ਨੂੰ ਪੜ੍ਹਨ ਵੇਲੇ ਅਕਸਰ ਅਸੀਂ 'ਕੰਨਾ' (ਾ) ਲੱਗੇ ਲਫਜ਼ ਵਾਂਗ ਪੜ੍ਹਨ ਲਗਦੇ ਹਾਂ।

ਏਲੋਰਾ ਵਿਚ ਗੁਫਾਵਾਂ ਦੀ ਕੁੱਲ ਗਿਣਤੀ 90 ਤੋਂ ਵੀ ਵੱਧ ਹੈ, ਜਿਨ੍ਹਾਂ ਵਿਚੋਂ ਕਈ ਤਾਂ ਮੁਕੰਮਲ ਨਾ ਹੋਈਆਂ, ਤੇ ਕਈ ਸਮੇਂ ਦੀ ਮਾਰ ਨਾਲ ਏਨੀਆਂ ਖਰਾਬ ਹੋ ਗਈਆਂ ਕਿ ਉਨ੍ਹਾਂ ਵਿਚ ਵੇਖਣ-ਵਿਖਾਣ ਵਾਲੀ ਕੋਈ ਗੱਲ ਨਹੀਂ ਰਹੀ। ਇਸਲਈ ਪੁਰਾਤੱਤਵ ਸਰਵੇਖਣ ਵਿਭਾਗ ਨੇ ਸਿਰਫ 34 ਗੁਫਾਵਾਂ ਨੂੰ ਹੀ ਨੰਬਰ ਦਿੱਤੇ ਹੋਏ ਹਨ, ਜਿਹੜੀਆਂ ਦੱਖਣ ਤੋਂ ਸ਼ੁਰੂ ਹੋ ਕੇ ਉੱਤਰ ਵੱਲ ਨੂੰ ਦੋ ਕਿਲੋਮੀਟਰ ਦੇ ਫਾਸਲੇ ਵਿਚ ਫੈਲੀਆਂ ਹੋਈਆਂ ਹਨ। ਪਹਿਲੀਆਂ 12 ਬੋਧੀ ਗੁਫਾਵਾਂ ਹਨ, ਫੇਰ 13 ਤੋਂ 29 ਤੱਕ ਹਿੰਦੂ ਗੁਫਾਵਾਂ ਹਨ ਤੇ ਬਾਕੀ ਪੰਜ ਜੈਨ ਗੁਫਾਵਾਂ ਹਨ। ਪੰਜਵੀਂ ਤੋਂ ਅੱਠਵੀਂ ਸਦੀ ਦੇ ਵਿਚਕਾਰ ਬਣੀਆਂ ਬੋਧੀ ਗੁਫਾਵਾਂ ਸਭ ਤੋਂ ਪੁਰਾਣੀਆਂ ਹਨ। ਹਿੰਦੂ ਗੁਫਾਵਾਂ ਛੇਵੀਂ ਤੋਂ ਨੌਵੀਂ ਸਦੀ ਵਿਚਕਾਰ ਬਣੀਆਂ ਅਤੇ ਜੈਨ ਗੁਫਾਵਾਂ ਨੌਵੀਂ ਤੋਂ ਗਿਆਰ੍ਹਵੀਂ ਸਦੀ ਦੇ ਵਿਚਕਾਰ। ਬਾਰ੍ਹਵੀਂ ਸਦੀ ਵਿਚ ਇਹ ਗੁਫਾਵਾਂ ਉੱਜੜ ਗਈਆਂ। ਛੇ ਸਦੀਆਂ ਉਪਰੰਤ ਜਦੋਂ ਇਹ ਗੁਫਾਵਾਂ ਮੁੜ ਲੱਭੀਆਂ ਗਈਆਂ ਤਾਂ ਇਨ੍ਹਾਂ ਵਿਚ ਝਾੜ-ਬੂਝੇ ਉੱਗੇ ਹੋਏ ਸਨ, ਕਈਆਂ ਵਿਚ ਜੰਗਲੀ ਜਾਨਵਰਾਂ ਦਾ ਵਾਸਾ ਸੀ, ਤੇ ਕਈਆਂ ਨੂੰ ਪਿੰਡ ਦੇ ਲੋਕ ਆਪਣੇ ਪਸ਼ੂਆਂ ਦੇ ਢਾਰਿਆਂ ਵਾਂਗ ਵਰਤ ਰਹੇ ਸਨ।

ਗੁਫਾਵਾਂ ਵੱਲ ਨੂੰ ਜਾਂਦਿਆਂ ਪਹਿਲਾਂ ਵਾੜ ਨਾਲ ਵਲ਼ਿਆ ਇਕ ਨਿੱਕਾ ਜਿਹਾ ਪਾਰਕ ਹੈ। ਇਸ ਪਾਰਕ ਦੇ ਕੋਨੇ 'ਤੇ ਲੱਗੀ ਇਕ ਚਿਤਾਵਨੀ ਸਾਡਾ ਧਿਆਨ ਖਿੱਚਦੀ ਹੈ। ਇਸ ਉੱਤੇ ਲਿਖਿਆ ਹੋਇਆ ਹੈ: 'ਸੱਪਾਂ ਤੋਂ ਸਾਵਧਾਨ'। ਭਾਰਤ ਦੇ ਵੱਖ-ਵੱਖ ਕੋਨਿਆਂ ਵਿਚ ਘੁੰਮਦਿਆਂ ਸੱਪਾਂ ਨਾਲ ਸਾਡਾ ਸਿੱਧਾ ਟਾਕਰਾ ਕਈ ਵਾਰ ਹੋਇਆ ਹੈ, ਪਰੰਤੂ ਇਨ੍ਹਾਂ ਤੋਂ ਸਾਵਧਾਨ ਕਰਦਾ ਨੋਟਿਸ ਅਸੀਂ ਪਹਿਲੀ ਵਾਰ ਵੇਖਿਆ ਹੈ। ਅਸੀਂ ਆਪਣੇ ਗਾਈਡ ਨੂੰ ਪੁੱਛਿਆ ਕਿ ਕੀ ਇਥੇ ਬਹੁਤ ਜ਼ਿਆਦਾ ਸੱਪ ਹਨ, ਤਾਂ ਉਸਦਾ ਜੁਆਬ ਸੀ ਕਿ ਓਨੇ ਕੁ ਹੀ ਹੋਣਗੇ, ਜਿੰਨੇ ਬਾਕੀ ਇਲਾਕੇ ਵਿਚ, ਪਰ ਸ਼ਾਇਦ ਕਿਸੇ ਅਧਿਕਾਰੀ ਨੇ ਸੋਚਿਆ ਕਿ ਅਜਿਹੀ ਚੇਤਾਵਨੀ ਲਿਖਣ ਨਾਲ

ਜੁਆਬਦੇਹੀ ਤੋਂ ਸੁਰਖ਼ਰੂ ਰਹੇਗਾ! "...ਤੇ ਜੇ ਕਿਸੇ ਨੂੰ ਠੂਹਾਂ ਡੱਸ ਜਾਏ, ਤਾਂ ਇਹ ਅਧਿਕਾਰੀ ਜ਼ਿੰਮੇਵਾਰੀ ਲਵੇਗਾ?", ਰੀਟਾ ਨੇ ਖਚਰਾ ਜਿਹਾ ਸੁਆਲ ਕੀਤਾ ਜਿਹਦਾ ਜੁਆਬ ਗਾਈਡ ਨੇ ਬੱਸ ਇਕ ਖਚਰੀ ਜਿਹੀ ਮੁਸਕਰਾਹਟ ਨਾਲ ਦੇ ਛੱਡਿਆ। ਏਨੇ ਨੂੰ ਅਸੀਂ ਪਾਰਕ ਦੇ ਦੂਜੇ ਪਾਸੇ ਪਹੁੰਚ ਗਏ। ਐਨ ਸਾਹਮਣੇ ਦਿਸਦੀ ਹੈ ਗੁਫਾ ਨੰਬਰ 16, ਜਿਸਨੂੰ ਕੈਲਾਸ਼ ਮੰਦਿਰ ਆਖਦੇ ਹਨ। ਅੱਠਵੀਂ ਸਦੀ ਵਿਚ ਬਣਿਆ ਇਹ ਮੰਦਰ ਭਾਰਤ ਦੇ ਚੱਟਾਨ-ਤਰਾਸ਼ੇ ਮੰਦਰਾਂ ਵਿਚੋਂ ਸਭ ਤੋਂ ਸੱਜਰਾ ਦੱਸੀਂਦਾ ਹੈ। ਸਭ ਤੋਂ ਵੱਧ ਆਲੀਸ਼ਾਨ ਵੀ! ਸਾਡਾ ਗਾਈਡ ਸਭ ਤੋਂ ਪਹਿਲਾਂ ਸਾਨੂੰ ਇਹੋ ਵਿਖਾਣ ਲੈ ਜਾਂਦਾ ਹੈ, ਤਾਂਕਿ ਸਾਨੂੰ ਅੰਦਾਜ਼ਾ ਹੋ ਸਕੇ ਕਿ ਆਪਣੇ ਸਿਖਰ ਨੂੰ ਅੱਪੜੀ ਚੱਟਾਨ-ਤਰਾਸ਼ੀ ਕਲਾ ਦਾ ਜਬ੍ਹਾ-ਜਲੌ ਕਿਹੋ ਜਿਹਾ ਸੀ।

ਇਤਿਹਾਸਕ ਨੁਕਤੇ-ਨਿਗਾਹ ਤੋਂ ਹਿੰਦੂ ਗੁਫਾਵਾਂ ਦਾ ਸਮਾਂ ਚਾਲੂਕਿਆ ਤੇ ਰਾਸ਼ਟਰਕੂਟ ਸਲਤਨਤਾਂ ਦੇ ਦਬਦਬੇ ਦੌਰਾਨ ਹਿੰਦੂ ਧਰਮ ਦੀ ਮੁੜ-ਸੁਰਜੀਤੀ ਦਾ ਸਮਾਂ ਸੀ। ਬੁੱਧ ਧਰਮ ਦਾ ਰੁਖ ਢਹਿੰਦੀਆਂ ਕਲਾਂ ਵੱਲ ਸੀ ਤੇ ਜੈਨ ਧਰਮ ਦਾ ਸੰਖੇਪ ਪੁਨਰ-ਉਭਾਰ ਇਸ ਇਲਾਕੇ ਨੇ ਅਜੇ ਵੇਖਣਾ ਸੀ। ਕੈਲਾਸ਼ ਮੰਦਰ ਸਮੇਤ ਏਲੋਰਾ ਦੇ ਸਾਰੇ ਹਿੰਦੂ ਮੰਦਰ ਸ਼ਿਵ ਨੂੰ ਸਮਰਪਿਤ ਹਨ। ਹਿੰਦੂ ਮਿਥਿਆਸ ਮੁਤਾਬਕ ਸ਼ਿਵ ਜੀ ਦਾ ਵਾਸਾ ਤਿੱਬਤ ਵਿਚ ਸਥਿਤ 21,778 ਫੁੱਟ ਉੱਚੇ ਕੈਲਾਸ਼ ਪਰਬਤ ਉੱਤੇ ਸੀ। ਹਿੰਦੂਆਂ ਦਾ ਏਨਾ ਵੱਡਾ ਦੇਵਤਾ ਤਿੱਬਤ ਵਿਚ ਕਿਉਂ ਰਹਿੰਦਾ ਸੀ, ਜਿਥੇ ਹਿੰਦੂ ਧਰਮ ਅੱਜ ਤੱਕ ਨਹੀਂ ਪਹੁੰਚਿਆ, ਇਹ ਕੋਈ ਨਹੀਂ ਦੱਸਦਾ। ਸੱਤਵੀਂ ਸਦੀ ਵਿਚ ਬੁੱਧ ਧਰਮ ਦੀ ਦਰਾਮਦ ਤੋਂ ਪਹਿਲਾਂ ਤਿੱਬਤੀ ਲੋਕ ਬੌਨ ਧਰਮ ਦੇ ਅਨੁਆਈ ਸਨ। ਮੇਰਾ ਅੰਦਾਜ਼ਾ ਹੈ ਕਿ ਦੂਜੀ ਸਦੀ ਈਸਾ ਪੂਰਵ ਵਿਚ ਚਾਲੂ ਹੋਏ ਚੀਨ ਤੋਂ ਇਰਾਨ ਵੱਲ ਜਾਂਦੇ ਸਿਲਕ ਰੂਟ ਉੱਤੇ ਸਥਿਤ ਸਨ ਮਾਨਸਰੋਵਰ ਝੀਲ ਅਤੇ ਕੈਲਾਸ਼ ਪਰਬਤ। ਅਤੀ ਮਨਮੋਹਣੇ ਸਥਲ ਹੋਣ ਦੇ ਨਾਲ-ਨਾਲ ਇਹ ਭਾਰਤ ਵਿਚ ਵਹਿੰਦੀਆਂ ਪਵਿੱਤਰ ਨਦੀਆਂ, ਜਿਵੇਂ ਸਿੰਧੂ, ਸਤਲੁਜ, ਬ੍ਰਹਮਪੁਤਰ ਤੇ ਗੰਗਾ ਦੀ ਸਹਾਇਕ ਨਦੀ ਕਰਣਾਲੀ/ਘਾਘਰਾ ਦਾ ਸਰੋਤ ਸਥਲ ਵੀ ਹੈ। ਵਿਸ਼ਨੂੰ ਪੁਰਾਣ ਵਿਚ ਕੈਲਾਸ਼ ਪਰਬਤ ਦੇ ਚਾਰ ਪਾਸੇ ਬਲੌਰ, ਯਾਕੂਤ, ਲਾਜਵਰਦ ਤੇ ਸੋਨੇ ਦੇ ਬਣੇ ਹੋਏ ਦੱਸੇ ਹਨ। ਸ਼ਾਇਦ ਇਸਦੀ ਸੁਹੱਪਣ ਤੇ ਬਹੁਮੁੱਲਤਾ ਨੇ ਇਸਨੂੰ ਪਹਿਲਾਂ-ਪਹਿਲ ਏਧਰ ਪਹੁੰਚਣ ਵਾਲੇ ਹਿੰਦੂਆਂ ਲਈ ਏਨਾ ਕਾਬਲੇ ਕਦਰ ਬਣਾ ਦਿੱਤਾ ਕਿ ਉਨ੍ਹਾਂ ਨੇ ਕੈਲਾਸ਼ ਪਰਬਤ ਨੂੰ ਆਪਣੇ ਸਭ ਤੋਂ ਵੱਡੇ ਦੇਵਤੇ ਦਾ ਵਾਸਾ ਕਰਾਰ ਦੇ ਦਿੱਤਾ।

ਏਲੋਰਾ ਦੇ ਕੈਲਾਸ਼ ਮੰਦਰ ਦਾ ਬਹੁਤਾ ਭਾਗ ਰਾਸ਼ਟਰਕੂਟ ਦੇ ਰਾਜੇ ਕ੍ਰਿਸ਼ਨ ਪਹਿਲੇ ਵੱਲੋਂ ਬਣਵਾਇਆ ਗਿਆ ਸੀ। ਸ਼ਿਵ ਦੇ ਇਸ ਭਗਤ ਨੇ ਆਪਣੇ ਰਾਜ ਕਾਲ (756-774 ਈਸਵੀ) ਦੌਰਾਨ ਡੇਢ ਦਰਜਨ ਸ਼ਿਵ ਮੰਦਰ ਬਣਵਾਏ। ਬਲਾਸਟਿਕ ਚੱਟਾਨ ਨੂੰ ਬਰੀਕੀ ਨਾਲ ਘੜ-ਤਰਾਸ਼ ਕੇ ਕੈਲਾਸ਼ ਮੰਦਿਰ ਤਿਆਰ ਹੋਣ ਨੂੰ ਲਗਭਗ 200 ਸਾਲ ਲੱਗੇ। ਗੈਂਤੀ, ਛੈਣੀ ਤੇ ਹਥੌੜਾ; ਸਿਰਫ ਇਹੋ ਤਿੰਨ ਸੰਦ ਸਨ, ਜਿਨ੍ਹਾਂ ਦੀ ਮਦਦ ਨਾਲ 7,000 ਮਜ਼ਦੂਰਾਂ ਅਤੇ ਮਿਸਤਰੀਆਂ ਨੇ ਲੱਖਾਂ ਟੱਨ ਚੱਟਾਨ ਛਿੱਲ-ਛਿੱਲ ਕੇ ਇਹ ਅਜੂਬਾ ਘੜਿਆ। ਲਿਖਤੀ ਨਕਸ਼ੇ ਵੀ ਕੋਈ ਨਾ। ਜਦੋਂ ਮਿਸਤਰੀ ਦਾ ਪੁੱਤ ਜਵਾਨ ਹੁੰਦਾ, ਉਹ ਆਪਣੇ ਪਿਓ ਨਾਲ ਮੰਦਰ ਘਾੜੇ ਦਾ ਕੰਮ ਕਰਨ ਲਗਦਾ। ਇੰਝ ਅੱਗੇ ਤੋਂ ਅੱਗੇ ਹਰ ਪਿਓ ਆਪਣੇ ਪੁੱਤ ਨੂੰ ਮੰਦਰ ਦੀ ਓੜਕੀ ਰੂਪ ਰੇਖਾ ਬਾਰੇ ਸਮਝਾਉਂਦਾ ਰਹਿੰਦਾ। ਦਸ ਪੀੜ੍ਹੀਆਂ ਇੰਝ ਮਿਹਨਤ ਮੁਸ਼ੱਕਤ ਕਰਦੀਆਂ ਰਹੀਆਂ। ਉਨ੍ਹਾਂ ਦੀ ਘਾਲਣਾ ਜਿਹੜਾ ਰੰਗ ਲਿਆਈ, ਉਸਨੂੰ ਵੇਖਣ ਵਾਲਾ ਅੱਜ ਤੇਰਾਂ ਸਦੀਆਂ ਬਾਅਦ ਵੀ ਹੱਕਾ-ਬੱਕਾ ਰਹਿ ਜਾਂਦਾ ਹੈ।

ਸਭ ਤੋਂ ਪਹਿਲਾਂ ਸਾਨੂੰ ਕੈਲਾਸ਼ ਮੰਦਿਰ ਦੀ ਬਾਹਰਲੀ ਦੀਵਾਰ ਵਿਚ ਸ਼ਾਨਦਾਰ ਬੁੱਤਾਂ ਦੇ ਦਰਸ਼ਨ ਹੁੰਦੇ ਹਨ: ਦਿਕਪਾਲ (ਦਸਾਂ ਦਿਸ਼ਾਵਾਂ ਦੇ ਪਾਲਕ ਦੇਵ), ਨੱਚਦਾ ਸ਼ਿਵ, ਲਿੰਗੋਦਭਵ ਸ਼ਿਵ (ਲਿੰਗ ਦੀ ਸ਼ਕਲ ਵਿਚ ਘੜਿਆ ਹੋਇਆ ਸ਼ਿਵ ਦਾ ਬੁੱਤ), ਗਰੁੜ ਉੱਤੇ ਚੜ੍ਹਿਆ ਵਿਸ਼ਨੂੰ, ਨਰਸਿੰਘ (ਮਨੁੱਖ ਅਤੇ ਸ਼ੇਰ ਦੇ ਅੱਧੇ-ਅੱਧੇ ਸਰੀਰ ਵਿਚ ਵਿਸ਼ਨੂੰ ਦਾ ਅਵਤਾਰ), ਤਰਿਵੀਕਰਮਾ (ਵਾਮਨ ਦੇ ਅਵਤਾਰ ਵਿਚ ਵਿਸ਼ਨੂੰ, ਜਿਸਨੇ ਤਿੰਨਾਂ ਕਦਮਾਂ ਵਿਚ ਸਾਰੀ ਧਰਤੀ, ਆਕਾਸ਼ ਤੇ ਪਤਾਲ ਨੂੰ ਵਲ਼ ਲਿਆ ਸੀ), ਭੂ-ਵਰਾਹ (ਸੂਰ ਦੀ ਸ਼ਕਲ ਵਿਚ ਵਿਸ਼ਨੂੰ ਦਾ ਅਵਤਾਰ ਜਿਸਨੇ ਇਕ ਹਜ਼ਾਰ ਸਾਲ ਯੁੱਧ ਕਰ ਕੇ ਧਰਤੀ ਨੂੰ ਅਸੁਰਾਂ ਤੋਂ ਬਚਾਇਆ)। ਇਨ੍ਹਾਂ ਬੁੱਤਾਂ ਨੂੰ ਇੰਝ ਘੜਿਆ ਗਿਆ ਹੈ, ਕਿ ਇਹ ਪੀਲਪਾਵਿਆਂ ਦੇ ਸਹਾਰੇ ਛੱਤੇ ਬਰਾਂਡੇ ਵਿਚ ਖੜ੍ਹੋਤੇ ਜਾਪਦੇ ਹਨ। ਅਸਲ ਵਿਚ ਇਹ ਪੀਲਪਾਵੇ ਸਿਰਫ ਵਿਖਾਵੇ ਦੇ ਹੀ ਹਨ। ਸੋਲਾਂ ਫੁੱਟ ਚੌੜਾ ਵਾਧਰਾ ਇਨ੍ਹਾਂ ਤੋਂ ਬਿਨਾ ਹੀ ਖੜ੍ਹੋਤਾ ਹੈ। ਇਥੋਂ ਹੀ ਸ਼ੁਰੂ ਹੋ ਜਾਂਦਾ ਹੈ ਇਸ ਮੰਦਰ ਦੀ ਨਿਰਮਾਣ-ਸ਼ੈਲੀ ਦਾ ਹੈਰਾਨੀਕੁੰਨ ਨਮੂਨਾ! ਮੈਂ ਸੋਚ ਰਿਹਾ ਸਾਂ ਕਿ ਅੱਜ ਦੇ ਦਿਨ ਮਕਾਨ ਬਣਾਉਦਿਆਂ ਜਦੋਂ ਅਸੀਂ ਪੰਜ ਫੁੱਟ ਤੋਂ ਉੱਤੇ ਵਾਧਰਾ ਬਣਾਉਣ ਦੀ ਗੱਲ ਕਰੀਏ ਤਾਂ

ਆਰਕੀਟੈਕਟ ਮਨ੍ਹਾ ਕਰ ਦੇਂਦਾ ਹੈ। ਤੇ ਇਹ ਮੰਦਰ ਬਣਿਆ ਸੀ ਅੱਜ ਤੋਂ 12-13 ਸਦੀਆਂ ਪਹਿਲਾਂ!

ਗੇਟ ਥਾਣੀਂ ਅੰਦਰ ਵੜਦਿਆਂ ਅਸੀਂ ਬੌਖਲਾ ਜਿਹੇ ਜਾਂਦੇ ਹਾਂ। ਇੰਝ ਜਾਪ ਰਿਹੈ ਜਿਵੇਂ ਮੰਦਰ ਦੇ ਪੂਰੇ ਵਿਹੜੇ ਵਿਚ ਕਿਸੇ ਆਹਲਾ ਕਲਾਕਾਰ ਨੇ ਆਪਣੀਆਂ ਕਲਾਕ੍ਰਿਤੀਆਂ ਦੀ ਪ੍ਰਦਰਸ਼ਨੀ ਲਾਈ ਹੋਈ ਹੋਵੇ, ਤੇ ਜਗ੍ਹਾ ਦੀ ਕਮੀ ਕਰਕੇ ਪੂਰਾ ਵਿਹੜਾ ਉੱਚੇ, ਚੌੜੇ ਬੁੱਤਾਂ ਨਾਲ ਤੁੰਨਿਆ ਗਿਆ ਹੋਵੇ! ਸਾਡੀਆਂ ਨਜ਼ਰਾਂ ਕਿਸੇ ਇਕ ਕਲਾਕ੍ਰਿਤੀ ਉੱਤੇ ਟਿਕ ਨਹੀਂ ਰਹੀਆਂ! ਸ਼ੁਕਰ ਹੈ ਕਿ ਸਾਡੇ ਨਾਲ ਸਾਡਾ ਗਾਈਡ ਹੈ, ਜਿਹੜਾ ਮੰਦਿਰ ਦੇ ਨਮੂਨੇ ਵਾਰੀ-ਵਾਰੀ ਵਿਖਾਉਣ ਲਗਦਾ ਹੈ। ਸਭ ਤੋਂ ਪਹਿਲਾਂ ਉਹ ਲੰਮੀਆਂ ਸ਼ਤੀਰੀਆਂ ਵਾਂਗ ਖੜ੍ਹੇ ਦੋ ਸਤੰਭਾਂ ਵੱਲ ਧਿਆਨ ਦਿਵਾਂਦਾ ਹੈ। ਇਕ ਉੱਤਰ ਵਾਲੀ ਦਿਸ਼ਾ ਵਿਚ ਹੈ ਤੇ ਦੂਜਾ ਦੱਖਣ ਦਿਸ਼ਾ ਵਿਚ। ਆਹਲਾ ਕਿਸਮ ਦੀ ਮੀਨਾਕਾਰੀ ਨਾਲ ਜੜੇ ਇਹ ਧਵਜਸਤੰਭ ਸ਼ਕਤੀ ਅਤੇ ਜਿੱਤ ਦੇ ਪ੍ਰਤੀਕ ਹਨ। ਗਾਈਡ ਸਾਨੂੰ ਉੱਤਰ ਦਿਸ਼ਾ ਵਿਚ ਲਿਜਾ ਕੇ ਵਿਖਾਉਂਦਾ ਹੈ ਕਿ ਕਿਵੇਂ ਪੂਰਾ ਮੰਦਰ ਇਕ ਰੱਥ ਵਾਂਗ ਦਿਸਦਾ ਹੈ। ਮੁੱਖ ਮੰਦਰ, ਸੋਲਾਂ ਪੀਲਪਾਵਿਆਂ ਵਾਲਾ ਮੰਡਪ, ਨੰਦੀ ਮੰਡਪ ਅਤੇ ਗੋਪੁਰ ਇਕ ਦੂਜੇ ਨਾਲ ਪੁਲਾਂ ਰਾਹੀਂ ਜੁੜੇ ਹੋਏ ਹਨ। ਫੇਰ ਉਹ ਸਾਡਾ ਧਿਆਨ ਕੰਧ ਵਿਚ ਉਕਰੀਆਂ ਉਨ੍ਹਾਂ ਪੱਟੀਆਂ ਵੱਲ ਦਿਵਾਂਦਾ ਹੈ, ਜਿਨ੍ਹਾਂ ਰਾਹੀਂ ਰਮਾਇਣ ਦੇ ਦ੍ਰਿਸ਼ ਦਰਸਾਏ ਗਏ ਹਨ। ਇਸੇ ਤਰ੍ਹਾਂ ਦਾ ਇਕ ਪਟ ਚਿੱਤਰ ਦੱਖਣ ਵਾਲੇ ਪਾਸੇ ਹੈ, ਜਿਹੜਾ ਮਹਾਂਭਾਰਤ ਦੀਆਂ ਝਾਕੀਆਂ ਦਰਸਾਂਦਾ ਹੈ। ਦੱਖਣ ਵਾਲੇ ਪਾਸੇ ਹੀ ਰਾਵਣ-ਅਨੁਗ੍ਰਹਿ-ਮੂਰਤੀ ਹੈ, ਜਿਸ ਵਿਚ ਰਾਵਣ ਕੈਲਾਸ਼ ਪਰਬਤ ਨੂੰ ਝੰਜੋੜ ਰਿਹਾ ਹੈ। ਭਾਰਤ ਦੇ ਅਨੇਕਾਂ ਹਿੰਦੂ ਮੰਦਰਾਂ ਵਿਚ ਅਜਿਹੀ ਮੂਰਤੀ ਦਿਸਦੀ ਹੈ। ਰਮਾਇਣ ਦੇ ਉੱਤਰ ਕਾਂਡ ਅਨੁਸਾਰ, ਇਕ ਵਾਰ ਰਾਵਣ ਨੇ ਕੈਲਾਸ਼ ਪਰਬਤ ਨੂੰ ਜੜ੍ਹੋਂ ਉਖਾੜ ਦੇਣ ਦੀ ਕੋਸ਼ਿਸ਼ ਕੀਤੀ। ਉਸਨੂੰ ਇਸ ਹਰਕਤ ਤੋਂ ਰੋਕਣ ਲਈ ਉੱਪਰ ਬੈਠੇ ਸ਼ਿਵ ਨੇ ਪੈਰ ਦੇ ਜ਼ੋਰ ਨਾਲ ਰਾਵਣ ਨੂੰ ਪਰਬਤ ਦੇ ਹੇਠਾਂ ਹੀ ਦੱਬ ਦਿੱਤਾ। ਇਸ ਤੋਂ ਬਾਅਦ ਇਕ ਹਜ਼ਾਰ ਸਾਲ ਤੱਕ ਰਾਵਣ ਨੇ ਸ਼ਿਵ ਦਾ ਨਾਮ ਜਪ ਕੇ ਛੁਟਕਾਰਾ ਪਾਇਆ। ਤਾਮਿਲ ਬੋਲੀ ਦੀ ਰਮਾਇਣ ਵਿਚ ਜ਼ਿਕਰ ਹੈ ਕਿ ਰਾਵਣ ਨੇ ਦਸ ਹਜ਼ਾਰ ਸਾਲ ਤੱਕ ਸ਼ਿਵ ਦੀ ਮਹਿਮਾ ਵਿਚ ਰਾਵਣ ਵੀਣਾ (ਰਬਾਬ) ਵਜਾਈ, ਜਿਸਨੂੰ ਬਣਾਉਣ ਲਈ ਉਸਨੇ ਆਪਣੇ ਦਸਾਂ ਸਿਰਾਂ ’ਚੋਂ ਇਕ ਸਿਰ ਵੱਢ ਕੇ ਤੂੰਬਾ ਬਣਾਇਆ ਅਤੇ ਆਪਣੀਆਂ ਆਂਦਰਾਂ ਕੱਢ ਕੇ ਤੰਦ ਬਣਾਏ। ਸ਼ਿਵ ਦੇ ਇਕ ਹੋਰ ਰੂਪ

ਅੰਧਕਾਰੀ ਦੀ ਮੂਰਤੀ ਵੀ ਹੈ, ਜਿਸ ਵਿਚ ਸ਼ਿਵ ਨੂੰ ਇਕ ਹਜ਼ਾਰ ਸਿਰਾਂ, ਦੋ ਹਜ਼ਾਰ ਬਾਹਾਂ ਤੇ ਦੋ ਹਜ਼ਾਰ ਨੇਤ੍ਰਾਂ ਵਾਲੇ ਦੈਂਤ ਅੰਧਕ ਦਾ ਨਾਸ਼ ਕਰਦੇ ਹੋਏ ਵਿਖਾਇਆ ਗਿਆ ਹੈ। ਇਕ ਹੋਰ ਅਨੂਠੀ ਮੂਰਤੀ ਹੈ ਦਕਸ਼ਿਣਾਮੂਰਤੀ, ਜਿਸ ਵਿਚ ਚਾਰ ਰਿਸ਼ੀਆਂ ਦੀ ਸੰਗਤ ਵਿਚ ਸ਼ਿਵ ਗੁਰੂ ਦੀ ਮੁਦਰਾ ਵਿਚ ਬੈਠਾ ਹੈ। ਨਦੀ-ਦੇਵੀਆਂ ਗੰਗਾ, ਯਮੁਨਾ ਤੇ ਸਰਸਵਤੀ ਦੀਆਂ ਮੂਰਤੀਆਂ ਵੀ ਹਨ। ਮੰਡਪ ਦੇ ਸੋਲਾਂ ਥੰਮ੍ਹ ਹਨ, ਜਿਹੜੇ ਹੇਠੋਂ ਤਾਂ ਚੌਰਸ ਹਨ, ਪਰੰਤੂ ਉਪਰੋਂ ਘੜੇ (ਕੁੰਭ) ਵਰਗੇ ਹਨ। ਅਜਿਹੇ ਸਤੰਭਾਂ ਨੂੰ ਕੁੰਭ-ਵੱਲੀ ਸ਼ੈਲੀ ਦੇ ਸਤੰਭ ਆਖਦੇ ਹਨ। ਮਹਿਸ਼ਾਸੁਰ ਦਾ ਵਧ ਕਰਦੀ ਹੋਈ ਦੁਰਗਾ (ਮਹਿਸ਼ਾਸੁਰਮਰਦਿਨੀ) ਕੋਲ ਲਿਜਾ ਕੇ ਸਾਡਾ ਗਾਈਡ ਵਿਖਾਉਂਦਾ ਹੈ, ਕਿ ਏਥੇ ਮਹਿਸ਼ਾਸੁਰ ਝੋਟੇ ਦੇ ਸਿਰ ਅਤੇ ਆਦਮੀ ਦੀ ਧੜ ਵਾਲਾ ਹੈ ਤੇ ਇਹ ਵੱਖਰਤਾ ਸਿਰਫ ਏਸੇ ਮੰਦਿਰ ਵਿਚ ਹੀ ਵੇਖਣ ਨੂੰ ਮਿਲਦੀ ਹੈ; ਆਮ ਤੌਰ ’ਤੇ ਇਸਨੂੰ ਝੋਟੇ ਵਰਗਾ ਹੀ ਚਿਤਰਿਆ ਜਾਂਦਾ ਹੈ। "ਪਰੰਤੂ ਅਸੀਂ ਅਜਿਹੀ ਮੂਰਤੀ ਪਹਿਲਾਂ ਮਾਮੱਲਾਪੁਰਮ ਵਿਚ ਵੀ ਵੇਖੀ ਸੀ", ਹੁਣ ਤੱਕ ਫੋਟੋਆਂ ਖਿੱਚਣ ’ਚ ਵਿਅਸਤ ਰੀਟਾ ਨੇ ਅਚਾਨਕ ਗਾਈਡ ਨੂੰ ਟੋਕਿਆ। "ਹਾਂਜੀ, ਤੁਸੀਂ ਠੀਕ ਹੋ। ਇਕ ਉਹ ਵੀ ਹੈ। ਭਾਰਤ ਵਿਚ ਅਜਿਹੀਆਂ ਦੋ ਹੀ ਮੂਰਤੀਆਂ ਹਨ।" ਏਨਾ ਕਹਿ ਕੇ ਗਾਈਡ ਫਟਾਫਟ ਮੁੱਦਾ ਬਦਲ ਦੇਂਦਾ ਹੈ। ਹੁਣ ਉਹ ਦੱਸ ਰਿਹਾ ਸੀ ਕਿ ਏਲੋਰਾ ਦੀ ਮੂਰਤੀਕਲਾ ਨੇ ਮਿਸਰ ਅਤੇ ਯੂਨਾਨ ਦਾ ਕਿੰਨਾ ਪ੍ਰਭਾਵ ਕਬੂਲ ਕੀਤਾ ਹੋਇਆ

# 3.ਅਜੂਬਿਆਂ ਦੀ ਪ੍ਰਦਰਸ਼ਨੀ



ਏਲੋਰਾ ਦੇ ਕੈਲਾਸ਼ ਮੰਦਰ ਨੂੰ ਪਹਲਿਾਂ ਨੌਵੀਂ ਸਦੀ ਦੇ ਆਸ ਪਾਸ ਚਿੱਟਾ ਪਲਸਤਰ ਚਾੜ੍ਹਿਆ ਗਿਆ ਸੀ, ਤਾਂਕਿ ਇਹ ਬਰਫਾਂ ਢਕੇ ਕੈਲਾਸ਼ ਪਰਬਤ ਵਰਗਾ ਜਾਪੇ। ਫੇਰ ਅਠਾਰ੍ਹਵੀਂ ਸਦੀ ਵਿਚ ਰਾਣੀ ਅਹਿਲਿਆ ਬਾਈ ਹੋਲਕਰ ਨੇ ਇਸ ਨੂੰ ਦੁਬਾਰਾ ਰੰਗ ਕਰਵਾਇਆ। ਅਹਿਲਿਆ ਬਾਈ ਦੀ ਕਹਾਣੀ ਵੀ ਬੜੀ ਰੌਚਕ ਹੈ। ਨਿੱਕੇ ਜਿਹੇ ਪਿੰਡ ਦੇ ਮੰਦਰ ਵਿਚ ਆਰਤੀ ਕਰਦੀ ਅੱਠਾਂ ਵਰ੍ਹਿਆਂ ਦੀ ਅਹਿਲਿਆ ਨੂੰ ਪੇਸ਼ਵਾ ਬਾਜੀਰਾਓ ਦਾ ਕਮਾਂਡਰ ਤੇ ਮਾਲਵੇ ਦਾ ਸਰਦਾਰ ਮਹਲਾਰ ਰਾਓ ਹੋਲਕਰ ਆਪਣੇ ਪੁੱਤਰ ਲਈ ਪਸੰਦ ਕਰ ਕੇ ਲੈ ਆਇਆ। ਪਹਲਿਾਂ ਪਤੀ ਖਾਂਡੇਰਾਓ ਦੀ ਮੌਤ, ਫੇਰ ਸਹੁਰੇ ਮਹਲਾਰ ਰਾਓ ਦੀ ਮੌਤ ਤੇ ਫੇਰ ਖਾਂਡੇਰਾਓ ਦੇ ਇਕਲੌਤੇ ਪੁੱਤਰ ਮਾਲੇਰਾਓ ਦੀ ਮੌਤ ਕਾਰਨ ਰਾਜ ਭਾਗ ਦੀ ਜ਼ਿੰਮੇਵਾਰੀ ਅਹਿਲਿਆ ਬਾਈ ਦੇ ਸਿਰ ਉੱਤੇ ਆ ਗਈ। ਮਰਾਠਿਆਂ ਦੀ ਮਾਲਵਾ ਸਲਤਨਤ ਉੱਤੇ ਲਗਭਗ ਤਿੰਨ ਹਦਾਕਿਆਂ (1767-1795) ਤੱਕ ਰਾਜ ਕਰਨ ਵਾਲੀ ਅਹਿਲਿਆ ਬਾਈ ਨੇ ਆਪਣੇ ਨੂੰ ਆਹਲਾ ਕਿਸਮ ਦੀ ਸ਼ਾਸਕ ਸਾਬਤ ਕੀਤਾ। ਲੋਕਾਂ ਦੇ ਹਿਤਾਂ ਦੀ ਪਾਲਣਾ ਕਰਨ ਵਾਲੀ ਇਸ ਰਾਣੀ ਨੂੰ ਦੇਵੀ ਵਾਂਗ ਪੂਜਿਆ ਜਾਂਦਾ ਸੀ।

ਏਲੋਰਾ ਵਿਚ ਤਸਵੀਰਕਸ਼ੀ ਲਈ ਚਿਤਰਕਾਰਾਂ ਨੇ ਸੁੱਚੀ ਮਹਰਾਕਸ਼ੀ ਦੀ ਜੁਗਤ ਨਹੀਂ ਵਰਤੀ, ਜਿਸ ਵਿਚ ਕਲਾਕਾਰ ਗਿੱਲੇ-ਗਿੱਲੇ ਪਲਸਤਰ ਉੱਤੇ ਰੰਗ ਚਾੜ ਦੇਂਦਾ ਹੈ,

ਤਾਂਕਿ ਰੰਗ ਖੁਦ ਪਲਸਤਰ ਦਾ ਹੀ ਹਿੱਸਾ ਬਣ ਜਾਣ। ਯੋਰਪ ਵਿਚ ਕੰਧ ਚਿਤਰ ਬਣਾਉਣ ਦੀ ਅਜਿਹੀ ਯੁਗਤ ਨੂੰ ਫਰੈਸਕੋ ਜਾਂ ਬੁਓਨ ਫਰੈਸਕੋ ਆਖਦੇ ਹਨ। ਏਲੋਰਾ ਵਿਚ ਕੰਧ ਚਿਤਰਾਂ ਦੀ ਸ਼ੈਲੀ ਇਸ ਤੋਂ ਹਟਵੀਂ ਸੀ। ਜਿਨ੍ਹਾਂ ਕੰਧਾਂ ਜਾਂ ਛੱਤ ਉੱਤੇ ਮੂਰਤਾਂ ਵਾਹੁਣੀਆਂ ਹੁੰਦੀਆਂ ਸਨ, ਉਨ੍ਹਾਂ ਨੂੰ ਕਾਰੀਗਰ ਖੁਰਦਰਾ ਛੱਡ ਦੇਂਦੇ ਸਨ। ਇਨ੍ਹਾਂ ਖੁਰਦਰੀਆਂ ਕੰਧਾਂ ਉੱਤੇ ਪਹਿਲਾਂ ਚੀਕਣੀ ਮਿੱਟੀ ਵਿਚ ਗੋਹਾ, ਤੂੜੀ ਅਤੇ ਪਸ਼ੂਆਂ ਦੇ ਵਾਲ ਮਿਲਾ ਕੇ ਇਕ ਲੇਪ ਕੀਤਾ ਜਾਂਦਾ। ਸੁੱਕਣ ਤੋਂ ਬਾਅਦ ਇਹ ਲੇਪ ਤਕਰੀਬਨ ਇਕ-ਡੇਢ ਇੰਚ ਮੋਟਾ ਰਹਿ ਜਾਂਦਾ ਸੀ। ਫੇਰ ਇਸ ਉੱਤੇ ਜਿਪਸਮ ਜਾਂ ਚੂਨੇ ਨੂੰ ਬਰੀਕ ਛਾਣ ਕੇ ਇਕ ਜਾਂ ਦੋ ਕੋਟ ਚਾੜ੍ਹ ਕੇ ਧਰਾਤਲ ਨੂੰ ਮੁਲਾਇਮ ਕੀਤਾ ਜਾਂਦਾ। ਇਨ੍ਹਾਂ ਉੱਤੇ ਵਾਹੀਆਂ ਜਾਂਦੀਆਂ ਸਨ ਤਸਵੀਰਾਂ। ਤਸਵੀਰਾਂ ਵਾਹੁਣ ਲਈ ਕੁਦਰਤੀ ਰੰਗਾਂ ਦੀ ਵਰਤੋਂ ਕੀਤੀ ਜਾਂਦੀ। ਕੁਦਰਤੀ ਰੰਗ ਪ੍ਰਾਪਤ ਕੀਤੇ ਜਾਂਦੇ ਸਨ, ਜੜੀਆਂ-ਬੂਟੀਆਂ ਤੇ ਖਣਿਜਾਂ ਤੋਂ, ਕਲਮਾਂ ਤੇ ਬੁਰਸ਼ ਬਣਾਏ ਜਾਂਦੇ ਸਨ ਘਾਹ-ਬੂਟਿਆਂ ਦੇ ਰੇਸ਼ਿਆਂ ਤੇ ਜਾਨਵਰਾਂ ਦੇ ਵਾਲਾਂ ਤੋਂ। ਆਮ ਤੌਰ ’ਤੇ ਕੁਦਰਤੀ ਰੰਗਾਂ ਵਿਚ ਗੂੰਦ, ਸਰੇਸ਼ ਆਦਿ ਮਿਲਾ ਲਿਆ ਜਾਂਦਾ, ਤਾਂਕਿ ਉਨ੍ਹਾਂ ਦੀ ਪਕੜ ਹੋਰ ਮਜਬੂਤ ਹੋ ਸਕੇ। ਕੰਧ ਚਿਤਰਾਂ ਦੀ ਇਸ ਤਕਨੀਕ ਨੂੰ ਫਰੈਸਕੋ ਸੇਕੋ ਜਾਂ ਫਰੈਸਕੋ ਫਿੱਟੋ ਜਾਂ ਆਮ ਬੋਲਚਾਲ ਵਿਚ ਟੈਂਪਰਾ ਵੀ ਆਖਦੇ ਹਨ। ਏਲੋਰਾ ਦਾ ਚਿਤਰਕਾਰ ਇਸ ਗੱਲ ਦਾ ਵਿਸ਼ੇਸ਼ ਧਿਆਨ ਰੱਖਦਾ ਸੀ ਕਿ ਤਸਵੀਰ ਵਿਚੋਂ ਰਸ ਅਤੇ ਭਾਉ ਜ਼ਰੂਰ ਉੱਘੜ ਕੇ ਸਾਹਮਣੇ ਆਵੇ। ਚਿਤਰਕਾਰੀ ਦੀ ਇਸ ਤਕਨੀਕ ਬਾਰੇ ਵਿਸਥਾਰਪੂਰਬਕ ਜਾਣਕਾਰੀ ਅੱਠਵੀਂ ਸਦੀ ਦੇ ਦੱਖਣ ਭਾਰਤੀ ਬੁੱਤ ਤਰਾਸ਼ ਕੁਮਾਰਦੇਵ ਨੇ ‘ਸ਼ਿਲਪਰਤਨ’ ਨਾਂਅ ਦਾ ਗਰੰਥ ਲਿਖ ਕੇ ਸਾਡੇ ਤਾਈਂ ਪੁੱਜਦੀ ਕੀਤੀ ਹੈ।

ਸਵਾ ਦੋ ਸੌ ਸਾਲ ਪਹਿਲਾਂ ਫੇਰੇ ਰੰਗਾਂ ਦੀ ਰਹਿੰਦ-ਖੂੰਦ ਮੰਦਰ ਦੇ ਕਈ ਹਿੱਸਿਆਂ ਵਿਚ ਅਜੇ ਵੀ ਚੋਖੀ ਗੂੜ੍ਹੀ ਵਿਖਾਈ ਦੇਂਦੀ ਹੈ। ਮੰਦਰ ਦੀ ਪ੍ਰਕਰਮਾ ਕਰਦਿਆਂ ਕਦੇ ਅਸੀਂ ਉਤਾਂਹ ਮੂੰਹ ਚੁੱਕ ਕੇ ਵੇਖੀਏ ਤੇ ਕਦੇ ਹੇਠਾਂ ਨੂੰ ਝੁਕ ਕੇ। ਹਰ ਕੋਨੇ-ਕੋਨੇ, ਹਰ ਇੰਚ-ਇੰਚ ਨੂੰ ਨਿਹਾਰਨ ਨੂੰ ਜੀਅ ਕਰ ਰਿਹਾ ਸੀ! ਸਾਡੀ ਹਾਲਤ ਮੇਲੇ ’ਚ ਘੁੰਮਦੇ ਉਸ ਬੱਚੇ ਵਰਗੀ ਸੀ, ਜਿਸਨੂੰ ਪਤਾ ਨਹੀਂ ਲਗਦਾ ਕਿ ਉਹ ਆਹ ਵੇਖੇ ਕਿ ਔਹ ਵੇਖੇ, ਆਹ ਮੰਗੇ ਕਿ ਔਹ ਮੰਗੇ! ਗਾਈਡ ਦੱਸ ਰਿਹਾ ਸੀ ਕਿ 81.1 ਮੀਟਰ ਲੰਮਾ, 47 ਮੀਟਰ ਚੌੜਾ ਤੇ 36.6 ਮੀਟਰ ਉੱਚਾ ਇਹ ਮੰਦਿਰ ਦੁਨੀਆ ਭਰ ਵਿਚ ਮਨੁੱਖ ਵਲੋਂ ਬਣਾਈਆਂ ਗਈਆਂ ਇਕ-ਪੱਥਰੀ ਘਾੜਤਾਂ ਵਿਚੋਂ ਸਭ

ਤੋਂ ਵੱਡੀ ਘਾੜਤ ਹੈ। ਇਹਦੇ ਮੁਕਾਬਲੇ ਵਿਚ ਯੂਨਾਨ ਦੇ ਪਾਰਥਿਨੋਨ ਮੰਦਿਰ ਦੀ ਪੈਮਾਇਸ਼ (ਲੰਮਾਈ 29.8, ਚੌੜਾਈ 19.2, ਉਚਾਈ 10.4 ਮੀਟਰ) ਅੱਧੀ ਵੀ ਨਹੀਂ। ਏਥਨਜ਼ ਸ਼ਹਿਰ ਵਿਚ ਪੰਜਵੀਂ ਸਦੀ ਈਸਾ ਪੂਰਵ ਵਿਚ ਪੀਲਪਾਵਿਆਂ ’ਤੇ ਖੜ੍ਹੇ ਇਕਹਿਰੀ ਛੱਤ ਵਾਲੇ ਇਸ ਮੰਦਰ ਦੇ ਪਹਿਲੀ ਵਾਰ ਮੈਂ ਢਾਈ ਦਹਾਕੇ ਪਹਿਲਾਂ ਦਰਸ਼ਨ ਕੀਤੇ ਸਨ। ਮੈਂ ਕਬੂਲ ਕਰਦਾ ਹਾਂ ਕਿ ਉਦੋਂ ਪਾਰਥਿਨੋਨ ਨੇ ਮੈਨੂੰ ਹੱਦੋਂ ਵੱਧ ਪ੍ਰਭਾਵਤ ਕੀਤਾ ਸੀ। ਪਰੰਤੂ ਅੱਜ ਕੈਲਾਸ਼ ਮੰਦਰ ਦੀ ਜਟਿਲ ਬੁੱਤ-ਤਰਾਸ਼ੀ ਨੇ ਪਾਰਥੀਨੋਨ ਦੀ ਮੇਰੇ ਮਨ ਵਿਚ ਬੈਠੀ ਸ਼ਾਨ ਬਹੁਤ ਫਿੱਕੀ ਪਾ ਦਿੱਤੀ ਏ। ਅਜੇ ਅਸੀਂ ਏਲੋਰਾ ਦੀਆਂ ਬਾਕੀ ਗੁਫਾਵਾਂ ਵੇਖਣੀਆਂ ਹਨ। ਅਸੀਂ ਤਾਂ ਪਹਿਲੀ ਹੀ ਗੁਫਾ ਵੇਖ ਕੇ ਏਲੋਰਾ ਦੇ ਰੋਹਬ ਹੇਠਾਂ ਦੱਬੇ ਗਏ ਹਾਂ। ਦੁਨੀਆ ਭਰ ਵਿਚ ਹੁਣ ਤੱਕ ਵੇਖੇ ਬਾਕੀ ਸਮਾਰਕ ਕੈਲਾਸ਼ ਮੰਦਿਰ ਮੂਹਰੇ ਠਿਗਣੇ ਜਾਪਣ ਲੱਗੇ ਹਨ।

ਅੰਦਰੋਂ ਵੇਖ ਕੇ ਬਾਹਰ ਨਿਕਲੇ ਤਾਂ ਮੈਂ ਜ਼ਿੱਦ ਕਰਨ ਲੱਗਾ ਕਿ ਮੈਂ ਪਹਾੜੀ ਦੇ ਉੱਪਰ ਚੜ੍ਹ ਕੇ ਮੰਦਰ ਦੀ ਪੰਛੀ-ਝਾਤ ਲੈਣਾ ਚਾਹੁੰਦਾ ਹਾਂ। ਮੈਂ ਇਕ ਮੁੰਡੇ ਨੂੰ ਉੱਧਰ ਚੜ੍ਹਦੇ ਵੇਖ ਲਿਆ ਸੀ। ਪਰੰਤੂ ਗਾਈਡ ਮੰਨਦਾ ਨਹੀਂ। "ਸਰ ਜੀ, ਜੋ ਮੈਂ ਵਿਖਾਣਾ ਚਾਹੁੰਦਾ ਹਾਂ, ਉਹ ਪਹਿਲਾਂ ਵੇਖ ਲਓ, ਬਾਅਦ ਵਿਚ ਆਪਣੇ ਚਾਅ ਪੂਰੇ ਕਰਨ ’ਤੇ ਜਿੰਨਾ ਮਰਜ਼ੀ ਸਮਾਂ ਲਾ ਲਿਓ!" ਇਸਤੋਂ ਬਾਅਦ ਵੀ ਮੈਂ ਸ਼ਾਇਦ ਅੜਿਆ ਰਹਿੰਦਾ ਜੇ ਰੀਟਾ ਵੀ ਗਾਈਡ ਦੇ ਨਾਲ ਨਾ ਰਲ਼ ਗਈ ਹੁੰਦੀ! ਸੋ ਕੈਲਾਸ਼ ਮੰਦਰ ਤੋਂ ਬਾਹਰ ਨਿਕਲ ਕੇ ਸਾਡਾ ਗਾਈਡ ਹੋਰ ਗੁਫਾਵਾਂ ਵਿਖਾਣ ਲਈ ਘਟਦੇ ਨੰਬਰਾਂ ਵੱਲੀਂ ਤੁਰ ਪੈਂਦਾ ਹੈ। ਰੀਟਾ ਵੀ ਉਸਦੇ ਨਾਲ ਤੇ ਮੈਂ ਵੀ ਪੈਰ ਘੜੀਸਦਾ-ਘੜੀਸਦਾ ਉਨ੍ਹਾਂ ਦੇ ਮਗਰ ਮਗਰ। ਗੁਫਾ ਨੰਬਰ:1 ਹਿਨਾਆਨੀ ਬੋਧੀਆਂ ਦਾ ਵਿਹਾਰ ਹੈ। ਏਥੇ ਬੋਧੀ ਭਿਕਸ਼ੂਆਂ ਦੇ ਠਹਿਰਣ ਲਈ ਨਿੱਕੀਆਂ-ਨਿੱਕੀਆਂ ਕੋਠੜੀਆਂ ਬਣੀਆਂ ਹੋਈਆਂ ਹਨ। ਗੁਫਾ ਨੰਬਰ:2 ਮਹਾਯਾਨੀ ਬੋਧੀਆਂ ਨਾਲ ਸਬੰਧਤ ਹੈ। ਗੁਫਾ ਦੇ ਬਾਹਰ ਬੋਧੀਸਤਵ ਦਵਾਰਪਾਲਾਂ ਦੇ ਰੂਪ ਵਿਚ ਦੋ ਦਿਓਕੱਦ ਬੁੱਤ ਖੜੋਤੇ ਹਨ। (ਬੁੱਧ ਅਵਸਥਾ ਵਿਚ ਪਹੁੰਚਣ ਤੋਂ ਇਕ ਪੌਡਾ ਉਰ੍ਹਾਂ ਵਾਲੀ ਅਵਸਥਾ ਨੂੰ ਬੋਧੀਸਤਵ ਆਖਦੇ ਹਨ।) ਗੁਫਾ ਦੇ ਅੰਦਰ ਬਾਰਾਂ ਖੰਭਿਆਂ ਉੱਤੇ ਖੜੋਤਾ ਇਕ ਕੇਂਦਰੀ ਹਾਲ ਹੈ, ਜਿਹਦੇ ਚਾਰੋਂ ਤਰਫ ਗੈਲਰੀਆਂ ਹਨ। ਪਿਛਲੀ ਦੀਵਾਰ ਵਿਚ ਮੰਦਰ ਹੈ, ਜਿਥੇ ਵਿਚਕਾਰ ਮਹਾਤਮਾ ਬੁੱਧ ਦੀ ਮੂਰਤੀ ਹੈ, ਜਿਸਦੇ ਆਲੇ-ਦੁਆਲੇ ਬੋਧੀਸਤਵ ਪਦਮਪਾਨੀ ਤੇ ਵਜਰਪਾਨੀ ਖੜ੍ਹੇ ਹਨ। ਕੰਧਾਂ ਵਿਚ ਬਣੇ ਨਿੱਕੇ-ਵੱਡੇ ਆਲ਼ਿਆਂ ਵਿਚ ਵੀ

ਮਹਾਤਮਾ ਬੁੱਧ ਦੀਆਂ ਮੂਰਤੀਆਂ ਹਨ। ਇਕ ਵੱਡੇ ਪੈਨਲ ਵਿਚ ਆਪਣੀਆਂ ਗੋਲੀਆਂ ਵਿਚਕਾਰ ਘਿਰੀ ਤਾਰਾ ਦਰਸਾਈ ਗਈ ਹੈ। ਤਾਰਾ ਨੂੰ ਮਹਾਯਾਨੀ ਬੋਧੀਆਂ ਵਿਚ ਬੋਧੀਸਤਵ ਦਾ ਦਰਜਾ ਪ੍ਰਾਪਤ ਹੈ, ਜਦਕਿ ਵਜਰਯਾਨ ਬੁੱਧ ਮੱਤ ਵਿਚ ਉਸਨੂੰ ਨਾਰੀ ਬੁੱਧ ਦੇ ਤੌਰ ’ਤੇ ਪੂਜਿਆ ਜਾਂਦਾ ਹੈ। ਅਗਲੀਆਂ ਗੁਫਾਵਾਂ ਵਿਚ ਗਾਈਡ ਸਾਨੂੰ ਅੰਦਰ ਨਹੀਂ ਲੈ ਕੇ ਜਾਂਦਾ। ਉਹ ਕਹਿੰਦਾ ਹੈ ਕਿ ਬਾਕੀਆਂ ਦੀ ਬਣਤਰ ਪਹਿਲੀਆਂ ਦੋਵਾਂ ਨਾਲ ਮਿਲਦੀ ਜੁਲਦੀ ਹੀ ਹੈ। ਮੂਰਤੀਆਂ ਵਿਚ ਨਿੱਕਾ ਵੱਡਾ ਫਰਕ ਜ਼ਰੂਰ ਹੈ, ਮਹਾਤਮਾ ਬੁੱਧ ਦੀ ਮੁਦਰਾ ਵਿਚ ਫਰਕ ਹੈ, ਜਾਂ ਕੁਝ ਦੂਸਰੇ ਬੋਧੀਸਤਵਾਂ ਦੀਆਂ ਮੂਰਤੀਆਂ ਸ਼ਾਮਲ ਹਨ। ਗੁਫਾ ਨੰਬਰ: 4 ਦੁਮੰਜ਼ਲੀ ਹੈ ਤੇ ਗੁਫਾ ਨੰਬਰ: 5 ਇਕਹਰੀ ਮੰਜ਼ਲ ਵਾਲੀਆਂ ਗੁਫਾਵਾਂ ’ਚੋਂ ਸਭ ਤੋਂ ਵੱਡੀ ਹੈ। ਗੁਫਾ ਨੰਬਰ: 8 ਇਕ ਭੋਰੇ ਅਤੇ ਪ੍ਰਦੱਖਣਾ ਪਥ ਦੇ ਕਾਰਨ ਵੱਖਰੀ ਹੈ। ਇਨ੍ਹਾਂ ਗੁਫਾਵਾਂ ਨੂੰ ਬਾਹਰੋ◌ੋ◌ਂ ਬਾਹਰੋਂ ਨਿਹਾਰ ਕੇ ਅਸੀਂ ਗੁਫਾ ਨੰਬਰ 10 ਵਿਚ ਪਹੁੰਚ ਜਾਂਦੇ ਹਾਂ। ਇਸ ਗੁਫਾ ਨੂੰ ‘ਵਿਸ਼ਵਕਰਮਾ’ ਜਾਂ ‘ਸੁਤਾਰ (ਤਰਖਾਣ) ਦੀ ਝੌਂਪੜੀ’ ਵੀ ਆਖਦੇ ਹਨ। ਏਲੋਰਾ ਵਿਚ ਇਹੋ ਇਕੋ ਇਕ ਚੈਅਤਿਆ, ਭਾਵ ਬੋਧੀ ਮੰਦਰ ਹੈ। ਇਸ ਹਾਲ ਦੀ ਛੱਤ ਅਰਧ ਗੋਲਾਕਾਰ ਹੈ, ਜਦੋਂ ਕਿ ਇਸਤੋਂ ਪਹਿਲਾਂ ਵੇਖੇ ਵਿਹਾਰਾਂ ਦੀ ਛੱਤ ਪੱਧਰੀ ਸੀ। ਛੱਤ ਦੇ ਪੱਥਰਾਂ ਨੂੰ ਇੰਝ ਤਰਾਸ਼ਿਆ ਗਿਆ ਹੈ ਜਿਵੇਂ ਇਹ ਲੱਕੜੀ ਦੀਆਂ ਛਤੀਰੀਆਂ ਦੀ ਬਣੀ ਹੋਈ ਹੋਵੇ! ਸ਼ਾਇਦ ਏਸੇ ਲਈ ਇਸਨੂੰ ਲੋਕਾਂ ਨੇ ਤਰਖਾਣ ਦੀ ਝੌਂਪੜੀ ਕਹਿਣਾ ਸ਼ੁਰੂ ਕਰ ਦਿੱਤਾ। ਹਾਲ ਦੇ ਅਖੀਰਲੇ ਪਾਸੇ ਵੱਡ ਆਕਾਰੀ ਸਤੂਪ ਬਣਿਆ ਹੋਇਆ ਹੈ, ਜਿਸਦੇ ਮੂਹਰਲੇ ਪਾਸੇ ਵਿਆਖਿਆਨ ਮੁਦਰਾ ਵਿਚ ਬੈਠੇ ਮਹਾਤਮਾ ਬੁੱਧ ਦੀ ਲਗਭਗ 11 ਫੁੱਟ ਉੱਚੀ ਮੂਰਤੀ ਹੈ। ਹਾਲ ਦੇ ਚਾਰੋਂ ਪਾਸੇ ਦੂਜੀ ਮੰਜ਼ਲ ਉੱਤੇ ਬਾਲਕੋਨੀਆਂ ਹਨ, ਜਿਨ੍ਹਾਂ ਤੱਕ ਪਹੁੰਚਣ ਲਈ ਪੌੜੀਆਂ ਮੌਜੂਦ ਹਨ। ਗੁਫਾ ਨੰਬਰ: 11 ਪਹਿਲਾਂ ਤਿਮੰਜ਼ਲੀ ਹੋਇਆ ਕਰਦੀ ਸੀ। ਇਸਦੀ ਹੇਠਲੀ ਮੰਜ਼ਲ ਮਲਬੇ ਥੱਲੇ ਦੱਬੀ ਜਾਣ ਤੋਂ ਬਾਅਦ ਲੋਕਾਂ ਨੇ ਇਸਨੂੰ ‘ਦੋ ਤਾਲ’ ਕਹਿਣਾ ਸ਼ੁਰੂ ਕਰ ਦਿੱਤਾ। ਇਸ ਗੁਫਾ ਦੀ ਇਕ ਵੱਖਰੀ ਗੱਲ ਇਹ ਹੈ ਕਿ ਏਥੇ ਇਕ ਦੀਵਾਰ ਵਿਚ ਮਹਿਸਾਸੁਰਮਰਦਿਨੀ ਅਤੇ ਗਣੇਸ਼ ਵਰਗੀਆਂ ਹਿੰਦੂ ਮੂਰਤੀਆਂ ਵੀ ਉਕਰੀਆਂ ਹੋਈਆਂ ਹਨ। ਜਾਪਦਾ ਹੈ ਕਿ ਇਸ ਗੁਫਾ ਦੇ ਬਣਨ ਵੇਲੇ ਤੱਕ ਬੁੱਧ ਧਰਮ ਉੱਤੇ ਮੁੜ ਹਿੰਦੂ ਧਰਮ ਹਾਵੀ ਹੋਣਾ ਸ਼ੁਰੂ ਹੋ ਗਿਆ ਸੀ। ਅਗਲੀ ਗੁਫਾ ਇਕ ਹੋਰ ਤਿਮੰਜ਼ਲੀ ਗੁਫਾ ਹੈ, ਤੇ ਇਸਨੂੰ ਆਖਦੇ ਵੀ ‘ਤੀਨਤਾਲ’ ਹੀ ਹਨ। ਇਹੋ ਦੋ ਗੁਫਾਵਾਂ, ਨੰਬਰ: 11 ਤੇ 12, ਭਾਰਤ ਦੀਆਂ ਇਕਲੌਤੀਆਂ ਤਿਮੰਜ਼ਲੀਆਂ ਬੋਧੀ ਗੁਫਾਵਾਂ ਹਨ।

ਏਲੋਰਾ ਦੀਆਂ ਗੁਫਾਵਾਂ ਵਿਚੋਂ ਗੁਫਾ ਨੰਬਰ: 12 ਸਭ ਤੋਂ ਬਾਅਦ ਵਿਚ ਬਣੀ ਹੋਈ ਬੋਧੀ ਗੁਫਾ ਹੈ। ਇਸ ਵਿਚ ਬੁੱਧ ਅਤੇ ਬੋੋਧੀਸਤਵਾਂ ਦੀਆਂ ਮੂਰਤੀਆਂ ਦੀ ਭਰਮਾਰ ਹੈ। ਇਥੇ ਬੁੱਧ ਭੂਮੀਸਪਰਸ਼ ਮੁਦਰਾ ਵਿਚ ਵੀ ਹੈ, ਵਰਦ ਮੁਦਰਾ ਵਿਚ ਵੀ, ਧਿਆਨ ਮੁਦਰਾ ਵਿਚ ਵੀ। ਆਪਣਾ ਪਹਿਲਾ ਪ੍ਰਵਚਨ ਦੇਂਦਾ ਹੋਇਆ ਮਹਾਤਮਾ ਬੁੱਧ ਵੀ ਹੈ। ਤਾਰਾ, ਪ੍ਰਾਜਨਪਰਮਿਤਾ, ਜਾਂਭਾਲਾ, ਅਵਾਲੋਕਿਤੇਸ਼ਵਰ ਤੇ ਹੋਰਨਾਂ ਮਰਦ ਤੇ ਨਾਰੀ ਬੋਧੀਸਤਵਾਂ ਦੀਆਂ ਮੂਰਤੀਆਂ ਵੀ ਹਨ। ਕਿਤੇ ਕਿਤੇ ਛੱਤ ਅਤੇ ਕੰਧਾਂ ਉੱਤੇ ਰਹਿਆ ਸਹਿਆ ਰੰਗ ਵੀ ਵੇਖਣ ਨੂੰ ਮਿਲਦਾ ਹੈ।

ਗੁਫਾ ਨੰਬਰ: 13 ਤੋਂ ਸ਼ੁਰੂ ਹੁੰਦੀਆਂ ਨੇ ਹਿੰਦੂ ਗੁਫਾਵਾਂ। ਏਲੋਰਾ ਦੀਆਂ ਹਿੰਦੂ ਗੁਫਾਵਾਂ ਵਿਚ ਸ਼ਿਵ ਦੀ ਸਰਦਾਰੀ ਹੈ, ਭਾਵੇਂ ਕਿਤੇ ਕਿਤੇ ਵਿਸ਼ਨੂੰ ਦੇ ਅਵਤਾਰਾਂ ਦੀਆਂ ਮੂਰਤੀਆਂ ਵੀ ਲਭਦੀਆਂ ਹਨ। ਗੁਫਾ ਨੰਬਰ 13 ਕਿਸੇ ਕਾਰਨ ਅਧੂਰੀ ਹੀ ਛੱਡੀ ਹੋਈ ਹੈ। ਗੁਫਾ ਨੰਬਰ 14 ਨੂੰ ਪਤਾ ਨਹੀਂ ਕਿਉਂ ਏਥੇ ਦੇ ਲੋਕਾਂ ਵਲੋਂ 'ਰਾਵਣ ਕਾ ਖਾਇ' (ਰਾਵਣ ਦਾ ਨਿਵਾਸ) ਆਖਿਆ ਜਾਂਦਾ ਹੈ! ਏਥੇ ਵੀ, ਜਿਵੇਂ ਅਸੀਂ ਪਹਿਲਾਂ ਕੈਲਾਸ਼ ਮੰਦਰ ਵਿਚ ਵੇਖਿਆ ਸੀ, ਰਾਵਣ ਨੂੰ ਕੈਲਾਸ਼ ਪਰਬਤ ਨੂੰ ਝੰਜੋੜਦੇ ਹੋਏ ਵਿਖਾਇਆ ਗਿਆ ਹੈ। ਹੋਰਨਾਂ ਮੂਰਤੀਆਂ ਤੋਂ ਇਲਾਵਾ ਲਲਿਤ ਮੁਦਰਾ (ਸੱਜੇ ਪੈਰ ਉੱਤੇ ਖੜੋ ਕੇ ਖੱਬੇ ਪੈਰ ਨੂੰ, ਧਰਤੀ ਨੂੰ ਛੱਡੇ ਬਗੈਰ, ਲੱਗਭਗ ਹਵਾ ਵਿਚ ਚੁੱਕਦੇ ਹੋਏ) ਵਿਚ ਨੱਚਦੇ ਹੋਏ ਸ਼ਿਵ ਦੀ ਮੂਰਤੀ ਵਿਸ਼ੇਸ਼ ਸ਼ਲਾਘਾ ਦੀ ਪਾਤਰ ਹੈ। ਇਕ ਹੋਰ ਕੰਧ ਵਿਚ ਸਪਤਮਾਤਰਿਕਾ ਦਰਸਾਈ ਹੋਈ ਹੈ। ਏਥੇ ਸੱਤ ਮਾਤਾ ਦੇਵੀਆਂ ਦੀਆਂ ਮੂਰਤੀਆਂ ਹਨ: ਚਮੁੰਡਾ ਦੇਵੀ ਉੱਲੂ ਨਾਲ, ਇੰਦਰਾਨੀ ਹਾਥੀ ਨਾਲ, ਵਰਾਹੀ ਸੂਰ ਨਾਲ, ਲਕਸ਼ਮੀ ਗਰੁੜ ਨਾਲ, ਕੌਮਾਰੀ ਮੋਰ ਨਾਲ, ਮਹੇਸ਼ਵਰੀ ਬਲਦ ਨਾਲ ਤੇ ਸਰਸਵਤੀ ਹੰਸ ਨਾਲ। ਗੁਫਾ ਨੰਬਰ 15 ਨੂੰ 'ਦਸਾਵਤਾਰ' ਆਖਦੇ ਹਨ। ਇਹ ਦੁਮੰਜ਼ਲੀ ਹੈ। ਇਸੇ ਗੁਫਾ ਵਿਚ ਰਾਸ਼ਟਰਕੂਟ ਰਾਜੇ ਕ੍ਰਿਸ਼ਨ ਤੀਜੇ ਦਾ ਉਹ ਸ਼ਿਲਾਲੇਖ ਹੈ ਜਿਸ ਵਿਚ ਇਸ ਰਾਜ ਘਰਾਣੇ ਦੀ ਬੰਸਾਵਲੀ ਦਾ ਜ਼ਿਕਰ ਹੈ। ਇਸ ਗੁਫਾ ਦੀ ਉਪਰਲੀ ਮੰਜ਼ਲ ਵਿਚ ਜ਼ਿਆਦਾਤਰ ਬੋਧੀ ਮੂਰਤੀਆਂ ਹਨ, ਜਦਕਿ ਹੇਠਲੀ ਮੰਜ਼ਲ ਵਿਚ ਹਿੰਦੂ ਮੂਰਤੀਆਂ ਹਨ। ਇਸਤੋਂ ਅੰਦਾਜ਼ਾ ਹੁੰਦਾ ਹੈ ਕਿ ਇਹ ਗੁਫਾ ਸ਼ੁਰੂ ਬੋਧੀਆਂ ਨੇ ਕੀਤੀ ਹੋਵੇਗੀ, ਪਰੰਤੂ ਪੂਰੀ ਹਿੰਦੂਆਂ ਨੇ ਕੀਤੀ ਹੋਵੇਗੀ। ਏਥੇ ਆਲ਼ਿਆਂ ਵਿਚ ਬਣੀਆਂ ਅੰਧਕਾਰੀ, ਨੱਚਦੇ ਸ਼ਿਵ, ਸ਼ਿਵ ਤੇ ਪਾਰਵਤੀ ਦੇ ਵਿਆਹ, ਚੌਸਰ ਖੇਡਦੇ ਹੋਏ ਸ਼ਿਵ ਤੇ ਪਾਰਵਤੀ ਤੇ ਗਿਰੀਧਰ ਗੋਪਾਲ ਦੇ ਰੂਪ ਵਿਚ ਛੇ ਹੱਥਾਂ ਵਾਲੇ ਕ੍ਰਿਸ਼ਨ ਦੀਆਂ ਮੂਰਤੀਆਂ ਸਾਡਾ ਧਿਆਨ

ਖਿਚਦੀਆਂ ਹਨ। ਇਸਤੋਂ ਅਗਲੀ ਗੁਫਾ ਨੰਬਰ 16 ਅਸੀਂ ਪਹਿਲਾਂ ਵੇਖ ਚੁੱਕੇ ਹਾਂ। ਇਸਤੋਂ ਅਗਲੀਆਂ ਕੁਝ ਗੁਫਾਵਾਂ ਵਿਚ ਵੇਖਣ ਵਾਲੀ ਕੋਈ ਖਾਸ ਗੱਲ ਹੈ ਨਹੀਂ। ਗੁਫਾ ਨੰਬਰ 21, ਜਿਸਨੂੰ ਰਾਮੇਸ਼ਵਰ ਦੇ ਨਾਂਅ ਨਾਲ ਜਾਣਿਆ ਜਾਂਦਾ ਹੈ, ਵਿਚ ਅਸੀਂ ਵੀਣਾਧਾਰੀ ਸ਼ਿਵ ਤੇ ਗਣੇਸ਼ ਦੇ ਨਾਲ ਨਾਲ ਇਕ ਵਾਰ ਫੇਰ ਸਪਤਮਾਤਰਿਕਾ ਦੀਆਂ ਮੂਰਤੀਆਂ ਵੇਖਦੇ ਹਾਂ। ਗੁਫਾ ਨੰਬਰ 22 ਨੂੰ ਨੀਲਕੰਠ ਆਖਦੇ ਹਨ, ਜਿਸਦੇ ਅੰਦਰ ਅਸੀਂ ਨਹੀਂ ਜਾਂਦੇ। ਗੁਫਾ ਨੰਬਰ 24 ਨੂੰ ‘ਤੇਲੀ ਦਾ ਘਾਣਾ’ ਆਖਦੇ ਹਨ। ਪਤਾ ਨਹੀਂ ਕਿਉਂ! ਗੁਫਾ ਨੰਬਰ 25 ਨੂੰ ਕੁੰਭਰਵਾੜਾ ਆਖਦੇ ਹਨ। ਗਾਈਡ ਆਖਦਾ ਹੈ ਕਿ ਇਸ ਵਿਚ ਕੁਬੇਰ ਦੀ ਬੜੀ ਸੁੰਦਰ ਮੂਰਤੀ ਹੈ, ਪਰੰਤੂ ਓਧਰ ਜਾਣ ਨਾਲ ਬਾਕੀ ਦੀਆਂ ਹਿੰਦੂ ਗੁਫਾਵਾਂ ਵੇਖਣ ਜੋਗਾ ਸਾਡੇ ਕੋਲ ਸਮਾਂ ਨਹੀਂ ਬਚੇਗਾ। ਜੈਨ ਗੁਫਾਵਾਂ ਤੱਕ ਪੁੱਜਣ ਲਈ ਅਸੀਂ ਪਾਰਕਿੰਗ ਵਿਚ ਖੜ੍ਹੀ ਆਪਣੀ ਟੈਕਸੀ ਬੁਲਾ ਲੈਂਦੇ ਹਾਂ।

ਗਾਈਡ ਸਭ ਤੋਂ ਪਹਿਲਾਂ ਸਾਨੂੰ ਗੁਫਾ ਨੰਬਰ 32 ਵਿਖਾਉਣ ਲੈ ਜਾਂਦਾ ਹੈ, ਕਿਉਂਕਿ ਉਸ ਮੁਤਾਬਕ ਜੈਨ ਗੁਫਾ ਸਮੂਹ ਵਿਚੋਂ ਇਹੋ ਸਭ ਤੋਂ ਵੱਧ ਰੌਚਕ ਹੈ। ਇਸਨੂੰ ਇੰਦਰ ਸਭਾ ਆਖਦੇ ਹਨ। ਵਿਹੜੇ ਦੇ ਵਿਚਕਾਰ ਥੜ੍ਹੇ ਉੱਤੇ ਬਣਿਆ ਮੰਡਪ ਹੈ। ਸੱਜੇ ਹੱਥ ਇਕ ਵਿਸ਼ਾਲ ਹਾਥੀ ਹੈ ਤੇ ਖੱਬੇ ਬੰਨੇ ਬਹੁਤ ਹੀ ਸੁੰਦਰ ਮਨਸਤੰਭ ਖੜ੍ਹਾ ਹੈ। ਗਾਈਡ ਦੱਸਦਾ ਹੈ ਕਿ ਇਹ ਸਤੰਭ ਟੁਕੜੇ ਟੁਕੜੇ ਹੋਇਆ ਪਿਆ ਸੀ। ਕਾਰੀਗਰਾਂ ਨੇ ਇਸਨੂੰ ਜੋੜ ਕੇ ਮੁੜ ਖੜ੍ਹਾ ਕੀਤਾ ਹੈ। ਧਿਆਨ ਮੁਦਰਾ ਵਿਚ ਬੈਠੇ ਤੀਰਥੰਕਰ ਦੀ ਮੂਰਤੀ ਵੀ ਸਾਡਾ ਧਿਆਨ ਖਿਚਦੀ ਹੈ। ਅੱਗੇ ਜਾ ਕੇ ਬਹੁਤ ਹੀ ਬਾਰੀਕਬੀਨੀ ਨਾਲ ਘੜੀਆਂ ਹੋਈਆਂ ਦੋ ਮੂਰਤੀਆਂ ਹਨ, ਹਾਥੀ ਉੱਤੇ ਬੈਠਾ ਯਕਸ਼ ਅਤੇ ਸ਼ੇਰ ਦੀ ਸਵਾਰੀ ਕਰਦੀ ਹੋਈ ਯਾਕਸ਼ੀ ਵੀ ਹੈ। ਪਾਰਸਵਨਾਥ ਅਤੇ ਗੋਮੱਤਾ ਦੀਆਂ ਮੂਰਤੀਆਂ ਹਨ। ਇਸੇ ਗੁਫਾ ਦੇ ਉੱਪਰ ਜੁੜਵੀਂ ਇਕ ਹੋਰ ਗੁਫਾ ਹੈ, ਜਿਹੜੀ ਏਸੇ ਗੁਫਾ ਦਾ ਲਘੂ ਰੂਪ ਹੈ। ਅੰਦਰੋ ਅੰਦਰ ਇਕ ਹੋਰ ਗੁਫਾ ਵਿਚ ਲਿਜਾ ਕੇ ਗਾਈਡ ਬਹੁਤ ਸੁੰਦਰ ਮਿਥੁਨ (ਕਾਮੁਕ ਮਿਜਾਜ਼ ਵਿਚ ਮਰਦ ਤੇ ਔਰਤ ਦੀ ਮੂਰਤੀ) ਵਿਖਾਉਂਦਾ ਹੈ। ਧਨ ਦੇ ਦੇਵਤੇ ਮਾਤੰਗ ਅਤੇ ਸਮ੍ਰਿਧੀ ਦੀ ਦੇਵੀ ਸਿਧਾਇਕਾ ਦੀਆਂ ਮੂਰਤੀਆਂ ਵੀ ਬਹੁਤ ਹੀ ਸੁੰਦਰ ਹਨ। ਇਸ ਗੁਫਾ ਦੀਆਂ ਦੀਵਾਰਾਂ ਅਤੇ ਛੱਤਾਂ ਉੱਤੇ ਕਈ ਥਾਂਵਾਂ ’ਤੇ ਕਮਾਲ ਦੀ ਚਿਤਰਕਾਰੀ ਅਜੇ ਵੀ ਬਚੀ ਹੋਈ ਹੈ। ਗੋਲੀਆਂ ਵਿਚ ਘਿਰੇ ਹੋਏ ਉਡਦੇ ਗੰਦਰਵਾਂ ਦੇ ਕਈ ਚਿਤਰ ਹਨ। ਇਕ ਹੋਰ ਥਾਂ ਅੰਤਰਾਲ ਉੱਤੇ ਅਸ਼ਟ ਭੁਜਾਈ ਦੇਵੀ ਨੂੰ ਚਤੁਰ ਨਾਚ ਦੀ ਮੁਦਰਾ ਵਿਚ ਉਕਰਿਆ ਗਿਆ ਹੈ। ਮੇਰਾ

ਪਹਿਲਾ ਪ੍ਰਭਾਵ ਹੈ ਕਿ ਅਸੀਂ ਪਹਿਲੀਆਂ ਗੁਫਾਵਾਂ ਦਾ ਦੁਹਰਾਅ ਮਾਤਰ ਵੇਖ ਰਹੇ ਹਾਂ। ਇਹੋ ਜਿਹੇ ਅਨੇਕਾਂ ਬੁੱਤ ਅਸੀਂ ਦੂਜੀਆਂ ਗੁਫਾਵਾਂ ਵਿਚ ਤੱਕਦੇ ਆਏ ਹਾਂ। ਬੱਸ ਫਰਕ ਏਨਾ ਹੈ ਕਿ ਏਥੇ ਜੈਨ ਦਿਗੰਬਰਾਂ ਦੀਆਂ ਮੂਰਤੀਆਂ ਹਨ, ਕਿਉਂਕਿ ਇਹ ਜੈਨ ਗੁਫਾਵਾਂ ਹਨ। ਪਰੰਤੂ ਹੌਲੀ ਹੌਲੀ ਬਦਲਵਾਂ ਪ੍ਰਭਾਵ ਹਾਵੀ ਹੋਣ ਲਗਦਾ ਹੈ। ਏਲੋਰਾ ਦੀ ਇਕੱਲੀ ਇਕੱਲੀ ਗੁਫਾ ਆਪਣੇ ਆਪ ਵਿਚ ਇਕ ਅਜੂਬਾ ਹੈ। ਸਾਰੀਆਂ ਗੁਫਾਵਾਂ ਨੂੰ ਮਿਲਾ ਕੇ ਅਜੂਬਿਆਂ ਦੀ ਅਟੁੱਟ ਅਤੇ ਵਿਸ਼ਾਲ ਪ੍ਰਦਰਸ਼ਨੀ ਬਣਦੀ ਹੈ।

ਅਗਲੀ ਗੁਫਾ, ਜਿਹੜੀ ਅਸੀਂ ਵੇਖਣ ਜਾਂਦੇ ਹਾਂ, ਉਹ ਹੈ ਨੰਬਰ 30 ਗੁਫਾ। ਗੋਪੁਰ ਵਰਗੀ ਡਿਉਡੀ ਵਿਚੀਂ ਦਾਖਲ ਹੁੰਦਿਆਂ ਸਾਡਾ ਗਾਈਡ ਦੱਸਦਾ ਹੈ ਕਿ ਇਸ ਗੁਫਾ ਨੂੰ ਅਸੀਂ ਛੋਟਾ ਕੈਲਾਸ਼ ਵੀ ਆਖਦੇ ਹਾਂ, ਕਿਉਂਕਿ ਕਾਫੀ ਹੱਦ ਤੀਕ ਇਹ ਕੈਲਾਸ਼ ਮੰਦਰ ਦਾ ਪ੍ਰਤਿਰੂਪ ਹੀ ਜਾਪਦੀ ਹੈ। ਅੰਦਰ ਵੜਦਿਆਂ ਫੇਰ ਸਾਨੂੰ ਉਹੋ ਜਿਹੇ ਦਿਓਕੱਦ ਬੁੱਤ ਦਿਸਦੇ ਹਨ। ਸਭ ਤੋਂ ਪਹਿਲਾਂ ਸਾਡਾ ਧਿਆਨ ਬਾਰਾਂ ਬਾਹਾਂ ਵਾਲੀ ਦੇਵੀ ਦੀ ਮੂਰਤੀ ਵੱਲ ਜਾਂਦਾ ਹੈ। ਪਰੰਤੂ ਗਾਈਡ ਨੂੰ ਇਸ ਵਿਚ ਕੋਈ ਰੁਚੀ ਨਹੀਂ ਜਾਪਦੀ। ਉਹ ਸਿੱਧਾ ਸਾਨੂੰ ਮੰਦਰ ਦੇ ਅੰਤਰਾਲ ਤੱਕ ਲੈ ਜਾਂਦਾ ਹੈ ਤੇ ਦੋਵਾਂ ਦੀਵਾਰਾਂ ਵਿਚ ਖੜੋਤੇ ਤੀਰਥੰਕਰਾਂ ਵੱਲ ਧਿਆਨ ਦਿਵਾਉਂਦਾ ਹੈ। ਮੰਦਰ ਦੇ ਅੰਦਰ ਭਗਵਾਨ ਮਹਾਂਵੀਰ ਦੀ ਮੂਰਤੀ ਹੈ। ਆਲੇ ਦੁਆਲੇ ਯਕਸ਼ ਤੇ ਯਾਕਸ਼ੀ ਉਸਦੀ ਹਜ਼ੂਰੀ ਵਿਚ ਖੜੋਤੇ ਹਨ। ਭਗਵਾਨ ਮਹਾਂਵੀਰ ਬਾਰੇ ਗਾਈਡ ਸੰਖੇਪ ਵਿਚ, ਤੇ ਸਾਡੇ ਹਿਸਾਬ ਨਾਲ ਬੜੀ ਜਾਇਜ਼, ਜਾਣਕਾਰੀ ਦੇਂਦਾ ਹੈ ਕਿ ਅਸਲ ਵਿਚ ਜੈਨੀਆਂ ਦਾ ਇਹੋ, ਚੌਵੀਵਾਂ, ਤੀਰਥੰਕਰ (ਜਿਸਨੂੰ 'ਜੀਨ' ਜਾਂ 'ਅਰੀਹੰਤ' ਵੀ ਕਿਹਾ ਜਾਂਦੈ) ਇਤਿਹਾਸਕ ਹੈ, ਇਸਤੋਂ ਪਹਿਲਾਂ ਦੇ ਤੇਈ ਤੀਰਥੰਕਰ ਮਿਥਿਹਾਸਕ ਹਨ। ਭਗਵਾਨ ਮਹਾਂਵੀਰ (599-527 ਈਸਾ ਪੂਰਵ) ਹੀ ਜੈਨ ਧਰਮ ਦਾ ਬਾਨੀ ਸੀ। "ਪਰ ਸਾਨੂੰ ਤਾਂ ਭਗਵਾਨ ਮਹਾਂਵੀਰ ਦੀ ਮੂਰਤੀ ਮਹਾਤਮਾ ਬੁੱਧ ਵਰਗੀ ਹੀ ਜਾਪਦੀ ਹੈ! ਕੋਈ ਵੱਖਰੀ ਪਛਾਣ ਹੈ ਇਸਦੀ?", ਮੈਂ ਥੋੜ੍ਹਾ ਸੰਗਦਿਆਂ ਸੰਗਦਿਆਂ, ਜਾਂ ਹਿਚਕਚਾਂਦਿਆਂ ਹੋਇਆਂ ਸਵਾਲ ਕੀਤਾ। "ਭਗਵਾਨ ਮਹਾਂਵੀਰ ਦੇ ਮੱਥੇ ਉੱਤੇ ਤੁਸੀਂ ਹਮੇਸ਼ਾ ਤਿੰਨ ਲਕੀਰਾਂ ਵੇਖੋਗੇ", ਗਾਈਡ ਨੇ ਇੰਞ ਸੁਭਾਉਕਾ ਜੁਆਬ ਦਿੱਤਾ, ਜਿਵੇਂ ਇਹ ਸਵਾਲ ਉਸਨੂੰ ਹਰ ਸੈਲਾਨੀ ਪਾਉਂਦਾ ਹੋਵੇ! "ਇਕ ਲਕੀਰ ਗਿਆਨ ਦੀ, ਦੂਜੀ ਦ੍ਰਿਸ਼ਟੀ ਦੀ, ਤੀਜੀ ਚਰਿੱਤਰ ਦੀ।"ਗੁਫਾ ਨੰਬਰ 31 ਵਿਚ ਗਾਈਡ ਸਾਡਾ ਧਿਆਨ ਪਰਸਵਨਾਥ ਦੀ ਮੂਰਤੀ ਵੱਲ ਦਿਵਾਉਂਦਾ ਹੈ। ਉਸਦੀ

ਹਜ਼ੂਰੀ ਵਿਚ ਛਤਰੀ ਫੜੀ ਇਕ ਸੁੰਦਰ ਔਰਤ ਦੇ ਨਾਲ ਨਾਲ ਹੋਰ ਗਣ (ਬੌਣੇ ਅਰਦਲੀ) ਵੀ ਹਨ। ਇਕ ਗਣ, ਜਿਸਦੇ ਢਿੱਡ ਉੱਤੇ ਮੂੰਹ ਉਕਰਿਆ ਹੋਇਆ ਹੈ, ਨੂੰ ਉਦਰੇਮੁਖ ਆਖਦੇ ਹਨ। ਇਹ ਦੋ ਗੁਫਾਵਾਂ ਵਿਖਾ ਕੇ ਗਾਈਡ ਆਖਦਾ ਹੈ ਕਿ ਬਾਕੀ ਦੀਆਂ ਗੁਫਾਵਾਂ ਵਿਚ ਕੁਝ ਖਾਸ ਵੇਖਣਯੋਗ ਨਹੀਂ ਹੈ। ਹਾਂ, ਗੁਫਾਵਾਂ ਦੇ ਉਪਰਲੇ ਪਾਸੇ ਇਕ ਮੰਦਿਰ ਹੈ, ਜਿਥੇ 1234 ਈਸਵੀ ਵਿਚ ਸਥਾਪਤ ਕੀਤੀ ਗਈ ਪਾਰਸਵਨਾਥ ਦੀ ਵਿਸ਼ਾਲ ਮੂਰਤੀ ਹੈ। ਇਹ ਜੈਨੀਆਂ ਦਾ ਪਵਿਤਰ ਤੀਰਥ ਹੈ, ਇਸਲਈ ਇਧਰ ਆਇਆ ਹਰ ਜੈਨੀ ਉਥੇ ਪੂਜਾ ਕਰਨ ਜ਼ਰੂਰ ਜਾਂਦਾ ਹੈ। ਅਸੀਂ ਸਮਝ ਗਏ ਕਿ ਗਾਈਡ ਨੇ ਮਿਥੇ ਸਮੇਂ ਵਿਚ ਸਾਨੂੰ ਜੋ ਵਿਖਾਣਾ ਸੀ, ਵਿਖਾ ਦਿੱਤਾ ਹੈ। ਇਸਲਈ ਅਸੀਂ ਕਾਰ ਵਿਚ ਬੈਠੇ ਅਤੇ ਮੁੜ ਕੈਲਾਸ਼ ਮੰਦਰ ਦੇ ਸਾਹਮਣੇ ਆ ਉਤਰੇ। "ਹੁਣ ਤੁਸੀਂ ਆਪਣਾ ਚਾਅ ਪੂਰਾ ਜ਼ਰੂਰ ਕਰੋ, ਸਾਹਬ ਜੀ! ਆਹ ਖੱਬੇ ਪਾਸਿਓਂ ਪਹਾੜੀ ’ਤੇ ਚੜ੍ਹ ਜਾਓ ਤੇ ਉਪਰੋਂ ਉਪਰੋਂ ਮੰਦਿਰ ਦੀ ਪੂਰੀ ਪ੍ਰਕਰਮਾ ਕਰ ਕੇ ਸੱਜੇ ਪਾਸਿਓਂ ਹੇਠਾਂ ਉਤਰ ਆਇਓ! ਉੱਤੋਂ ਬਿਲਕੁਲ ਅਲੱਗ ਦ੍ਰਿਸ਼ ਦਿਸਣਗੇ! ਪਰੰਤੂ ਕਿਤੇ ਵੀ ਬੇਧਿਆਨੇ ਨਾ ਹੋਇਓ! ਪੈਰ ਤਿਲਕਣ ਤੋਂ ਬਚਾਇਓ!" ਗਾਈਡ ਦੀਆਂ ਹਦਾਇਤਾਂ ਸੁਣ ਕੇ ਅਸੀਂ ਉਸਦਾ ਹਿਸਾਬ ਨਿਪਟਾ ਦਿੱਤਾ। ਰੀਟਾ ਨੇ ਮੇਰੇ ਨਾਲ ਚੱਲਣ ਤੋਂ ਮਨ੍ਹਾ ਕਰ ਦਿੱਤਾ। ਖਬਰੇ ਤਿਲਕਣ ਤੋਂ ਡਰ ਗਈ ਸੀ! ਖਬਰੇ ਥੱਕ ਗਈ ਸੀ! ਖਬਰੇ ਅਗਲੀਆਂ ਥਾਂਵਾਂ ਲਈ ਤਾਕਤ ਬਚਾ ਕੇ ਰੱਖਣਾ ਚਾਹੁੰਦੀ ਸੀ!

ਵਾਧੂ ਜ਼ਿੱਦ ਕੀਤੇ ਬਗੈਰ ਮੈਂ ਪਹਾੜੀ ਉੱਤੇ ਚੜ੍ਹ ਜਾਂਦਾ ਹਾਂ। ਉਪਰੋਂ-ਉਪਰੋਂ ਮੈਂ ਮੰਦਿਰ ਦੀ ਪੂਰੀ ਪਰਿਕਰਮਾ ਕਰਦਾ ਹਾਂ ਅਤੇ ਕੈਮਰੇ ਵਿਚ ਉਹ ਦ੍ਰਿਸ਼ ਕੈਦ ਕਰਨ ਦੀ ਕੋਸ਼ਿਸ਼ ਕਰਦਾ ਹਾਂ, ਜਿਹੜੇ ਹੇਠੋਂ ਨਹੀਂ ਦਿਸਦੇ। ਮਸਲਨ ਮੰਦਰ ਦੀ ਛੱਤ ਉੱਤੇ ਬਣੇ ਅਨੇਕਾਂ ਬੁੱਤ ਹੇਠਾਂ ਖੜੋਤਿਆਂ ਨੂੰ ਦਿਸ ਹੀ ਨਹੀਂ ਸਕਦੇ! ਹੁਣ ਮੈਨੂੰ ਪੂਰੀ ਸ਼ਿੱਦਤ ਨਾਲ ਅਹਿਸਾਸ ਹੁੰਦਾ ਹੈ ਕਿ ਏਨੇ ਵੱਡੇ ਇਲਾਕੇ ਵਿਚ ਫੈਲਿਆ, ਬੁੱਤ-ਤਰਾਸ਼ੀ ਦੇ ਆਹਲਾ ਨਮੂਨੇ ਸਾਂਭੀ ਬੈਠਾ ਕੈਲਾਸ਼ ਮੰਦਰ ਅਸਲ ਵਿਚ ਵੱਖੋ ਵੱਖਰੀਆਂ ਮੂਰਤੀਆਂ ਨਹੀਂ, ਬਲਕਿ ਇਕੋ ਚਟਾੱਨ ਨੂੰ ਘੜ ਕੇ ਬਣਾਈ ਹੋਈ ਇਕੋ ਅਤੀ ਜਟਿਲ ਮੂਰਤੀ ਹੈ। ਹੁਣ ਮੇਰੇ ਮਨ ਵਿਚ ਇਹ ਗੱਲ ਪਹਿਲੀ ਵਾਰ ਲੱਥੀ ਹੈ ਕਿ ਇਕ ਆਹਲਾ ਅਜੂਬੇ ਨੂੰ ਮੈਂ ਸਿਖਰ ਤੋਂ ਤੱਕ ਰਿਹਾ ਹਾਂ। ਦੁਨੀਆਂ ਭਰ ਵਿਚ ਮੈਨੂੰ ਹੋਰ ਕਿਸੇ ਅਜੂਬੇ ਬਾਰੇ ਨਹੀਂ ਪਤਾ ਜਿਸਨੂੰ ਤੁਸੀਂ ਉੱਪਰੋਂ ਵੀ ਪੈਦਲ ਤੁਰ ਕੇ ਵੇਖ ਸਕਦੇ ਹੋ! ਕਿਵੇਂ ਇਕ ਇਨਸਾਨ ਏਨਾ ਠਾਠਦਾਰ, ਰੋਹਬਦਾਰ, ਵਿਸ਼ਾਲ ਅਜੂਬਾ ਸਿਰਜ ਸਕਦੈ! ਇਹ ਸੋਚ

ਸੋਚ ਮੈਂ ਭਵੰਤਰਿਆ ਜਿਹਾ ਗਿਆ ਹਾਂ! ਹੁਣ ਮੇਰੀ ਹਾਲਤ ਅਜਿਹੀ ਹੈ ਜਿਵੇਂ ਕੋਈ ਸਧਾਰਣ ਪੇਂਡੂ ਪਹਿਲੀ ਵਾਰੀ ਕਿਸੇ ਵੱਡੇ ਸ਼ਹਿਰ ਵਿਚ ਗਿਆ ਹੋਵੇ ਤੇ ਬਹੁਮੰਜ਼ਲੀਆਂ ਇਮਾਰਤਾਂ ਨੂੰ ਵੇਖ-



ਵੇਖ ਸੁੰਨ ਜਿਹਾ ਹੋ ਗਿਆ ਹੋਵੇ! ਹੁਣ ਮੈਂ ਖੁਦ ਇਸ ਅਜੂਬੇ ਦਾ ਭਾਗ ਬਣਿਆ ਖੜੋਤਾ ਇਕ ਬੁੱਤ ਬਣ ਗਿਆ ਜਾਪਦਾ ਹਾਂ!

## 4.ਸੂਫੀ ਸੰਤਾਂ ਦੀ ਵਾਦੀ

ਏਲੋਰਾ ਤੋਂ ਬਾਅਦ ਸਾਡਾ ਅਗਲਾ ਪੜਾਅ ਹੈ ਔਰੰਗਜ਼ੇਬ ਦਾ ਮਕਬਰਾ। ਛੇਵੇਂ ਮੁਗ਼ਲ ਬਾਦਸ਼ਾਹ ਔਰੰਗਜ਼ੇਬ ਦੀ ਮੌਤ ਅਹਿਮਦਨਗਰ ਨੇੜੇ 1707 ਈਸਵੀ ਵਿਚ ਹੋਈ ਸੀ। ਉਸਦੀ ਇੱਛਾ ਮੁਤਾਬਕ ਉਸਨੂੰ ਖੁਲਦਾਬਾਦ ਵਿਚ ਉਸਦੇ ਧਾਰਮਿਕ ਗੁਰੂ ਸੰਤ ਸਈਅਦ ਜ਼ੈਨਉੱਦੀਨ ਸ਼ੀਰਾਜ਼ੀ ਦੀ ਕਬਰ ਨੇੜੇ ਦਫਨਾਇਆ ਗਿਆ। ਇਸ ਸੰਤ ਦੀ ਮੌਤ ਇਸੇ ਸ਼ਹਿਰ ਵਿਚ 1370 ਵਿਚ ਹੋਈ ਸੀ। ਅਸਲ ਵਿਚ ਅਨੇਕਾਂ ਸੂਫੀ ਸੰਤ ਚੌਦਵੀਂ ਸਦੀ ਵਿਚ ਇਸ ਇਲਾਕੇ ਵਿਚ ਆ ਵਸੇ ਸਨ, ਜਿਸ ਕਰ ਕੇ ਖੁਲਦਾਬਾਦ ਨੂੰ 'ਸੰਤਾਂ ਦੀ ਵਾਦੀ' ਵਜੋਂ ਜਾਣਿਆ ਜਾਣ ਲੱਗਾ। ਖੁਲਦਾਬਾਦ ਦਾ ਅਰਥ ਹੈ 'ਸੁਰਗਾਂ ਦਾ ਵਾਸਾ'। ਇਸ ਸ਼ਹਿਰ ਦਾ ਪਹਿਲਾ ਨਾਂਅ ਸੀ ਰੌਜ਼ਾ, ਜਿਸਦਾ ਅਰਥ ਹੁੰਦੈ 'ਸੁਰਗ ਬਾਗ਼'। ਇਸ ਵਾਦੀ ਵਿਚ ਡੇਢ ਹਜ਼ਾਰ ਦੇ ਕਰੀਬ ਸੂਫੀ ਸੰਤਾਂ ਦੀਆਂ ਮਜ਼ਾਰਾਂ ਮੌਜੂਦ ਹਨ। ਇਨ੍ਹਾਂ ਵਿਚ ਪੰਦਰਾਂ ਵੀਹ ਉੱਘੇ ਸੂਫੀ ਸੰਤਾਂ ਦੀਆਂ ਦਰਗਾਹਾਂ ਸ਼ਾਮਲ ਹਨ, ਜਿਨ੍ਹਾਂ ਵਿਚ ਸ਼ੇਖ ਜ਼ੈਨਉੱਦੀਨ ਸ਼ੀਰਾਜ਼ੀ ਤੋਂ ਇਲਾਵਾ ਜ਼ਰ ਜ਼ਰੀ ਜ਼ਰ ਬਖਸ਼ ਤੇ ਸ਼ੇਖ ਬੁਰ੍ਹਾਨੁੱਦੀਨ ਗ਼ਰੀਬ ਚਿਸ਼ਤੀ ਵੀ ਹਨ। ਔਰੰਗਾਬਾਦ ਦੇ ਮੋਢੀ ਮਲਿਕ ਅੰਬਰ ਦੀ ਕਬਰ ਵੀ ਏਥੇ ਹੀ ਹੈ। ਹੈਦਰਾਬਾਦ ਦੇ ਪਹਿਲੇ ਨਿਜ਼ਾਮ ਆਸਫ ਜਾਹ ਪਹਿਲੇ ਦੀ ਕਬਰ ਵੀ ਇਥੇ ਹੀ ਮੌਜੂਦ ਹੈ।

ਪੰਜਾਂ ਸੱਤਾਂ ਮਿੰਟਾਂ 'ਚ ਅਸੀਂ ਖੁਲਦਾਬਾਦ ਪਹੁੰਚ ਜਾਂਦੇ ਹਾਂ। ਔਰੰਗਜ਼ੇਬ ਦੇ ਮਕਬਰੇ ਵੱਲ ਜਾਂਦੇ ਪੈਦਲ ਰਾਹ ਦੇ ਦੋਵੀਂ ਪਾਸੀਂ ਰੰਗ ਬਰੰਗੀਆਂ ਦੁਕਾਨਾਂ ਹਨ, ਜਿਹੜੀਆਂ ਪੂਜਾ ਸਮਗਰੀ ਤੋਂ ਇਲਾਵਾ ਟੂਰਿਸਟਾਂ ਲਈ ਬੈਗਾਂ, ਖਿਡੌਣਿਆਂ, ਰੁਮਾਲਾਂ, ਇਤਰਾਂ ਦੀਆਂ ਨਿੱਕੀਆਂ-ਨਿੱਕੀਆਂ ਸ਼ੀਸ਼ੀਆਂ ਤੇ ਹੋਰ ਨਿਕਸੁਕ ਨਾਲ ਤੁੰਨੀਆਂ ਪਈਆਂ ਹਨ। ਦਾੜ੍ਹੀਆਂ, ਮੁੱਛਾਂ ਤੇ ਟੋਪੀਆਂ ਤੋਂ ਮੁਸਲਮਾਨ ਜਾਪਦੇ ਕਈ ਆਦਮੀ ਕਾਹਲੀ-ਕਾਹਲੀ ਅੰਦਰ ਵੱਲ ਜਾ ਰਹੇ ਹਨ। ਅਸੀਂ ਸੋਚਦੇ ਹਾਂ ਕਿ ਅੱਜ ਵੀ ਏਥੇ ਔਰੰਗਜ਼ੇਬ ਦੀ ਕਿੰਨੀ ਮਾਨਤਾ ਹੈ! ਗੇਟ ਕੋਲ ਪਹੁੰਚ ਕੇ ਵੇਖਦੇ ਹਾਂ ਕਿ ਔਰੰਗਜ਼ੇਬ ਦੇ ਮਕਬਰੇ ਬਾਰੇ ਛੋਟਾ ਜਿਹਾ ਬੋਰਡ ਹੈ ਤੇ ਹਜ਼ਰਤ ਖਵਾਜਾ ਜ਼ੈਨਉੱਦੀਨ ਦੀ ਦਰਗਾਹ ਦਾ ਬੋਰਡ ਕਿਤੇ ਵੱਡਾ! ਪਰੰਤੂ ਅਸਲੋਂ ਸਾਡਾ ਭਰਮ ਅੰਦਰ ਪਹੁੰਚ ਕੇ ਦੂਰ ਹੁੰਦਾ

ਹੈ। ਵਿਹੜੇ ਦੇ ਇਕ ਪਾਸੇ ਮਸਜਿਦ ਹੈ ਤੇ ਇਹ ਲੋਕ ਅਸਲ ਵਿਚ ਨਮਾਜ਼ੇ ਪੇਸ਼ੀਨ ਪੜ੍ਹਨ ਦੀ ਕਾਹਲ ਵਿਚ ਸਨ।

ਅਸੀਂ ਸਿੱਧੇ ਸਮਰਾਟ ਔਰੰਗਜ਼ੇਬ ਆਲਮਗੀਰ ਦੀ ਮਜ਼ਾਰ ਵੱਲ ਜਾਂਦੇ ਹਾਂ। ਨੀਲੇ ਅਸਮਾਨ ਦੀ ਛੱਤ ਹੇਠਾਂ ਛੇ ਕੁ ਇੰਚ ਉੱਚੇ ਸੰਗਮਰਮਰ ਦੇ ਥੜ੍ਹੇ ਉੱਤੇ ਮਿੱਟੀ ਦੀ ਕਬਰ, ਤੇ ਉਸ ਉੱਤੇ ਉਗਿੱਆ ਨਿਆਜਬੋ ਦਾ ਇਕਲੌਤਾ ਬੂਟਾ। ਕਬਰ ਨੂੰ ਕੋਰੀ ਚਿੱਟੀ ਚਾਦਰ ਨਾਲ ਢਕਿਆ ਹੋਇਆ ਹੈ ਤੇ ਉੱਪਰ ਰੱਖੇ ਹੋਏ ਨੇ ਲਾਲ ਗੁਲਾਬ ਦੇ ਫੁੱਲ ਪੱਤੀਆਂ। ਆਲ਼ੇ-ਦੁਆਲ਼ੇ ਚਿੱਟੇ ਸੰਗਮਰਮਰ ਦੀ ਜਾਲੀ ਦੀ ਵਾੜ ਕੀਤੀ ਹੋਈ ਹੈ। ਅਸੀਂ ਕਿਆਸ ਕਰ ਰਹੇ ਸਾਂ ਕਿ ਇਹ ਥੋੜ੍ਹੀ ਜਿਹੀ ਸੰਗਮਰਮਰ ਲੱਗਣ ਤੋਂ ਪਹਿਲਾਂ ਤਾਂ ਇਹ ਕਬਰ ਬੱਸ ਇਕ ਗਰੀਬੜੇ ਇਨਸਾਨ ਦੀ ਕਬਰ ਵਰਗੀ ਹੀ ਹੁੰਦੀ ਸੀ! ਤੇ ਸੋਚੋ ਕਿ ਇਹ ਉਸ ਮੁਗ਼ਲ ਸ਼ਹਿਨਸ਼ਾਹ ਦੀ ਕਬਰ ਹੈ ਜਿਸਨੇ ਭਾਰਤੀ ਉਪਮਹਾਂਦੀਪ ਉੱਤੇ ਪੰਜਾਹ ਵਰ੍ਹਿਆਂ ਤੱਕ ਰਾਜ ਕੀਤਾ! ਜਿਸਦੀ ਮਾਂ ਮੁਮਤਾਜ ਮਹਿਲ ਦੀ ਯਾਦ ਵਿਚ ਉਸਾਰੇ ਗਏ ਮਕਬਰੇ ਤਾਜ ਮਹਿਲ ਦੀ ਗਿਣਤੀ ਦੁਨੀਆਂ ਭਰ ਦੇ ਅਜੂਬਿਆਂ ਵਿਚ ਹੁੰਦੀ ਹੈ! ਜਿਸਦੀ ਆਪਣੀ ਬੀਵੀ ਦੀ ਯਾਦ ਵਿਚ ਉਸਾਰਿਆ ਗਿਆ ਬੀਬੀ ਦਾ ਮਕਬਰਾ ਭਾਰਤ ਦੇ ਵੱਡੇ ਸਮਾਰਕਾਂ ਵਿਚ ਸ਼ਾਮਲ ਹੈ!

ਸਾਡੀਆਂ ਸੋਚਾਂ ਵਿਚੋਂ ਸਾਨੂੰ ਇਕ ਆਵਾਜ਼ ਨੇ ਇਕਦਮ ਬਾਹਰ ਕੱਢਿਆ। ਇਹ ਆਵਾਜ਼ ਉੱਥੇ ਖੜੋਤੇ ਇਕ ਨੇਤਰਹੀਣ ਨੌਜੁਆਨ ਦੀ ਸੀ। ਆਪਣੇ ਆਪ ਹੀ ਸਾਡਾ ਗਾਈਡ ਬਣ ਕੇ ਉਸਨੇ ਦੱਸਣਾ ਸ਼ੁਰੂ ਕੀਤਾ ਕਿ ਸ਼ਹਿਨਸ਼ਾਹ ਔਰੰਗਜ਼ੇਬ ਅਠਾਸੀ ਸਾਲ ਦੀ ਉਮਰ ਭੋਗ ਕੇ ਫੌਤ ਹੋਇਆ। ਆਪਣੀ ਮੌਤ ਤੋਂ ਕੁਝ ਵਰ੍ਹੇ ਪਹਿਲਾਂ ਹੀ ਉਸਨੇ ਆਪਣੇ ਮਕਬਰੇ ਲਈ ਆਪਣੇ ਹੱਥੀਂ ਕੰਮ ਕਰ ਕੇ ਕੁਝ ਪੂੰਜੀ ਜੋੜਨੀ ਸ਼ੁਰੂ ਕਰ ਦਿੱਤੀ ਸੀ। ਕਹਿੰਦੇ ਨੇ ਕਿ ਟੋਪੀਆਂ ਉਣ ਕੇ ਉਸਨੇ ਚੌਦਾਂ ਰੁਪਏ ਬਾਰਾਂ ਆਨੇ ਕਮਾਏ ਜਿਹੜੇ ਉਹ ਆਪਣੇ ਮਕਬਰੇ ਉੱਤੇ ਖਰਚ ਕਰਨ ਲਈ ਛੱਡ ਗਿਆ। ਇਸਤੋਂ ਇਲਾਵਾ ਕੁਰਾਨ ਦਾ ਤਰਜਮਾ ਕਰ ਕੇ ਉਸਨੇ ਤਕਰੀਬਨ 300 ਰੁਪਏ ਕਮਾਏ ਸਨ, ਜਿਹੜੇ ਉਹ ਗਰੀਬਾਂ-ਗੁਰਬਿਆਂ ਵਿਚ ਵੰਡਣ ਲਈ ਆਖ ਗਿਆ। ਉਸਦੇ ਮਕਬਰੇ ਦੁਆਲ਼ੇ ਜਾਲੀ ਦੀ ਵਲਗਣ ਹੈਦਰਾਬਾਦ ਦੇ ਨਿਜ਼ਾਮ ਨੇ 1911 ਵਿਚ ਭਾਰਤ ਦੇ ਵਾਇਸਰਾਇ ਲਾਰਡ ਕਰਜ਼ਨ ਦੀ ਬੇਨਤੀ ’ਤੇ ਕਰਵਾਈ ਸੀ। ਕਬਰ ਦੇ ਤਿੰਨ ਪਾਸੇ ਇਹ

ਜਾਲੀ ਹੈ, ਚੌਥੇ ਪਾਸੇ ਸ਼ੇਖ ਬੁਰ੍ਹਾਨੁੱਦੀਨ ਗ਼ਰੀਬ ਚਿਸ਼ਤੀ ਦੀ ਦਰਗਾਹ ਦੀ ਕੰਧ ਲਗਦੀ ਹੈ। (ਸ਼ੇਖ ਬੁਰ੍ਹਾਨੁੱਦੀਨ ਗ਼ਰੀਬ ਚਿਸ਼ਤੀ ਦੀ ਮੌਤ ਸੰਨ 1331 ਵਿਚ ਇਸੇ ਸ਼ਹਿਰ ਵਿਚ ਹੋਈ ਸੀ।) ਨਾਲ ਲਗਦੀਆਂ ਕਬਰਾਂ ਔਰੰਗਜ਼ੇਬ ਦੇ ਬੇਟੇ ਆਜ਼ਮ ਸ਼ਾਹ ਤੇ ਉਸਦੀ ਬੀਵੀ ਦੀਆਂ ਹਨ। ਆਪਣੇ ਨੌਜੁਆਨ ਗਾਈਡ ਦੀ ਸੰਖੇਪ ਜੇਹੀ ਜਾਣਕਾਰੀ ਸੁਣ ਕੇ ਅਤੇ ਉਸਨੂੰ ਪੰਜਾਹ ਰੁਪਏ ਦੀ ਭੇਟਾ ਦੇ ਕੇ ਅਸੀਂ ਕੁਝ ਚਿਰ ਲਈ ਵਿਹੜੇ ਵਿਚ ਪੌੜੀਆਂ ’ਤੇ ਆ ਬੈਠਦੇ ਹਾਂ। ਚਿੱਟੀਆਂ ਇਮਾਰਤਾਂ, ਬਸ ਕਿਤੇ ਕਿਤੇ ਹਲਕੇ ਪੀਲੇ ਜਾਂ ਹਲਕੇ ਹਰੇ ਰੰਗਾਂ ਦੀਆਂ ਛੋਹਾਂ ਹਨ। ਵਿਹੜੇ ਦੇ ਪਾਰਲੇ ਪਾਸੇ ਸਕੂਲ ਹੈ, ਸਰਾਂ ਹੈ, ਨਗਾਰਖਾਨਾ ਹੈ, ਮਸਜਿਦ ਹੈ। ਫੇਰਵੀ ਚੁਫੇਰੇ ਚੁੱਪ ਚਾਂ ਹੈ। ਸਾਰਾ ਮਹੌਲ ਸਕੂਨ ਭਰਿਆ ਹੈ।

ਪਰੰਤੂ ਇਹ ਸਕੂਨ ਸਾਨੂੰ ਬਹੁਤੀ ਦੇਰ ਤਾਈਂ ਨਸੀਬ ਨਾ ਹੋਇਆ। ਆਪੇ ਥਾਪਿਆ ਇਕ ਹੋਰ `ਗਾਈਡ` ਆਇਆ ਤੇ ਸਾਨੂੰ ਉਠਾ ਕੇ ਲੈ ਗਿਆ। ਇਕ ਕੋਨੇ ਵਿਚ ਨਿੱਕੇ ਜਿਹੇ ਕਮਰੇ ਅੱਗੇ ਲਿਜਾ ਕੇ ਉਹਨੇ ਦੱਸਿਆ ਕਿ ਇਥੇ ਹਜ਼ਰਤ ਮੁਹੰਮਦ ਦਾ ਚੋਲਾ ਸਾਂਭਿਆ ਪਿਆ ਹੈ, ਜਿਸਨੂੰ ਸਾਲ ਵਿਚ ਸਿਰਫ ਇਕ ਦਿਨ ਲਈ ਦਰਸ਼ਨਾਂ ਲਈ ਬਾਹਰ ਕੱਢਿਆ ਜਾਂਦਾ ਹੈ। ਫੇਰ ਉਹ ਸਾਨੂੰ ਸ਼ੇਖ ਜ਼ੈਨਉੱਦੀਨ ਦੇ ਮਕਬਰੇ ਵੱਲ ਲੈ ਗਿਆ। ਸੰਨ 1300 ਵਿਚ ਇਰਾਨ ਦੇ ਸ਼ਹਿਰ ਸ਼ੀਰਾਜ਼ ਵਿਖੇ ਪੈਦਾ ਹੋਇਆ ਸ਼ੇਖ ਜ਼ੈਨਉੱਦੀਨ ਸ਼ੀਰਾਜ਼ੀ ਮੱਕੇ ਹੁੰਦਾ ਹੋਇਆ ਦਿੱਲੀ ਪਹੁੰਚਿਆ। ਦੌਲਤਾਬਾਦ ਆ ਕੇ ਉਸਨੇ ਬਤੌਰ ਕਾਜ਼ੀ ਕੰਮ ਕੀਤਾ ਅਤੇ ਬੁਰ੍ਹਾਨ ਉਦ ਦੀਨ ਦੀ 1344 ਵਿਚ ਮੌਤ ਤੋਂ ਬਾਅਦ ਖਲੀਫਾ ਬਣਿਆ। ਇਸ ਮਕਬਰੇ ਵਿਚ ਇਸ ਸੰਤ ਦਾ ਖਲੀਫੇ ਵਾਲਾ ਤਾਜ ਅਤੇ ਪਿਰਾਹਨ ਵੀ ਸਾਂਭਿਆ ਪਿਆ ਹੈ। ਇਕ ਰੱਸੀ ਨਾਲ ਲਟਕੇ ਸ਼ੁਤਰਮੁਰਗ ਦੇ ਆਂਡੇ ਵੀ ਹਨ। ਕਈ ਮਸਜਿਦਾਂ ਵਿਚ ਅਸੀਂ ਪਹਿਲਾਂ ਵੀ ਅਜਿਹੇ ਆਂਡੇ ਜਾਂ ਆਂਡਿਆਂ ਦੇ ਖੋਲ ਲਟਕੇ ਵੇਖੇ ਹਨ। ਵਿਸ਼ਵਾਸ ਕੀਤਾ ਜਾਂਦਾ ਹੈ ਕਿ ਇੰਝ ਕਰਨ ਨਾਲ ਮਕੜੀਆਂ ਤੇ ਹੋਰ ਕੀੜੇ ਮਕੌੜੇ ਨੇੜੇ ਨਹੀਂ ਲਗਦੇ! ਹਾਲਾਂਕਿ ਇਹ ਗੱਲ ਵਿਗਿਆਨਕ ਤੌਰ ’ਤੇ ਕਿੰਨੀ ਕੁ ਠੀਕ ਹੈ, ਇਹ ਤਾਂ ਅੱਲਾ ਹੀ ਜਾਣਦੈ! ਨਾਲ ਦੀ ਇਮਾਰਤ ਵਿਚ ਬੁਰ੍ਹਾਨ ਉਦ ਦੀਨ ਦਾ ਮਕਬਰਾ ਹੈ। ਦੱਸਦੇ ਹਨ ਕਿ ਇਹ ਸੂਫੀ ਸੰਤ ਨਿਜ਼ਾਮ ਉਦ ਦੀਨ ਔਲੀਆ ਦਾ ਚੇਲਾ ਸੀ। ਜਦੋਂ ਮੁਹੰਮਦ ਤੁਗ਼ਲਕ ਨੇ ਆਪਣੀ ਰਾਜਧਾਨੀ ਬਦਲ ਕੇ ਦੌਲਤਾਬਾਦ ਲੈ ਆਂਦੀ, ਤਾਂ ਇਹ ਵੀ ਉਸਦੇ ਨਾਲ ਆ ਗਿਆ ਤੇ ਖੁਲਦਾਬਾਦ ਵਿਚ ਰਹਿਣ ਲੱਗਾ। ਸੰਨ 1337 ਵਿਚ ਉਸਦੀ ਮੌਤ ਹੋ ਗਈ। ਉਸਦੀ ਦਰਗਾਹ

ਵਿਚ ਹਜ਼ਰਤ ਮੁਹੰਮਦ ਦੀ ਦਾੜ੍ਹੀ ਦੇ ਵਾਲ ਪਏ ਦੱਸੇ ਜਾਂਦੇ ਹਨ। ਸਾਡਾ ਗਾਈਡ ਦਸਦਾ ਹੈ ਕਿ ਇਸ ਇਲਾਕੇ ਵਿਚ ਸਭ ਤੋਂ ਵੱਧ ਮਾਨਤਾ ਸੂਫੀ ਸੰਤ ਜ਼ਰ ਜ਼ਰੀ ਜ਼ਰ ਬਖਸ਼ ਦੀ ਹੈ। ਉਸਦੀ ਬਰਸੀ ਮੌਕੇ ਖੁਲਦਾਬਾਦ ਵਿਚ ਉਰਸ ਲਗਦਾ ਹੈ। ਹਜ਼ਰਤ ਮੁਹੰਮਦ ਦੀ ਬਰਸੀ ਤੋਂ ਫੌਰਨ ਬਾਅਦ ਅੱਠ ਦਿਨਾਂ ਤੱਕ ਚਲਦੇ ਇਸ ਉਰਸ ਵਿਚ ਦੇਸ ਵਿਦੇਸ਼ ਤੋਂ ਹਜ਼ਾਰਾਂ ਸ਼ਰਧਾਲੂ ਇਸ ਸੰਤ ਦੀਆਂ ਦੁਆਵਾਂ ਲੈਣ ਪਹੁੰਚਦੇ ਹਨ। ਖਾਹਮਖਾਹ ਦੇ ਸਾਡੇ ਗਾਈਡ ਨੇ ਸਾਨੂੰ ਉਹ ਜਾਣਕਾਰੀ ਮੁਹੱਈਆ ਕਰਵਾਈ ਸੀ, ਜਿਸ ਤੋਂ ਅਸੀਂ ਅਜੇ ਤੱਕ ਨਾਵਾਕਫ ਸਾਂ। ਹੁਣ ਉਸ ਉੱਤੇ ਸਾਨੂੰ ਖਿਝ ਨਹੀਂ ਸੀ ਆ ਰਹੀ। ਸੌ ਦਾ ਨੋਟ ਉਸਦੇ ਹੱਥ ਫੜਾ ਕੇ ਉਸਤੋਂ ਆਗਿਆ ਲਈ। ਬਾਹਰ ਨਿਕਲਦੇ ਹੋਏ ਖਾਹਮਖਾਹ ਦੇ ਗਾਈਡਾਂ ਬਾਰੇ ਸਾਡਾ ਰਲ਼ਿਆ ਮਿਲਿਆ ਜਿਹਾ ਇਹਸਾਸ ਸੀ। ਇਕ ਤਰ੍ਹਾਂ ਨਾਲ ਤਾਂ ਉਹ ਉਸ ਸੇਲਜ਼ਮੈਨ ਵਰਗੇ ਜਾਪਦੇ ਹਨ, ਜਿਹੜਾ ਤੁਹਾਡੀ ਆਪਣੀ ਮਰਜ਼ੀ ਨਾਲ ਸਮਾਨ ਵਾਚਣ-ਚੁਣਨ ਦੀ ਪ੍ਰਕਿਰਿਆ ਵਿਚ ਵਿਘਨ ਪਾਉਂਦਾ ਹੈ। ਪਰੰਤੂ ਦੂਜੇ ਪਾਸੇ ਜੇ ਉਹ ਅਜਿਹਾ ਨਾ ਕਰੇ ਤਾਂ ਸੈਲਾਨੀ ਕਾਫ਼ੀ ਸਾਰੀ ਲੋੜੀਂਦੀ ਜਾਣਕਾਰੀ ਤੋਂ ਵਿਰਵਾ ਰਹਿ ਜਾਵੇਗਾ। ਤੇ ਇਹ `ਗਾਈਡ` ਖੁਦ ਆਪਣੀ ਕਮਾਈ ਤੋਂ ਵਾਂਝਾ! ਅਸਲ ਵਿਚ ਇਸਦਾ ਹੱਲ ਤਾਂ ਇਹ ਹੈ ਕਿ ਟੂਰਿਜ਼ਮ ਵਿਭਾਗ ਅਜਿਹੀਆਂ ਥਾਂਵਾਂ ’ਤੇ ਸੁਸਿਖਿਅਤ ਗਾਈਡਾਂ ਦਾ ਪ੍ਰਬੰਧ ਕਰੇ ਜਿਹੜੇ ਸੈਲਾਨੀ ਨੂੰ ਪ੍ਰਮਾਣਿਕ ਜਾਣਕਾਰੀ ਮੁਹੱਈਆ ਕਰਵਾਉਣ। ਸੋਵੀਅਤ ਯੂਨੀਅਨ ਵਿਚ ਰਹਿੰਦਿਆਂ ਹੋਇਆਂ ਅਸੀਂ ਆਪਣੀ ਅੱਖੀਂ ਵੇਖਿਆ ਸੀ ਕਿ ਕਿਵੇਂ ਸਰਕਾਰ ਨੇ ਆਪਣੇ ਦੇਸ ਦੇ ਵਿਰਸੇ ਨੂੰ ਸਾਂਭ- ਸਾਂਭ ਰਖਿਆ ਹੋਇਆ ਸੀ! ਹਰ ਯਾਦਗਾਰ ਨੂੰ ਵਿਖਾਉਣ ਲਈ ਮੁਫਤ ਗਾਈਡ ਮੁਹੱਈਆ ਸਨ, ਜਿਨ੍ਹਾਂ ਨੇ ਵਰ੍ਹਿਆਂ-ਬੱਧੀ ਬਾਕਾਇਦਾ ਟ੍ਰੇਨਿੰਗ ਲਈ ਹੁੰਦੀ ਸੀ! ਤੇ ਉਸ ਦੇਸ ਕੋਲ ਤਾਂ ਸੌ, ਦੋ ਸੌ ਸਾਲ ਪੁਰਾਣੀਆਂ ਯਾਦਗਾਰਾਂ ਉਂਗਲੀਆਂ ’ਤੇ ਗਿਣਨ ਜੋਗੀਆਂ ਹਨ! ਸਾਡੇ ਕੋਲ ਤਾਂ ਚਾਰ ਹਜ਼ਾਰ ਦੇ ਕਰੀਬ ਅਜਿਹੀਆਂ ਯਾਦਗਾਰਾਂ ਹਨ, ਜਿਹੜੀਆਂ ਸੌ ਸਾਲ ਤੋਂ ਵੱਧ ਪੁਰਾਣੀਆਂ ਹਨ। ਇਨ੍ਹਾਂ ਨੂੰ ਭਾਰਤੀ ਪੁਰਾਤੱਤਵ ਵਿਭਾਗ ਵਲੋਂ ‘ਸੁਰੱਖਿਅਤ’ ਘੋਸ਼ਿਤ ਕੀਤਾ ਹੋਇਆ ਹੈ। ਪੰਜਾਬ ਵਿਚ ਵੀ ਅਜਿਹੀਆਂ ਤੇਤੀ ਯਾਦਗਾਰਾਂ ਹਨ, ਜਿਨ੍ਹਾਂ ਨੂੰ ‘ਸੁਰੱਖਿਅਤ’ ਕਰਾਰ ਦਿੱਤਾ ਗਿਆ ਹੈ। ਪਰੰਤੂ ਅਜਿਹੀ ਘੋਸ਼ਨਾ ਦੇ ਬੋਰਡਾਂ ਤੋਂ ਇਲਾਵਾ ਇਨ੍ਹਾਂ ਥਾਂਵਾਂ ’ਤੇ ਹੋਰ ਕੋਈ ਪ੍ਰਬੰਧ ਨਹੀਂ ਕੀਤੇ ਜਾਂਦੇ। ਨਾ ਇਨ੍ਹਾਂ ਦੀ ਚੱਜ ਨਾਲ ਦੇਖਭਾਲ ਹੁੰਦੀ ਹੈ, ਤੇ ਨਾ ਹੀ ਇਨ੍ਹਾਂ ਬਾਰੇ ਜਾਣਕਾਰੀ ਲੋਕਾਂ ਤੱਕ ਪੁਚਾਣ ਦਾ ਕੰਮ ਕੀਤਾ ਜਾਂਦਾ ਹੈ।

ਖੈਰ, ਖੁਲਦਾਬਾਦ ਤੋਂ ਅੱਗੇ ਅਸੀਂ ਦੌਲਤਾਬਾਦ ਦਾ ਕਿਲ੍ਹਾ ਵੇਖਣ ਜਾਣਾ ਹੈ। ਟੈਕਸੀ ਵਿਚ ਬੈਠ ਕੇ ਸ਼ਹਿਰ ਤੋਂ ਬਾਹਰ ਨਿਕਲਦੇ ਹਾਂ ਤਾਂ ਪੁਰਾਣੇ ਵਕਤਾਂ ਦੇ ਦਰਵਾਜ਼ੇ ਹੇਠੋਂ ਨਿਕਲਦੇ ਹਾਂ। ਇਹ ਦਰਵਾਜ਼ਾ ਦੁਮੰਜ਼ਲਾ ਹੈ, ਇਕ ਗੇਟ ਦੇ ਉੱਪਰ ਇਕ ਹੋਰ ਗੇਟ ਬਣਿਆ ਹੋਇਆ ਹੈ। ਸਾਡੀ ਗਾਈਡ ਪੁਸਤਕ ਵਿਚ ਲਿਖਿਆ ਹੋਇਆ ਹੈ ਕਿ ਔਰੰਗਜ਼ੇਬ ਨੇ ਇਸ ਸ਼ਹਿਰ ਨੂੰ ਵਲ਼ਦੀ ਹੋਈ ਪੱਥਰ ਦੀ ਮੋਟੀ ਦੀਵਾਰ ਬਣਵਾਈ ਸੀ ਤੇ ਸ਼ਹਿਰ ਵੱਲ ਆਉਂਦੇ ਸੱਤਾਂ ਰਾਹਾਂ ਉੱਤੇ ਅਜਿਹੇ ਸੱਤ ਗੇਟ ਬਣਵਾਏ ਸਨ। ਦਸਾਂ ਕੁ ਮਿੰਟਾਂ ਦਾ ਸਫਰ ਕਰਨ ਉਪਰੰਤ ਇਕ ਢਾਬੇ ’ਤੇ ਅਸੀਂ ਦੁਪਹਿਰ ਦਾ ਭੋਜਨ ਕਰਨ ਲਈ ਰੁਕਦੇ ਹਾਂ। ਥਾਲੀ ਵਿਚ ਇਕ ਕਟੋਰੀ ਅਮਟੀ (ਕੋਕਮ ਜਾਂ ਇਮਲੀ, ਗੁੜ ਤੇ ਕੱਦੂਕਸ ਕੀਤਾ ਕੱਚਾ ਨਾਰੀਅਲ ਪਾ ਕੇ ਬਣਾਈ ਅਰਹਰ/ਤੂਵਰ ਦੀ ਦਾਲ), ਥੋੜ੍ਹੀ ਜਿਹੀ ਬਟਾਟੀ ਆਚੀ ਭਾਜੀ (ਆਲੂ ਦੀ ਸਬਜ਼ੀ), ਜ਼ਰਾ ਕੁ ਜਿੰਨਾ ਵੈਂਗਈਆਚੇ ਭਰਿਤ (ਬਤਾਊਂਆਂ ਦਾ ਭਰਥਾ), ਪਾਲਕਾਚੀ ਤਾਕਾਤਲੀ ਭਾਜੀ (ਪਾਲਕ, ਮੂੰਗਫਲੀ, ਛੋਲਿਆਂ ਦੀ ਦਾਲ ਨੂੰ ਪਕਾ ਕੇ ਬੇਸਣ ਦਾ ਅੱਲਣ ਪਾਇਆ ਜਾਂਦਾ ਹੈ ਤੇ ਫੇਰ ਇਸਨੂੰ ਤੜਕਾ ਲਾ ਕੇ ਲੱਸੀ ਤੇ ਗੁੜ ਪਾ ਕੇ ਤਰੀ ਬਣਾਈ ਜਾਂਦੀ ਹੈ), ਦੋ ਰੋਟੀਆਂ ਤੇ ਉਬਲੇ ਚੌਲਾਂ ਤੋਂ ਇਲਾਵਾ ਪਾਪੜ ਤੇ ਅਚਾਰ ਸ਼ਾਮਲ ਹੈ। ਸਾਡੇ ਮੇਜ਼ ਉੱਤੇ ਇਕ ਹੋਰ ਨੌਜਵਾਨ ਵੀ ਆ ਬੈਠਾ ਹੈ। ਉਸਨੇ ਖਾਣਾ ਸ਼ੁਰੂ ਕਰਨ ਤੋਂ ਪਹਿਲਾਂ ਚਿੜੀ ਦੀ ਬੁਰਕੀ ਜਿੰਨੀ ਰੋਟੀ, ਗਿਣਤੀ ਦੇ ਕੁਝ ਚੌਲਾਂ ਦੇ ਦਾਣੇ, ਚਮਚੇ ਨਾਲ ਛੁਹਾ ਕੇ ਦਾਲਾਂ ਤੇ ਸਬਜ਼ੀਆਂ ਆਪਣੀ ਥਾਲੀ ਵਿਚ ਇਕ ਪਾਸੇ ਕੱਢ ਕੇ ਰੱਖੇ, ਉੱਤੇ ਉਂਗਲੀ ਨਾਲ ਪਾਣੀ ਦਾ ਛਿੱਟਾ ਦਿੱਤਾ ਤੇ ਹੱਥ ਜੋੜ ਕੇ ਪ੍ਰਾਰਥਨਾ ਕੀਤੀ। ਭਗਵਾਨ ਨੂੰ ਭੋਗ ਲੁਆਉਣ ਦਾ ਉਸਦਾ ਇਹ ਢੰਗ ਵੇਖ ਕੇ ਮੈਂ ਸੋਚ ਰਿਹਾ ਸਾਂ ਕਿ ਇੰਨੇ ਕੁ ਖਾਣੇ ਨਾਲ ਤਾਂ ਚਿੜੀ ਦਾ ਢਿੱਡ ਵੀ ਨਾ ਭਰੇ, ਕੀ ਭਗਵਾਨ ਦਾ ਭਰ ਜਾਂਦਾ ਹੋਵੇਗਾ! ਪਰੰਤੂ ਸ਼ਰਧਾਵਾਨਾਂ ਲਈ ਤਾਂ ਇਹ ਸਵਾਲ ਕਰਨਾ ਹੀ ਸ਼ਾਇਦ ਪਾਪ ਕਮਾਉਣ ਤੁੱਲ ਹੈ!

# 5.ਵਿਕੋਲਿਤਰਾ ਕਿਲ੍ਹਾ



ਦੌਲਤਾਬਾਦ ਵੱਲ ਜਾਂਦਿਆਂ ਕਾਫੀ ਦੂਰੋਂ ਹੀ ਸਾਨੂੰ ਦੇਵਗਿਰੀ ਪਹਾੜੀ ਉੱਤੇ ਸ਼ਾਨ ਨਾਲ ਖੜੋਤੇ ਕਿਲ੍ਹੇ ਅਤੇ ਉਸਦੇ ਹੇਠਾਂ ਚਾਂਦ ਮੀਨਾਰ ਦੀ ਝਲਕ ਦਿਸਣ ਲਗਦੀ ਹੈ। ਦਸਾਂ ਕੁ ਮਿੰਟਾਂ ਵਿਚ ਅਸੀਂ ਕਿਲ੍ਹੇ ਦੇ ਬਾਹਰਵਾਰ ਬਣੀ ਦੀਵਾਰ, ਜਿਸਨੂੰ ਅੰਬਰਕੋਟ ਆਖਦੇ ਹਨ, ਦੇ ਦਿੱਲੀ ਗੇਟ ਵਿਚੀਂ ਨਿਕਲਦੇ ਹਾਂ। ਕਿਲ੍ਹੇ ਨੂੰ, ਅਤੇ ਉਸਤੋਂ ਅੱਗੇ ਔਰੰਗਾਬਾਦ ਨੂੰ ਜਾਂਦੀ ਸੜਕ ਇਸ ਗੇਟ ਦੇ ਵਿਚਕਾਰ ਦੀ ਜਾਂਦੀ ਹੈ। ਕਿਲ੍ਹੇ ਦੇ ਟਿਕਟ ਕਾਉਂਟਰ ਦੇ ਬਾਹਰ ਹੀ ਇਕ ਗਾਈਡ ਮਿਲ ਗਿਆ। ਅਸੀਂ ਪਹਿਲਾਂ ਹੀ ਸੋਚਿਆ ਹੋਇਆ ਸੀ ਕਿ ਇਸ ਕਿਲ੍ਹੇ ਨੂੰ ਅਸੀਂ ਗਾਈਡ ਦੇ ਨਾਲ ਹੀ ਵੇਖਾਂਗੇ, ਨਹੀਂ ਤਾਂ ਮਜ਼ਾ ਨਹੀਂ ਆਉਣਾ! ਸੋ ਫਟਾਫਟ ਟਿਕਟਾਂ ਲੈ ਕੇ ਅਸੀਂ ਗਾਈਡ

ਦੇ ਮਗਰ ਮਗਰ ਹੋ ਤੁਰੇ। ਉਸਨੇ ਆਪਣਾ ਨਾਂਅ ਦੱਸਿਆ ਰਾਮ ਜਮਧੜੇ। ਉਹ ਟੂਰਿਜ਼ਮ ਵਿਭਾਗ ਵਲੋਂ ਮੰਜ਼ੂਰਸ਼ੁਦਾ ਗਾਈਡ ਹੈ। ਪੰਜਾਹ-ਪਚਵੰਜਾ ਵਰ੍ਹਿਆਂ ਦਾ ਜਾਪਦਾ ਰਾਮ ਜਮਧੜੇ ਬੋਲ-ਚਾਲ ਤੇ ਚਾਲ-ਢਾਲ ਤੋਂ ਕਾਫੀ ਹੰਢਿਆ ਹੋਇਆ ਗਾਈਡ ਜਾਪਦਾ ਹੈ। ਪਹਿਲਾਂ ਉਸਨੇ ਅੰਗਰੇਜ਼ੀ ਵਿਚ ਬੋਲਣਾ ਸ਼ੁਰੂ ਕੀਤਾ, ਪਰੰਤੂ ਸਾਨੂੰ ਉਸਦੇ ਸ਼ਬਦ-ਚੋਣ ਤੇ ਉਚਾਰਣ ਵਿਚ ਕੁਝ ਦਿੱਕਤ ਜਾਪੀ। ਅਸੀਂ ਉਸਨੂੰਹਿੰਦੀ ਵਿਚ ਹੀ ਬੋਲਣ ਦੀ ਬੇਨਤੀ ਕੀਤੀ। ਤਦ ਉਸਨੇ ਹਿੰਦੀ ਵਿਚ ਐਸੀ ਰੇਲ ਚਲਾਈ ਕਿ ਅਸੀਂ ਉਸਦਾ ਮੂੰਹ ਹੀ ਦੇਖਦੇ ਰਹਿ ਗਏ! ਉਸਦਾ ਹਰ ਫਿਕਰਾ ਤਾਂ ਠੀਕ ਸੁਣਾਈ ਦੇ ਰਿਹਾ ਸੀ, ਪਰੰਤੂ ਕੁੱਲ ਤੱਤ-ਸਾਰ ਦਾ ਪੱਲਾ ਨਹੀਂ ਸੀ ਫੜਿਆ ਜਾ ਰਿਹਾ! ਪਹਿਲਾਂ ਸੋਚਿਆ ਕਿ ਪੂਰਾ ਧਿਆਨ ਕੇਂਦਰਤ ਕਰਨ ਨਾਲ ਸ਼ਾਇਦ ਗੱਲ ਬਣ ਜਾਵੇ, ਪਰੰਤੂ ਦਸ ਪੰਦਰਾਂ ਮਿੰਟਾਂ ਦੀ ਕੋਸ਼ਿਸ਼ ਤੋਂ ਬਾਅਦ ਅਸੀਂ ਇਹ ਖਿਆਲ ਵੀ ਤਿਆਗ ਦਿੱਤਾ। ਜਿਵੇਂ ਉਸਨੇ ਘੋਟਾ ਲਾਇਆ ਹੋਇਆ ਸੀ, ਉਵੇਂ ਉਹ ਰਟੀ ਜਾ ਰਿਹਾ ਸੀ। ਆਪਣੇ ਵਲੋਂ ਅਸੀਂ ਕਦੋਂ ਦਾ ਫੈਸਲਾ ਕਰ ਚੁੱਕੇ ਸਾਂ ਕਿ ਹੁਣ ਪੈਸੇ ਤਾਂ ਦੇਣੇ ਹੀ ਹਨ, ਜਿੰਨਾ ਪੱਲੇ ਪਊ ਓਨਾ ਹੀ ਸਹੀ! ਦੋ ਘੰਟੇ ਉਹ ਬੋਲਦਾ ਰਿਹਾ, ਪਰੰਤੂ ਬਿਲਕੁਲ ਸਾਡੇ ਖਬਰਾਂ ਦੇ ਟੀ.ਵੀ. ਚੈਨਲਾਂ ਵਾਂਗ, ਜਿਹੜੇ ਸਾਰਾ ਦਿਨ ਇਕੋ ਹੀ ਖ਼ਬਰ ਨੂੰ ਦੁਹਰਾਈ ਜਾਣਗੇ ਤੇ ਬੇਸ਼ਰਮੀ ਨਾਲ ਉਸਨੂੰ 'ਬਰੇਕਿੰਗ ਨਿਊਜ਼' ਵੀ ਆਖੀ ਜਾਣਗੇ!

ਜਿੰਨਾ ਕੁ ਸਾਨੂੰ ਆਪਣੀ ਗਾਈਡ-ਪੁਸਤਕ ਤੋਂ ਪਤਾ ਸੀ, ਤੇ ਉਸ ਵਿਚ ਰਾਮ ਜਮਧੜੇ ਨੇ ਜਿਹੜਾ ਮਾੜਾ-ਮੋਟਾ ਵਾਧਾ ਕੀਤਾ, ਉਸ ਮੁਤਾਬਕ ਯਾਦਵ ਸਲਤਨਤ ਦੇ ਪਹਿਲੇ ਰਾਜੇ ਭੀਲਮ ਪੰਜਵੇਂ ਨੇ 1187 ਵਿਚ ਇਸ ਕਿਲ੍ਹੇ ਦੀ ਨੀਂਹ ਰੱਖੀ। ਪਹਿਲੇ ਪੂਰੇ 131 ਵਰ੍ਹਿਆਂ ਤੱਕ ਇਥੇ ਇਸੇ ਸਲਤਨਤ ਦਾ ਕਬਜ਼ਾ ਰਿਹਾ। ਸੰਨ 1294 ਵਿਚ ਅਲਾਓਦੀਨ ਖਿਲਜੀ ਨੇ ਪਹਿਲੀ ਵਾਰ ਇਸ ਕਿਲ੍ਹੇ ਨੂੰ ਜਿੱਤ ਤਾਂ ਲਿਆ ਸੀ, ਪਰੰਤੂ ਹਥਿਆਇਆ ਨਾ। ਉਸ ਵੇਲੇ ਦੇ ਰਾਜੇ ਰਾਮਦਿਓ ਰਾਇ ਨੇ ਇਕ ਸੰਧੀ ਕਰ ਕੇ ਆਪਣੇ ਰਾਜ ਨੂੰ ਬਚਾ ਲਿਆ ਸੀ। ਇਸ ਰਾਜ ਅਤੇ ਉਸਦੇ ਨਾਲ ਹੀ ਯਾਦਵ ਸਲਤਨਤ ਦਾ ਖਾਤਮਾ ਹੋਰ ਚੌਵੀ ਸਾਲ ਪਾ ਕੇ 1318 ਵਿਚ ਕੁਤੁਬਦੀਨ ਮੁਬਾਰਕ ਖਿਲਜੀ ਨੇ ਕੀਤਾ। ਫੇਰ 1327 ਵਿਚ ਤਾਂ ਮੁਹੰਮਦ ਬਿਨ ਤੁਗ਼ਲਕ ਭਾਰਤ ਦੀ ਰਾਜਧਾਨੀ ਹੀ ਦਿੱਲੀ ਤੋਂ ਬਦਲ ਕੇ ਇਥੇ ਲੈ ਆਇਆ। ਉਸੇ ਨੇ ਹੀ ਇਸ ਸਥਾਨ ਦਾ ਨਾਂਅ ਬਦਲ ਕੇ ਦੌਲਤਾਬਾਦ ਕੀਤਾ।

ਰਾਜਧਾਨੀ ਬਦਲਣ ਵੇਲੇ ਮੁਹੰਮਦ ਬਿਨ ਤੁਗ਼ਲਕ ਆਪਣੇ ਨਾਲ ਦਿੱਲੀ ਤੋਂ ਸਾਰੇ ਅਮਲੇ ਫੈਲੇ ਸਮੇਤ ਕੋਈ ਡੇਢ ਲੱਖ ਲੋਕ ਆਪਣੇ ਨਾਲ ਲੈ ਕੇ ਆਇਆ। ਪਰੰਤੂ ਤਿੰਨ ਕੁ ਸਾਲ ਬਾਅਦ ਹੀ ਉਸਦਾ ਮਨ ਅੱਕ ਗਿਆ ਤੇ ਉਹ ਵਾਪਸ ਦਿੱਲੀ ਮੁੜ ਗਿਆ। ਜਾਂਦਾ ਹੋਇਆ ਆਪਣਾ ਪ੍ਰਸ਼ਾਸਨ ਤਾਂ ਉਹ ਆਪਣੇ ਨਾਲ ਲੈ ਗਿਆ, ਪਰੰਤੂ ਆਮ ਆਬਾਦੀ ਨੂੰ ਵਾਪਸ ਮੁੜਨ ਦਾ ਹੁਕਮ ਹੋਰ ਦਸ ਸਾਲ ਪਾ ਕੇ ਹੋਇਆ। ਫੇਰਵੀ ਇਸ ਵਿਚੋਂ ਕਾਫ਼ੀ ਆਬਾਦੀ ਏਧਰ ਹੀ ਰਹਿ ਗਈ। ਖੁਲਦਾਬਾਦ ਵਿਚ ਵਸੇ ਬਹੁਤੇ ਸੂਫ਼ੀ ਦਰਵੇਸ਼ ਉਨ੍ਹਾਂ ਵਿਚੋਂ ਹੀ ਸਨ। ਦੌਲਤਾਬਾਦ ਦੀ ਦੇਖਭਾਲ ਲਈ ਮੁਹੰਮਦ ਬਿਨ ਤੁਗ਼ਲਕ ਨੇ ਸੂਬੇਦਾਰ ਥਾਪ ਦਿੱਤਾ। ਪਰੰਤੂ 1347 ਵਿਚ ਆ ਕੇ ਹਸਨ ਗੰਗੂ ਬਾਹਮਣੀ ਨੇ ਦਿੱਲੀ ਸਲਤਨਤ ਦੇ ਖਿਲਾਫ਼ ਵਿਦਰੋਹ ਕਰ ਕੇ ਆਪਣਾ ਰਾਜ ਕਾਇਮ ਕਰ ਲਿਆ। ਬਾਹਮਣੀ ਸਲਤਨਤ ਨੇ ਇਸ ਇਲਾਕੇ ਉੱਤੇ ਡੇਢ ਸੌ ਸਾਲ ਤੱਕ ਰਾਜ ਕੀਤਾ। ਇਸਤੋਂ ਬਾਅਦ 135 ਵਰ੍ਹਿਆਂ ਤੱਕ ਇਥੇ ਅਹਿਮਦਨਗਰ ਦੀ ਨਿਜ਼ਾਮਸ਼ਾਹੀ ਦਾ ਰਾਜ ਰਿਹਾ। ਮਲਿਕ ਅੰਬਰ ਇਸੇ ਨਿਜ਼ਾਮਸ਼ਾਹੀ ਦਾ ਵਜ਼ੀਰ ਸੀ, ਜਿਸਨੇ ਕਿਰਕੀ ਨਾਂਅ ਦਾ ਪਿੰਡ ਵਸਾਇਆ, ਜਿਹੜਾ ਅਜੋਕਾ ਔਰੰਗਾਬਾਦ ਸ਼ਹਿਰ ਹੈ। ਸੰਨ 1633 ਵਿਚ ਦਿੱਲੀ ਦੇ ਸ਼ਹਿਨਸ਼ਾਹ ਸ਼ਾਹ ਜਹਾਨ ਨੇ ਇਸ ਕਿਲ੍ਹੇ ਨੂੰ ਹਥਿਆ ਲਿਆ। ਤੇ ਦੋ ਸਾਲ ਬਾਅਦ ਇਸ ਇਲਾਕੇ ਦੇ ਸੂਬੇਦਾਰ ਔਰੰਗਜ਼ੇਬ ਨੇ ਦੌਲਤਾਬਾਦ ਨੂੰ ਦੱਖਣ ਦੀ ਰਾਜਧਾਨੀ ਬਣਾ ਲਿਆ। ਸੰਨ 1724 ਤੋਂ 1948 ਤੱਕ ਇਹ ਕਿਲ੍ਹਾ ਹੈਦਰਾਬਾਦ ਦੇ ਨਿਜ਼ਾਮ ਦੇ ਕਬਜ਼ੇ ਵਿਚ ਰਿਹਾ; ਇਨ੍ਹਾਂ 224 ਸਾਲਾਂ ਦੌਰਾਨ ਸਿਰਫ਼ ਦੋ ਸਾਲਾਂ (1760-1762) ਲਈ ਇਸਨੂੰ ਸਦਾਸ਼ਿਵਰਾਓ ਭਾਓ ਪੇਸ਼ਵਾ ਨੇ ਹਥਿਆਇਆ ਸੀ। ਇੰਝ 761 ਸਾਲਾਂ ਦੇ ਇਤਿਹਾਸ ਵਿਚ ਇਸ ਕਿਲ੍ਹੇ ਨੇ ਅੱਠ ਸਲਤਨਤਾਂ ਦੀ ਚੜ੍ਹਤ ਤੇ ਨਿਘਾਰ ਵੇਖਿਆ। ਫੇਰਵੀ ਸਾਡਾ ਗਾਈਡ ਕਹਿ ਰਿਹਾ ਹੈ ਕਿ ਇਹ ਕਿਲ੍ਹਾ ਇਸ ਗੱਲ ਦਾ ਗਵਾਹ ਹੈ ਕਿ ਫੌਜੀ ਤਾਕਤ ਨਾਲ ਇਸਨੂੰ ਕਦੇ ਵੀ ਜਿੱਤਿਆ ਨਹੀਂ ਗਿਆ!

ਦੇਵਗਿਰੀ ਨਾਂਅ ਦੀ ਪਹਾੜੀ ਉੱਤੇ ਉਸਰੇ ਹੋਣ ਕਰ ਕੇ ਪਹਿਲਾਂ ਇਸ ਕਿਲ੍ਹੇ ਨੂੰ 'ਦੇਵਗਿਰੀ' ਦੇ ਨਾਂਅ ਨਾਲ ਜਾਣਿਆ ਜਾਂਦਾ ਸੀ। ਦੇਵਗਿਰੀ ਦਾ ਅਰਥ ਹੈ ਦੇਵਤਿਆਂ ਦੀ ਪਹਾੜੀ। ਇਹ ਪਹਾੜੀ ਸਮੁੰਦਰੀ ਤੱਲ ਤੋਂ ਸਿਰਫ 200 ਮੀਟਰ ਉੱਚੀ ਹੈ। ਇਸ ਉੱਪਰ ਤਕਰੀਬਨ 235 ਏਕੜ ਰਕਬੇ ਵਿਚ ਬਣੇ ਕਿਲ੍ਹੇ ਵਿਚ ਕਿਸੇ ਵੇਲੇ ਦਸ ਹਜ਼ਾਰ ਲੋਕਾਂ ਦੇ ਰਹਿਣ

ਦਾ ਪ੍ਰਬੰਧ ਸੀ। ਇਸ ਕਿਲ੍ਹੇ ਨੂੰ ਦੋ ਹਿੱਸਿਆਂ ਵਿਚ ਬਣਾਇਆ ਗਿਆ। ਇਕ ਹੇਠਲਾ ਹਿੱਸਾ ਤੇ ਦੂਜਾ ਪਹਾੜੀ ਦੇ ਸਿਖ਼ਰਲਾ। ਆਲੇ-ਦੁਆਲਿਉ ਪਹਾੜੀ ਨੂੰ ਇੰਝ ਤਰਾਸ਼ ਦਿੱਤਾ ਗਿਆ ਤਾਂਕਿ ਕਿਲ੍ਹੇ ਤੱਕ ਸਿਰਫ਼ਓਮਪ; ਰਾਹੇ-ਰਾਹੇ ਹੀ ਪਹੁੰਚਿਆ ਜਾ ਸਕੇ, ਹੋਰ ਕਿਸੇ ਪਾਸਿਉਂ ਨਾ ਚੜ੍ਹਿਆ ਜਾ ਸਕੇ। ਕਿਲ੍ਹੇ ਦੇ ਬਾਹਰਲੇ ਪਾਸੇ ਇਕ ਸੁੱਕੀ ਖੰਦਕ ਹੈ ਤੇ ਫੇਰ ਅੰਦਰਲੇ ਪਾਸੇ ਜਾ ਕੇ ਇਕ ਹੋਰ ਖਾਈ ਹੈ, ਜਿਹੜੀ ਉਦੋਂ ਹਮੇਸ਼ਾ ਪਾਣੀ ਨਾਲ ਭਰੀ ਰਹਿੰਦੀ ਸੀ। ਕਿਲ੍ਹਾ ਤਿੰਨ ਮੋਟੀਆਂ ਚਾਰਦੀਵਾਰੀਆਂ ਨਾਲ ਘਿਰਿਆ ਹੋਇਆ ਸੀ, ਜਿਨ੍ਹਾਂ ਨੂੰ ਏਥੇ ਕੋਟ ਆਖਦੇ ਹਨ। ਛੇ ਤੋਂ ਨੌਂ ਮੀਟਰ ਉੱਚੇ ਕੋਟ ਹੇਠੋਂ ਉੱਪਰ ਨੂੰ ਤਿਰਛੇ ਚਿਣੇ ਗਏ ਸਨ। ਇਨ੍ਹਾਂ ਦੀ ਚੌੜਾਈ 2-3 ਮੀਟਰ ਸੀ, ਜਿਨ੍ਹਾਂ ਉੱਤੇ ਸਿਪਾਹੀ ਆਸਾਨੀ ਨਾਲ ਅਸਲਾ ਲੈ ਕੇ ਗਸ਼ਤ ਕਰ ਸਕਦੇ ਸਨ। ਪਹਿਲਾ ਕੋਟ ਪੁਰਾਣੇ ਸ਼ਹਿਰ ਦੇ ਆਲ਼ੇ-ਦੁਆਲ਼ੇ ਸੀ, ਜਿਸਨੂੰ ਅੰਬਰਕੋਟ ਆਖਦੇ ਸਨ। ਪਹਾੜੀ ’ਤੇ ਚੜ੍ਹ ਕੇ ਇਸ ਕੋਟ ਦੀ ਰਹਿੰਦ-ਖੂਹੰਦ ਅਜੇ ਵੀ ਦਿਸਦੀ ਹੈ। ਫੇਰ ਬਾਹਰਲੇ ਪਾਸਿਉਂ ਕਿਲ੍ਹੇ ਨੂੰ ਘੇਰਦਾ ਹੋਇਆ ਮਹਾਂਕੋਟ ਤੇ ਅੰਦਰਲੇ ਪਾਸੇ ਕਾਲਾਕੋਟ। ਸਾਰੀਆਂ ਕੰਧਾਂ ਵਿਚ ਵੱਡੇ-ਵੱਡੇ ਦਰਵਾਜ਼ੇ ਤੇ ਕਈ ਥਾਂਵਾਂ ’ਤੇ ਉੱਚੇ ਬੁਰਜ। ਮਹਾਂਕੋਟ ਵਿਚ ਅੱਠ ਦਰਵਾਜ਼ੇ ਸਨ। ਇਕ ਤੋਂ ਅਗਲਾ ਦਰਵਾਜ਼ਾ ਰਾਹ ਨੂੰ ਇਸ ਹਿਸਾਬ ਦਾ ਕਾਟਵਾਂ ਮੋੜ ਦੇ ਕੇ ਬਣਾਇਆ ਗਿਆ ਸੀ ਕਿ ਕਿਸੇ ਹਾਥੀ ਨੂੰ ਦੌੜ ਲਾ ਕੇ ਇਸ ਵਿਚ ਵੱਜਣ ਜੋਗੀ ਥਾਂ ਨਾ ਮਿਲੇ। ਅੰਦਰਲੇ ਬੁਰਜਾਂ ਉੱਤੇ ਤੋਪਾਂ ਬੀੜੀਆਂ ਹੋਈਆਂ ਸਨ। ਪਾਣੀ ਵਾਲੀ ਖਾਈ ਟੱਪ ਕੇ ਦੁਸ਼ਮਣ ਦਾ ਸਾਹਮਣਾ ਅੰਧੇਰੀ ਨਾਲ ਹੁੰਦਾ ਸੀ। ਇਹ ਸੀ ਕਾਲਾ, ਹਨੇਰਾ, ਟੇਢਾ-ਮੇਢਾ, ਉੱਬੜ-ਖਾਬੜ ਰਾਹ। ਸਿਖਰਲੇ ਕਿਲ੍ਹੇ ਤੱਕ ਪਹੁੰਚਣ ਲਈ ਇਸਨੂੰ ਪਾਰ ਕਰਨਾ ਪੈਂਦਾ ਸੀ। ਅਜਿਹੀ ਉਸਾਰੀ ਸਦਕਾ ਇਹ ਕਿਲ੍ਹਾ ਅਜਿੱਤ ਅਤੇ ਅਭੰਜ ਸੀ। ਜਦੋਂ ਵੀ ਇਸਨੂੰ ਜਿੱਤਿਆ ਗਿਆ, ਜ਼ੋਰ ਨਾਲ ਨਹੀਂ ਜਿੱਤਿਆ ਗਿਆ। ਹਮੇਸ਼ਾ ਦਗਾ, ਫਰੇਬ ਹੀ ਕੰਮ ਆਇਆ।

ਇਹ ਕਿਲ੍ਹਾ ਬੜਾ ਗੁੰਝਲਦਾਰ ਤੇ ਪੇਚੀਦਾ ਹੈ। ਆਪਣੇ ਗਾਈਡ ਨਾਲ ਅਸੀਂ ਮਹਾਂਕੋਟ ਦੇ ਪਹਿਲੇ ਦਰਵਾਜ਼ੇ ਰਾਹੀਂ ਅੰਦਰ ਵੜਦੇ ਹਾਂ। ਲੱਕੜੀ ਦੇ ਇਸ ਦਰਵਾਜ਼ੇ ਵਿਚ ਬਾਹਰ ਨੂੰ ਵਧਵੇਂ ਲੋਹੇ ਦੇ ਤਿੱਖੇ ਕਿੱਲ ਜੜੇ ਹੋਏ ਹਨ। ਭਾਰਤ ਦੇ ਲਗਭਗ ਹਰ ਕਿਲ੍ਹੇ ਦੇ ਦਰਵਾਜ਼ਿਆਂ ਵਿਚ ਅਜਿਹੇ ਕਿੱਲ ਜੜੇ ਜਾਂਦੇ ਸਨ, ਤਾਂਕਿ ਇਸ ਨੂੰ ਤੋੜਨ ਲਈ ਦੁਸ਼ਮਣ ਦਾ ਹਾਥੀ ਆਪਣਾ ਸਿਰ ਸਿੱਧਾ ਇਸ ਵਿਚ ਨਾ ਮਾਰ ਸਕੇ। ਇਥੇ ਵਿਹੜੇ ਵਿਚ ਕੁਝ ਤੋਪਾਂ ਦੀ

ਨੁਮਾਇਸ਼ ਲਾਈ ਹੋਈ ਹੈ। ਕੁਝ ਤੋਪਾਂ ਤਾਂਬੇ ਦੀਆਂ ਬਣੀਆਂ ਹੋਈਆਂ ਹਨ ਤੇ ਕੁਝ ਲੋਹੇ ਦੀਆਂ। ਸੰਨ 1526 ਵਿਚ ਪਾਨੀਪਤ ਦੀ ਲੜਾਈ ਵਿਚ ਬਾਬਰ ਵਲੋਂ ਤੋਪਾਂ ਦੀ ਵਰਤੋਂ ਤੋਂ ਲੈ ਕੇ ਭਾਰਤ ਵਿਚ ਤਾਂਬੇ ਜਾਂ ਪਿੱਤਲ ਦੀਆਂ ਤੋਪਾਂ ਹੀ ਬਣਦੀਆਂ ਸਨ। ਲੋਹੇ ਦੀਆਂ ਤੋਪਾਂ ਬਾਅਦ ਵਿਚ ਯੋਰਪ ਦੇ ਲੋਕ ਲੈ ਕੇ ਆਏ। ਹਾਲਾਂਕਿ ਇਸ ਕਿਲ੍ਹੇ ਵਿਚੋਂ ਤਾਂਬੇ ਦੀਆਂ ਦੋ ਤੋਪਾਂ ਅਜਿਹੀਆਂ ਵੀ ਮਿਲੀਆਂ ਹਨ, ਜਿਹੜੀਆਂ 1638 ਤੇ 1642 ਵਿਚ ਐਮਸਟਰਡਮ ਵਿਚ ਬਣੀਆਂ ਹੋਈਆਂ ਸਨ। ਕਈ ਤੋਪਾਂ ਉੱਤੇ ਆਹਲਾ ਕਿਸਮ ਦੀ ਨੱਕਾਸ਼ੀ ਵੇਖ ਕੇ ਰੀਟਾ ਪੁੱਛਦੀ ਹੈ ਕਿ ਇਹ ਤੋਪਾਂ ਡਰਾਇੰਗ ਰੂਮ ਦੀ ਸਜਾਵਟ ਲਈ ਸਨ ਕਿ ਚਲਦੀਆਂ ਵੀ ਸਨ! ਜੁਆਬ ਵਿਚ ਗਾਈਡ ਦੱਸਦਾ ਹੈ ਕਿ ਇਹ ਸਾਰੀਆਂ ਤੋਪਾਂ ਅਸਲੀ ਗੋਲ਼ੇ ਦਾਗਣ ਵਾਲੀਆਂ ਸਨ। ਇਨ੍ਹਾਂ ਦੀ ਮਾਰ ਇਕ ਕਿਲੋਮੀਟਰ ਤੋਂ ਲੈ ਕੇ ਸਾਢੇ ਤਿੰਨ ਕਿਲੋਮੀਟਰ ਤੱਕ ਹੁੰਦੀ ਸੀ।

ਅੱਗੇ ਜਾ ਕੇ ਜਦੋਂ ਬੁਰਜ ਦੇ ਨੇੜਿਓਂ ਦੀਦਾਰ ਹੁੰਦੇ ਹਨ ਤਾਂ ਪਤਾ ਲਗਦਾ ਹੈ ਕਿ ਇਹ ਕੋਈ ਸਧਾਰਣ ਬੁਰਜ ਨਹੀਂ ਹੈ। ਬੁਰਜ ਦੇ ਅੰਦਰ ਅਤੇ ਮੋਟੀ ਕੰਧ ਵਿਚ ਹੋਰ ਕਈ ਥਾਂਵਾਂ ’ਤੇ ਵੱਡੇ-ਵੱਡੇ ਭੰਡਾਰ ਬਣੇ ਹੋਏ ਹਨ, ਜਿਨ੍ਹਾਂ ਵਿਚ ਅਨਾਜ ਅਤੇ ਅਸਲਾ ਜਮ੍ਹਾ ਰੱਖਿਆ ਜਾਂਦਾ ਸੀ। ਬੁਰਜ ਦੇ ਵਿਚਕਾਰ ਤਿੰਨ ਮਿਹਰਾਬਾਂ ਵਾਲੀ ਇਕ ਬਾਲਕੋਨੀ ਵੀ ਬਣੀ ਹੋਈ ਹੈ। ਥੋੜ੍ਹਾ ਹੋਰ ਅੱਗੇ ਜਾ ਕੇ ਖੱਬੇ ਹੱਥ ਸਰਸਵਤੀ ਅਤੇ ਕਚਹਿਰੀ ਬਾਵੜੀਆਂ ਹਨ, ਜਿਨ੍ਹਾਂ ਵਿਚ ਅੱਜ ਦੇ ਦਿਨ ਵੀ ਪਾਣੀ ਨਹੀਂ ਮੁੱਕਦਾ। ਪੱਥਰ ਦੀ ਚਿਣਾਈ ਵਾਲੇ ਇਨ੍ਹਾਂ ਖੂਹਾਂ ਵਿਚ ਉਤਰਣ ਲਈ ਪੱਥਰ ਦੀਆਂ ਪੱਕੀਆਂ ਪੌੜੀਆਂ ਵੀ ਬਣੀਆਂ ਹੋਈਆਂ ਹਨ। ਇਧਰਲੇ ਪਾਸੇ ਹੀ ਵਿਸ਼ਾਲ ਹੌਦ ਹੈ। ਡੇਢ ਸੌ ਫੁੱਟ ਲੰਮਾ ਤੇ ਏਨਾ ਹੀ ਚੌੜਾ ਇਹ ਤਲਾਬ ਲਗਭਗ 22 ਫੁੱਟ ਡੂੰਘਾ ਹੈ। ਕਿਲ੍ਹੇ ਤੇ ਸ਼ਹਿਰ ਦੀ ਆਬਾਦੀ ਨੂੰ ਪਾਣੀ ਇਥੋਂ ਸਪਲਾਈ ਹੁੰਦਾ ਸੀ। ਇਸਦੇ ਨੇੜੇ ਹੀ ਇਕ ਮੰਦਿਰ ਵੱਲ ਇਸ਼ਾਰਾ ਕਰ ਕੇ ਸਾਡਾ ਗਾਈਡ ਦੱਸਣਾ ਸ਼ੁਰੂ ਕਰਦਾ ਹੈ: "ਇਹ ਭਾਰਤ ਮਾਤਾ ਦਾ ਪ੍ਰਾਚੀਨ ਮੰਦਿਰ ਹੈ।" ਮੈਂ ਉਸਨੂੰ ਇਥੇ ਹੀ ਟੋਕ ਦਿੰਦਾ ਹਾਂ: "ਮੰਦਿਰ ਦੀ ਇਮਾਰਤ ਤਾਂ ਪ੍ਰਾਚੀਨ ਜਾਪਦੀ ਹੈ, ਪਰੰਤੂ ਭਾਰਤ ਮਾਤਾ ਦਾ ਮੰਦਿਰ ਜ਼ਿਆਦਾ ਪ੍ਰਾਚੀਨ ਨਹੀਂ ਹੋ ਸਕਦਾ! ਭਾਰਤ ਮਾਤਾ ਦਾ ਸੰਕਲਪ ਆਪਣੇ ਆਪ ਵਿਚ ਆਜ਼ਾਦੀ ਦੀ ਲੜਾਈ ਵੇਲਿਆਂ ਦਾ ਹੀ ਹੈ, ਇਸਤੋਂ ਪਹਿਲਾਂ ਦਾ ਨਹੀਂ! ਇਸਤੋਂ ਪਹਿਲਾਂ ਭਾਰਤ ਮਾਤਾ ਦਾ ਇਕ ਮੰਦਿਰ ਮੈਂ ਹਰਿਦੁਆਰ ਵਿਚ ਵੇਖਿਆ ਸੀ, ਜਿਸਦਾ 1983 ਵਿਚ ਇੰਦਰਾ ਗਾਂਧੀ ਨੇ ਉਦਘਾਟਨ ਕੀਤਾ ਸੀ। ਤੇ ਮੈਂ ਪੜ੍ਹਿਆ ਹੋਇਆ ਹੈ ਕਿ

ਭਾਰਤ ਮਾਤਾ ਦਾ ਇਕ ਹੋਰ ਮੰਦਿਰ ਵਾਰਾਨਸੀ ਵਿਚ ਵੀ ਹੈ, ਜਿਹਦਾ ਉਦਘਾਟਨ ਮਹਾਤਮਾ ਗਾਂਧੀ ਨੇ 1936 ਵਿਚ ਕੀਤਾ ਸੀ। ਭਾਰਤ ਮਾਤਾ ਦੇ ਹੋਰ ਕਿਸੇ ਮੰਦਿਰ ਬਾਰੇ ਤਾਂ ਮੈਂ ਨਹੀਂ ਜਾਣਦਾ!" ਮੇਰਾ ਪ੍ਰਤੀਕਰਮ ਵੇਖ ਕੇ ਗਾਈਡ ਨੇ ਆਪਣੀ ਸੁਰ ਬਦਲ ਲਈ। "ਬਿਲਕੁਲ ਠੀਕ ਕਿਹਾ ਤੁਸਾਂ। ਮੰਨਿਆ ਜਾਂਦਾ ਹੈ ਕਿ ਇਹ ਮੰਦਿਰ ਯਾਦਵਾਂ ਦੇ ਵੇਲਿਆਂ ਦਾ ਬਣਿਆ ਹੋਇਆ ਹੈ। ਪਰੰਤੂ ਉਦੋਂ ਇਹ ਜੈਨ ਮੰਦਿਰ ਸੀ। ਜਦੋਂ ਸੁਲਤਾਨ ਕੁਤੁਬਦੀਨ ਮੁਬਾਰਕ ਖਿਲਜੀ ਇਧਰ ਆਇਆ, ਤਾਂ ਉਸਨੇ ਇਸ ਮੰਦਿਰ ਨੂੰ ਮਸਜਿਦ ਵਿਚ ਤਬਦੀਲ ਕਰ ਦਿੱਤਾ। ਭਾਰਤ ਮਾਤਾ ਦੀ ਮੂਰਤੀ ਤਾਂ ਆਜ਼ਾਦੀ ਘੁਲਾਟੀਆਂ ਨੇ 1948 ਵਿਚ ਆ ਕੇ ਸਥਾਪਤ ਕੀਤੀ, ਜਦੋਂ ਹੈਦਰਾਬਾਦ ਦਾ ਨਿਜ਼ਾਮ ਭਾਰਤ ਵਿਚ ਸ਼ਾਮਲ ਹੋ ਗਿਆ।" ਇਸ ਮੰਦਰ ਵਿਚ ਅੱਠਾਂ ਹੱਥਾਂ ਵਾਲੀ ਭਾਰਤ ਮਾਤਾ ਦੀ ਮੂਰਤੀ ਸਥਾਪਤ ਹੈ। ਕਿਸੇ ਹੱਥ ਵਿਚ ਕਿਰਪਾਨ ਹੈ ਤਾਂ ਕਿਸੇ ਹੱਥ ਵਿਚ ਤ੍ਰਿਸ਼ੂਲ, ਸੁਦਰਸ਼ਨ ਚੱਕਰ, ਸੱਪ ਤੇ ਸੰਖ! ਇਹ ਮੰਦਰ ਨੂੰ ਵੇਖ ਕੇ ਇਕਦਮ ਕਿੰਨੇ ਸਾਰੇ ਪ੍ਰਭਾਵਾਂ ਨੇ ਮੇਰਾ ਮਨ ਆ ਮੱਲਿਆ। ਯਾਦਵਾਂ ਨੇ ਬਾਰ੍ਹਵੀਂ ਸਦੀ ਵਿਚ ਜਦੋਂ ਇਹ ਮੰਦਿਰ ਬਣਵਾਇਆ ਤਾਂ ਉਦੋਂ ਇਸ ਇਲਾਕੇ ਵਿਚ ਜੈਨ ਧਰਮ ਦਾ ਬੋਲਬਾਲਾ ਹੋਵੇਗਾ! ਇਸ ਗੱਲ ਦੀ ਪੁਸ਼ਟੀ ਏਲੋਰਾ ਵਿਚ ਇਸੇ ਸਮੇਂ ਦੌਰਾਨ ਬਣੀਆਂ ਜੈਨ ਗੁਫਾਵਾਂ ਤੋਂ ਵੀ ਹੁੰਦੀ ਹੈ। ਫੇਰ ਸੁਲਤਾਨ ਕੁਤੁਬਦੀਨ ਮੁਬਾਰਕ ਖਿਲਜੀ ਨੇ ਜਦੋਂ ਇਸਨੂੰ ਮਸਜਿਦ ਵਿਚ ਵਟਾਇਆ ਤਾਂ ਇਹ ਡੰਡੇ ਦੇ ਜ਼ੋਰ ਨਾਲ ਹੋਇਆ ਹੋਵੇਗਾ, ਕਿਉਂਕਿ ਆਬਾਦੀ ਤਾਂ ਇਕਦਮ ਮੁਸਲਮਾਨ ਨਹੀਂ ਹੋ ਗਈ ਹੋਣੀ! ਪਰੰਤੂ ਆਜ਼ਾਦੀ ਤੋਂ ਬਾਅਦ ਜਦੋਂ ਇਹ ਭਾਰਤ ਮਾਤਾ ਦੇ ਮੰਦਿਰ ਵਿਚ ਤਬਦੀਲ ਹੋਇਆ ਤਾਂ ਆਮ ਲੋਕਾਂ ਵਿਚ ਦੇਸ਼ ਪ੍ਰੇਮ ਦਾ ਵਲਵਲਾ ਭਾਰੂ ਸੀ! ਇਹ ਗੱਲ ਵੀ ਰੌਚਕ ਹੈ ਕਿ ਕਿਵੇਂ ਭਾਰਤ ਮਾਤਾ ਵਰਗਾ ਧਰਮ ਨਿਰਪੱਖ ਸੰਕਲਪ ਵੀ ਧਾਰਮਿਕ ਪ੍ਰਗਟਾਵੇ ਵਿਚ ਵਟ ਸਕਦੈ! ਮੈਂ ਅਜਿਹੀਆਂ ਸੋਚਾਂ ਵਿਚ ਡੁੱਬਿਆ ਹੋਇਆ ਸਾਂ ਕਿ ਅਚਾਨਕ ਮੇਰੇ ਕੰਨੀਂ ‘ਭਾਰਤ ਮਾਤਾ ਕੀ ਜੈ’ ਦਾ ਨਾਅਰਾ ਗੂੰਜਣ ਲੱਗਾ। ਪਤਾ ਨਹੀਂ ਕਿਹੜੇ ਵੇਲੇ 25-30 ਸਕੂਲੀ ਬੱਚੇ ਮੰਦਿਰ ਦੇ ਬਾਹਰ ਆ ਖੜੋਤੇ ਸਨ ਤੇ ਅਧਿਆਪਕ ਦੀ ਪ੍ਰੇਰਣਾ ਸਦਕਾ ਜ਼ੋਰ ਜ਼ੋਰ ਨਾਲ ਨਾਅਰੇ ਲਾਉਣ ਲੱਗੇ ਸਨ! ਮੰਦਿਰ ਵਿਚ ਪੂਜਾ- ਪ੍ਰਾਰਥਨਾ ਨਹੀਂ ਸੀ ਹੋ ਰਹੀ, ਨਾਅਰੇ ਲੱਗ ਰਹੇ ਸਨ!

"ਐਹ ਰਾਹ ਵੇਖਦੇ ਹੋ!" ਵਾਪਸ ਮੁੱਖ ਰਾਹ ਉੱਤੇ ਆ ਕੇ ਗਾਈਡ ਸਾਡਾ ਧਿਆਨ ਆਪਣੇ ਵੱਲ ਕਰਦਾ ਹੈ। "ਇਸ ਰਾਹ ਨੂੰ ਵੀ ਰਣਨੀਤਕ ਮਕਸਦ ਨਾਲ ਵਰਤਿਆ ਜਾਂਦਾ ਸੀ।

ਉਪਰੋਂ ਹੇਠਾਂ ਨੂੰ ਪੱਥਰ ਰੋੜ੍ਹ ਕੇ ਦੁਸ਼ਮਣ ਉੱਤੇ ਹਮਲਾ ਕੀਤਾ ਜਾਂਦਾ ਸੀ। ਭੁੜਕਦੇ-ਟੱਪਦੇ ਪੱਥਰ ਆ ਕੇ ਦੁਸ਼ਮਣ ਦੇ ਨਲਾਂ ਜਾਂ ਲੱਕ ਦੇ ਉਪਰਲੇ ਹਿੱਸੇ ਉੱਤੇ ਆ ਕੇ ਵੱਜਦੇ ਸਨ।" ਅੱਗੇ ਜਾ ਕੇ ਸਾਨੂੰ ਉਹੋ ਚਾਂਦ ਮੀਨਾਰ ਹੁਣ ਨੇੜਿਓਂ ਦਿਸਦੀ ਹੈ, ਜਿਸਦੀ ਝਲਕ ਪਹਿਲਾਂ ਅਸੀਂ ਕਾਰ ਵਿਚ ਆਉਦਿਆਂ ਦੂਰੋਂ ਵੇਖੀ ਸੀ। ਦਸਦੇ ਨੇ ਕਿ ਇਹ ਮੀਨਾਰ ਸੰਨ 1447 ਵਿਚ ਸੁਲਤਾਨ ਅਹਿਮਦ ਸ਼ਾਹ ਬਾਹਮਣੀ ਨੇ ਬਣਵਾਈ ਸੀ। ਇਸ ਤਿਮੰਜ਼ਲੀ ਮੀਨਾਰ ਦੀ ਉਚਾਈ 65 ਮੀਟਰ ਹੈ, ਤੇ ਇਸ ਹਿਸਾਬ ਨਾਲ ਇਹ ਕੁਤੁਬ ਮੀਨਾਰ ਤੋਂ ਦੂਜੇ ਨੰਬਰ ਦੀ ਉੱਚੀ ਮੀਨਾਰ ਹੈ। ਕਾਲਾ ਕੋਟ ਦਾ ਦਰਵਾਜ਼ਾ ਪਹਿਲੇ ਦਰਵਾਜ਼ਿਆਂ ਦੇ ਮੁਕਾਬਲੇ ਵਿਚ ਖਾਸ ਪ੍ਰਭਾਵਸ਼ਾਲੀ ਨਹੀਂ ਹੈ। ਇਥੇ ਪਹੁੰਚ ਕੇ ਅਸਲ ਵਿਚ ਕਈ ਗੇਟ ਦਿਸਦੇ ਹਨ। ਇਨ੍ਹਾਂ ਵਿਚੋਂ ਕੋਈ ਅਸਲੀ ਗੇਟ ਸੀ, ਜਿਹੜਾ ਸਹੀ ਰਾਸਤੇ ’ਤੇ ਲੈ ਜਾਂਦਾ ਸੀ, ਤੇ ਕੋਈ ਨਕਲੀ ਸੀ, ਜਿਹੜਾ ਗ਼ਲਤ ਰਾਸਤੇ ਵੱਲ ਲੈ ਜਾਂਦਾ ਸੀ। ਇੰਝ ਦੁਸ਼ਮਣ ਨੂੰ ਭਟਕਾਉਣ ਖਾਤਿਰ ਕੀਤਾ ਗਿਆ ਸੀ। ਜਿਵੇਂ ਇਸ ਗੇਟ ਨੂੰ ਪਾਰ ਕਰਨ ’ਤੇ ਇਕ ਖੱਡ ਦਿਸਦੀ ਸੀ, ਜਦਕਿ ਦੂਜੇ ਪਾਸੇ ਨੂੰ ਸੁਹਣਾ ਸੁੱਕਾ ਰਾਹ ਜਾਂਦਾ ਸੀ। ਜੇ ਕੋਈ ਸੁੱਕੇ ਰਾਹੇ ਪੈ ਜਾਵੇ ਤਾਂ ਇਕ ਕਿਲੋਮੀਟਰ ਜਾ ਕੇ ਉਹਦਾ ਰਾਹ ਦਲਦਲ ਰੋਕ ਲੈਂਦੀ ਸੀ। ਅੰਦਰ ਵੜਦਿਆਂ ਸੱਜੇ ਪਾਸੇ ਭੜੋਲੀ ਵਰਗਾ ਇਕ ਭਾਂਡਾ ਨਜ਼ਰ ਆਉਂਦਾ ਹੈ, ਜਿਸਦਾ ਅਧਿਉਂ ਵੱਧ ਹਿੱਸਾ ਫਰਸ਼ ਵਿਚ ਦੱਬਿਆ ਹੋਇਆ ਹੈ। ਗਾਈਡ ਦੱਸਦਾ ਹੈ ਕਿ 366 ਲਿਟਰ ਦੀ ਇਹ ਭੜੋਲੀ ਪੱਥਰ ਦੀ ਘੜੀ ਹੋਈ ਹੈ। ਅਮਨ ਦੇ ਵੇਲਿਆਂ ਵਿਚ ਇਸ ਵਿਚ ਪੀਣ ਲਈ ਪਾਣੀ ਤੇ ਜੰਗ ਵੇਲੇ ਦੁਸ਼ਮਣ ਉੱਤੇ ਸੁੱਟਣ ਲਈ ਤੱਤਾ ਤੇਲ ਭਰਿਆ ਜਾਂਦਾ ਸੀ। ਕੁਝ ਮਿੰਟਾਂ ਵਿਚ ਅਸੀਂ 16 ਮੀਟਰ ਚੌੜੀ ਤੇ 20 ਮੀਟਰ ਡੂੰਘੀ ਖਾਈ ਤੱਕ ਪਹੁੰਚ ਜਾਂਦੇ ਹਾਂ, ਜਿਸ ਵਿਚ ਹਮੇਸ਼ਾ ਪਾਣੀ ਭਰਿਆ ਰਹਿੰਦਾ ਸੀ, ਤੇ ਇਸ ਪਾਣੀ ਵਿਚ ਛੱਡੇ ਹੋਏ ਸਨ ਆਦਮਖੋਰ ਮਗਰਮੱਛ। ਬੰਦਾ ਪਾਣੀ ਵਿਚ ਵੜਿਆ ਨਹੀਂ ਤੇ ਇਨ੍ਹਾਂ ਮਗਰਮੱਛਾਂ ਨੇ ਦਬੋਚਿਆ ਨਹੀਂ! ਖੱਡ ਦੀਆਂ ਕੰਧਾਂ ਏਨੀਆਂ ਮੁਲਾਇਮ ਸਨ, ਕਿ ਬੰਦਾ ਤਾਂ ਕੀ ਕੋਈ ਸੱਪ ਸਪੋਲੀਆ ਵੀ ਇਸ ਉੱਤੇ ਨਹੀਂ ਸੀ ਚੜ੍ਹ ਸਕਦਾ। ਇਸ ਖਾਈ ਨੂੰ ਪਾਰ ਕਰਨ ਲਈ ਇਕ ਪੱਕਾ ਪੁਲ ਹੈ। ਹਮਲਾਵਰ ਨੂੰ ਰੋਕਣ ਲਈ ਖਾਈ ਵਿਚ ਹੋਰ ਪਾਣੀ ਭਰ ਕੇ ਇਸ ਪੁਲ ਨੂੰ ਪਾਣੀ ਹੇਠ ਡਬੋ ਦਿੱਤਾ ਜਾਂਦਾ ਸੀ। ਉਪਰਲੇ ਪਾਸੇ ਚਮੜੇ ਦਾ ਬਣਿਆ ਇਕ ਹੋਰ ਪੁਲ ਹੁੰਦਾ ਸੀ, ਜਿਸਨੂੰ ਲੋੜ ਪੈਣ ’ਤੇ ਫਟਾਫਟ ਵਲੇਟ ਲਿਆ ਜਾਂਦਾ ਸੀ। ਇਸ ਪੁਲ

ਦੀ ਥਾਂ ’ਤੇ 1952 ਵਿਚ ਹੁਣ ਵਾਲਾ ਪੁਲ ਬਣਾਇਆ ਗਿਆ, ਜਿਸਨੂੰ ਪਾਰ ਕਰ ਕੇ ਸ਼ੁਰੂ ਹੁੰਦੀ ਹੈ ਅੰਧੇਰੀ। ਤੇ ਅੰਧੇਰੀ ਪਾਰ ਕਰ ਕੇ ਕਿਲ੍ਹੇ ਦਾ ਉਪਰਲਾ ਹਿੱਸਾ ਸ਼ੁਰੂ ਹੁੰਦਾ ਹੈ।

ਅੰਧੇਰੀ ਤੋਂ ਪਹਿਲਾਂ ਸਾਡਾ ਗਾਈਡ ਰੁਕ ਜਾਂਦਾ ਹੈ। ਉਹ ਆਖਦਾ ਹੈ ਕਿ ਕਿਲ੍ਹੇ ਦਾ ਯੁੱਧ ਕਲਾ ਦੇ ਨੁਕਤੇ ਤੋਂ ਮਹੱਤਵਪੂਰਨ ਭਾਗ ਅਸੀਂ ਵੇਖ ਲਿਆ ਹੈ। ਇਸਤੋਂ ਅਗਲਾ ਹਿੱਸਾ ਵੇਖਣ ਲਈ ਗਾਈਡ ਦੀ ਜ਼ਰੂਰਤ ਨਹੀਂ। ਅਸੀਂ ਵੀ ਉਸਤੋਂ ਵਿਦਾ ਲੈਣ ਲਈ ਤਿਆਰ ਹੀ ਸਾਂ। ਉਸਦਾ ਹਿਸਾਬ ਕਰ ਕੇ ਅਸੀਂ ਉਸਨੂੰ ਅਲਵਿਦਾ ਆਖਦੇ ਹਾਂ ਤੇ ਪਾਸੇ ਨੂੰ ਹੋ ਕੇ ਇਕ ਬਨੇਰੇ ਉੱਤੇ ਬਹਿ ਜਾਂਦੇ ਹਾਂ। ਚੜ੍ਹਾਈ ਚੜ੍ਹਨ ਨਾਲ ਸਰੀਰਕ ਤੌਰ ’ਤੇ ਥੋੜ੍ਹੀ ਥਕਾਵਟ ਮਹਿਸੂਸ ਹੋ ਰਹੀ ਹੈ ਤੇ ਲਗਾਤਾਰ ਸਵਾ ਘੰਟੇ ਤਾਈਂ ਆਪਣੇ ਗਾਈਡ ਦਾ ਰੱਟਾ-ਲੈਕਚਰ ਸੁਣ ਕੇ ਸਿਰ ਵੀ ਭਾਰਾ-ਭਾਰਾ ਹੋ ਗਿਐ। ਅਚਾਨਕ ਚੇਤੇ ’ਚ ਆ ਟਪਕਿਆ ਸ਼ੇਅਰ ਮੈਂ ਰੀਟਾ ਨੂੰ ਗੁਣਗੁਣਾ ਕੇ ਸੁਣਾਂਦਾ ਹਾਂ: "ਦਰਦ-ਏ-ਸਰ ਕੇ ਵਾਸਤੇ ਚੰਦਨ ਹੈ ਮੁਫੀਦ, ਲੇਕਿਨ ਉਸਕਾ ਘਿਸਨਾ ਔਰ ਲਗਾਨਾ, ਦਰਦ-ਏ-ਸਰ ਯੇ ਭੀ ਤੋ ਹੈ!" ਮੈਨੂੰ ਨਹੀਂ ਪਤਾ ਇਹ ਸਤਰਾਂ ਕਿਸਦੀਆਂ ਹਨ, ਤੇ ਲਫ਼ਓਮਪ;ਜ਼ ਵੀ ਠੀਕ ਇੰਝ ਹੀ ਹਨ ਕਿ ਨਹੀਂ! ਪਰੰਤੂ ਰੀਟਾ ਪ੍ਰਭਾਵਿਤ ਹੋ ਗਈ ਸੀ: "ਕਿਆ ਬਾਤ ਹੈ! ਹਮਾਰੀ ਹਾਲਤ ਕੋ ਬਾਖ਼ੂਬੀ ਬਿਆਨ ਕਰ ਦੀਆ ਆਪ ਨੇ!’’ ਅਜੀਬ ਮਾਮਲਾ ਹੈ! ਗਾਈਡ ਨਾ ਲਈਏ ਤਾਂ ਬਹੁਤਾ ਕੁਝ ਪੱਲੇ ਨਹੀਂ ਪੈਂਦਾ। ਤੇ ਜੇ ਗਾਈਡ ਚੰਗਾ ਨਾ ਹੋਵੇ ਤਾਂ ਸਿਰਦਰਦੀ ਬਣ ਜਾਂਦੈ! ਕਈ ਮਾਮਲਿਆਂ ਵਿਚ ਤਾਂ ਇੰਝ ਵੀ ਹੁੰਦੈ ਕਿ ਗਾਈਡ ਚੰਗਾ ਸੀ, ਪਰੰਤੂ ਸਮਾਂ ਉਸ ਕੋਲ ਸੀਮਤ ਸੀ। ਸੋ ਉਸਨੇ ਆਪਣੀ ਮਰਜ਼ੀ ਨਾਲ ਚੀਜ਼ਾਂ ਵਿਖਾਈਆਂ। ਕਾਹਲੀ-ਕਾਹਲੀ। ਬਹੁਤਾ ਅਜਿਹਾ ਰਹਿ ਗਿਆ, ਜਿਸਨੂੰ ਅਸੀਂ ਹੋਰ ਗਹੁ ਨਾਲ ਵੇਖਣਾ ਚਾਹੁੰਦੇ ਸਾਂ, ਪਰੰਤੂ ਗਾਈਡ ਕੋਲ ਵਕਤ ਨਹੀਂ ਸੀ! ਚਾਹਿਆ ਅਸੀਂ ਇਹ ਸੀ ਕਿ ਇਕ ਵਾਰ ਗਾਈਡ ਦੇ ਨਾਲ ਹੋ ਕੇ ਵੇਖ ਲਈਏ, ਦੁਬਾਰਾ ਬਿਨਾ ਗਾਈਡ ਤੋਂ ਵੇਖਣ ਆ ਜਾਵਾਂਗੇ। ਪਰੰਤੂ ਅਜਿਹਾ ਅਸੀਂ ਕਰ ਨਾ ਸਕੇ! ਅਜੀਬ ਦੁਬਿਦਾ ਹੈ! ਇਕ ਪਾਸਿਉਂ ਤਾਂ ਜੀਅ ਕਰਦਾ ਹੈ ਕਿ ਜਿਹੜੀ ਥਾਂ ਵੇਖੀਏ, ਉਸਨੂੰ ਪੂਰੀ ਤਫਸੀਲ ਵਿਚ ਵੇਖੀਏ, ਪਰੰਤੂ ਦੂਜੇ ਪਾਸਿਉਂ ਮਨ ਲੋਚਦਾ ਹੈ ਕਿ ਵੱਧ ਤੋਂ ਵੱਧ ਨਵੀਆਂ ਥਾਂਵਾਂ ਵੇਖ ਲਈਏ! ਦੋਵਾਂ ਇੱਛਾਵਾਂ ਨੂੰ ਤੋਲ ਕੇ ਸਾਵਾਂ ਰਾਹ ਕੱਢਣਾ ਪੈਂਦਾ ਹੈ। ਸੰਤੁਲਨ ਵਿਚ ਹੀ ਸੁੰਦਰਤਾ ਹੈ। ਸੰਤੁਲਨ ਵਿਚ ਹੀ ਸੁਰਮੇਲ ਹੈ। ਸੰਤੁਲਨ ਵਿਚ ਹੀ ਸਕੂਨ ਹੈ।

ਪਰੰਤੂ ਇਸ ਵੇਲੇ ਫਲਸਫੇ ਝਾੜਨ ਦਾ ਸਮਾਂ ਨਹੀਂ। ਫੈਸਲਾ ਕਰਨਾ ਹੈ ਕਿ ਅਸੀਂ ਅੱਗੇ ਜਾਣਾ ਹੈ ਕਿ ਨਹੀਂ! ਰੀਟਾ ਨੇ ਤਾਂ ਕੋਰੀ ਨਾਂਹ ਕਰ ਦਿੱਤੀ, ਪਰ ਮੈਂ ਸੋਚਦਾ ਹਾਂ ਕਿ ਏਨੀ ਦੂਰ ਆ ਕੇ ਪੂਰਾ ਕਿਲ੍ਹਾ ਵੇਖੇ ਬਗੈਰ ਨਹੀਂ ਮੁੜਨਾ। ਹਾਲਾਂਕਿ ਦਸ ਸਾਲ ਪਹਿਲਾਂ ਵੀ ਮੈਂ ਇਹ ਵੇਖਿਆ ਸੀ, ਪਰੰਤੂ ਕਾਫੀ ਕੁਝ ਚੇਤੇ ’ਚੋਂ ਵਿਸਰ ਚੁੱਕਾ ਹੈ। ਰੀਟਾ ਨੂੰ ਉੱਥੇ ਹੀ ਛੱਡ ਕੇ ਮੈਂ ਅੰਧੇਰੀ ਵਿਚ ਦਾਖਲ ਹੁੰਦਾ ਹਾਂ। ਨਾਲ ਲਿਆਂਦੀ ਟਾਰਚ ਏਥੇ ਬੜੀ ਕੰਮ ਆਈ। ਰੋਸ਼ਨੀ ਤੋਂ ਬਿਨਾ ਘੁੱਪ ਹਨੇਰੇ ਰਾਹ ਵਿਚ ਇਕ ਵੀ ਕਦਮ ਅੱਗੇ ਪੁੱਟਣਾ ਏਥੇ ਅਸੰਭਵ ਹੈ। ਅਸਲ ਵਿਚ ਚੱਟਾਨ ਨੂੰ ਕੱਟ ਕੇ ਬਣਾਈ ਹੋਈ ਹਨੇਰੀ ਸੁਰੰਗ ਹੈ ਇਹ! ਫੇਰ ਇਸ ਹਨੇਰੇ ਵਿਚ ਉਡਦੀਆਂ ਫਿਰਦੀਆਂ ਹਨ ਸੈਂਕੜੇ ਚਾਮਚੜਿੱਕਾਂ। ਤੇ ਸਾਰੀ ਆਬੋ ਹਵਾ ਵਿਚ ਭਰੀ ਹੋਈ ਹੈ ਇਨ੍ਹਾਂ ਦੀਆਂ ਮੇਂਗਣਾਂ ਦੀ ਸੜ੍ਹਾਂਦ! ਅੰਦਾਜ਼ਾ ਲਾਓ ਕਿ ਅੱਜ ਤਾਂ ਇਹ ਇਕ ਸੈਰ ਸਥਾਨ ਹੈ, ਪੁਰਾਣੇ ਵੇਲਿਆਂ ਵਿਚ ਇਸਦੀ ਹਾਲਤ ਕਿੰਝ ਦੀ ਹੁੰਦੀ ਹੋਵੇਗੀ! ਉਦੋਂ ਤਾਂ ਇਸ ਹਨੇਰੇ ਵਿਚ ਚਮਗਾਦੜਾਂ ਤੋਂ ਇਲਾਵਾ ਹਰ ਕੋਨੇ ਵਿਚ ਸਿਪਾਹੀ ਖੜ੍ਹੇ ਹੁੰਦੇ ਸਨ, ਦੁਸ਼ਮਣ ਉੱਤੇ ਹਥਿਆਰਾਂ ਤੇ ਗਰਮ ਤੇਲ ਨਾਲ ਹੱਲਾ ਬੋਲਣ ਲਈ ਤਿਆਰ ਬਰ ਤਿਆਰ। ਲੋੜ ਪੈਣ ’ਤੇ ਉਪਰਲੇ ਸਿਰੇ ਤੋਂ ਵੱਡੀ ਮਾਤਰਾ ਵਿਚ ਤੇਲ ਰੋੜ੍ਹ ਕੇ ਸਾਰੀ ਸੁਰੰਗ ਵਿਚ ਗਰਮ ਤੇਲ ਦਾ ਹੜ੍ਹ ਲਿਆਂਦਾ ਜਾ ਸਕਦਾ ਸੀ। ਅੱਗ ਬਾਲ ਕੇ ਇਸਨੂੰ ਦਮਘੁੱਟਵੇਂ ਧੂਏਂ ਨਾਲ ਭਰਿਆ ਜਾ ਸਕਦਾ ਸੀ। ਪੰਜਾਹ ਮੀਟਰ ਲੰਮੇ ਇਸ ਉਗੜੇ-ਦੁਗੜੇ ਰਾਹ ਵਿਚ ਕਿਤੇ-ਕਿਤੇ ਪੌੜੀਆਂ ਵੀ ਹਨ। ਇਕ ਥਾਂ ’ਤੇ ਇਕ ਖਿੜਕੀ ਵਿਚੀਂ ਰੋਸ਼ਨੀ ਦਿਸਦੀ ਹੈ। ਜੇ ਇਸਨੂੰ ਬਾਹਰ ਵੱਲ ਜਾਂਦਾ ਰਾਹ ਸਮਝ ਕੇ ਕੋਈ ਇੱਧਰ ਚਲਾ ਜਾਵੇ ਤਾਂ ਸਿੱਧਾ ਹੇਠਾਂ ਪਾਣੀ ਦੀ ਖੱਡ ਵਿਚ ਮਗਰਮੱਛਾਂ ਦਾ ਭੋਜਨ ਬਣੇਗਾ। ਅੱਜਕਲ੍ਹ ਇਸਨੂੰ ਸੀਖਾਂ ਲਾ ਕੇ ਬੰਦ ਕੀਤਾ ਹੋਇਆ ਹੈ। ਮੈਨੂੰ ਤਾਂ ਕਿਲ੍ਹੇ ਦਾ ਸਭ ਤੋਂ ਰੌਚਕ ਹਿੱਸਾ ਇਹੋ ਜਾਪ ਰਿਹਾ ਹੈ। ਮੈਂ ਆਪਣੀ ਟਾਰਚ ਦੀ ਮਦਦ ਨਾਲ ਟੋਹ-ਟੋਹ ਕੇ ਅੱਗੇ ਵਧ ਰਿਹਾ ਸਾਂ, ਕਿ ਇਕ ਵਾਰ ਫੇਰ ਬੱਚਿਆਂ ਦੀ ਉਹੋ ਟੋਲੀ ਮੇਰੇ ਨਾਲ ਰਲ਼ ਗਈ। ਉਨ੍ਹਾਂ ਕੋਲ ਸ਼ਾਇਦ ਆਪਣੀ ਕੋਈ ਟਾਰਚ ਵੀ ਨਹੀਂ ਸੀ! ਉਹ ਮੇਰੀ ਟਾਰਚ ਦੇ ਸਹਾਰੇ ਹੀ, ਪਰੰਤੂ ਮੇਰੇ ਤੋਂ ਤੇਜ਼ ਅੱਗੇ ਨਿਕਲਦੇ ਜਾ ਰਹੇ ਸਨ। ਤੇ ਇਨ੍ਹਾਂ ਵਲੋਂ ਮਚਾਏ ਜਾ ਰਹੇ ਹੂ-ਹੱਲੇ ਨਾਲ ਇਹ ਸੁਰੰਗ ਹੋਰ ਵੀ ਡਰਾਵਣੀ ਜਾਪ ਰਹੀ ਸੀ!

ਅੰਧੇਰੀ ਪਾਰ ਕਰ ਕੇ ਉੱਪਰ ਵੱਲ ਜਾਂਦੀਆਂ ਸੈਂਕੜੇ ਪੌੜੀਆਂ ਹਨ। ਹੁਣ ਸਕੂਲੀ ਬੱਚੇ ਟੱਪਦੇ-ਕੁੱਦਦੇ ਹੋਏ ਮੈਥੋਂ ਕਿਤੇ ਦੂਰ ਨਿਕਲ ਗਏ ਹਨ। ਹਾਲਾਂਕਿ ਮੈਂ ਵੀ ਤੁਰਨ ਵਿਚ ਛੋਹਲਾ ਹਾਂ। ਆਮ ਤੌਰ ’ਤੇ ਵੀ ਕਦਮ ਤੇਜ਼ ਹੀ ਪੁੱਟਦਾ ਹਾਂ, ਤੇ ਇਸ ਵੇਲੇ ਤਾਂ ਰੀਟਾ ਕੋਲ ਵਾਪਸ ਪਹੁੰਚਣ ਦੀ ਕਾਹਲੀ ਵੀ ਹੈ। ਮੇਰੇ ਨਾਲ-ਨਾਲ ਇਕ ਨੌਜਵਾਨ ਜੋੜਾ ਵੀ ਪੌੜੀਆਂ ਚੜ੍ਹ ਰਿਹਾ ਹੈ। ਕੁੜੀ ਦੇ ਚੂੜੇ ਤੋਂ ਜਾਪਦੈ ਕਿ ਇਹ ਨਵਵਿਆਹਿਆ ਜੋੜਾ ਸ਼ਾਇਦ ਹਨੀਮੂਨ ਮਨਾਉਣ ਲਈ ਘਰੋਂ ਬਾਹਰ ਨਿਕਲਿਆ ਹੋਇਆ ਹੈ! ਇਕਦਮ ਮੇਰੇ ਮਨ ’ਚੋਂ ਉਨ੍ਹਾਂ ਲਈ ਦਾਦ ਦੀ ਭਾਵਨਾ ਉੱਠਦੀ ਹੈ। ਮੈਂ ਸੋਚਦਾ ਹਾਂ, ਹਨੀਮੂਨ ਦੇ ਬਹਾਨੇ ਜੇ ਸਾਡੇ ਪੰਜਾਬੀ ਜੋੜੇ ਵੀ ਆਪਣਾ ਭਾਰਤੀ ਵਿਰਸਾ ਵੇਖਣ ਇੰਞ ਨਿਕਲਣ, ਤਾਂ ਬਾਤ ਬਨ ਜਾਏ! ਖੈਰ, ਕਈਆਂ ਨੂੰ ਪਾਰ ਕਰਦਾ ਤੇ ਕਈਆਂ ਤੋਂ ਪਿੱਛੇ ਰਹਿੰਦਾ ਮੈਂ ਦਸਾਂ ਕੁ ਮਿੰਟਾਂ ਵਿਚ ਸਿਖਰ ’ਤੇ ਸਥਿਤ ਬਾਰਾਂਦਰੀ ਵਿਚ ਪਹੁੰਚ ਜਾਂਦਾ ਹਾਂ। ਸ਼ਾਹ ਜਹਾਂ ਲਈ 1636 ਵਿਚ ਬਣਾਈ ਗਈ 13 ਹਾਲ ਕਮਰਿਆਂ ਦੀ ਬਾਰਾਂ ਮਿਹਰਾਬਾਂ ਵਾਲੀ, ਅੱਠਭੁਜੀ ਇਹ ਇਮਾਰਤ ਕਾਫੀ ਚੰਗੀ ਹਾਲਤ ਵਿਚ ਹੈ। ਸਫੇਦ ਪਲਸਤਰ ਵਾਲੀ ਇਹ ਇਮਾਰਤ ਕਿਲ੍ਹੇ ਵੱਲ ਆਉਦਿਆਂ ਸਾਨੂੰ ਕਈ ਕਿਲੋਮੀਟਰ ਦੂਰੋਂ ਹੀ ਦਿਸ ਪਈ ਸੀ। ਹੁਣ ਇਥੇ ਖੜੋਤੇ ਨੂੰ ਮੈਨੂੰ ਸਾਰਾ ਚੌਗਿਰਦਾ ਦੂਰ-ਦੂਰ ਤਾਈਂ ਦਿਸ ਰਿਹਾ ਹੈ। ਪੰਦਰਾਂ ਕਿਲੋਮੀਟਰ ਦੂਰ ਔਰੰਗਾਬਾਦ ਸ਼ਹਿਰ ਦੀ ਪੰਛੀ ਝਾਤ ਵੀ ਦਿਸ ਰਹੀ ਹੈ। ਹੁਣ ਕਿਲ੍ਹੇ ਦੇ ਬਾਹਰਵਾਰ ਵਾਲੀ ਦੋਹਰੀ ਕੰਧ ਅਤੇ ਉਸਦੇ ਵਿਚਕਾਰਲੀ ਖਾਈ ਵੀ ਸਾਫ ਦਿਸਦੀ ਹੈ। ਹੁਣ ਮੈਨੂੰ ਅਫਸੋਸ ਹੋ ਰਿਹਾ ਹੈ ਕਿ ਰੀਟਾ ਕਿਉਂ ਇਥੇ ਤੱਕ ਮੇਰੇ ਨਾਲ ਨਹੀਂ ਆਈ! ਸ਼ਾਇਦ ਇਕੋ ਦਿਨ ਵਿਚ ਏਲੋਰਾ, ਖੁਲਦਾਬਾਦ ਅਤੇ ਦੌਲਤਾਬਾਦ ਨੂੰ ਨਿਪਟਾਣਾ ਜ਼ਿਆਦਾ ਥਕਾਵਟ ਵਾਲਾ ਕੰਮ ਹੈ!

ਬਾਰਾਂਦਰੀ ਤੋਂ ਵਾਪਸ ਆਉਂਦਾ ਹੋਇਆ ਮੈਂ ਰਾਹ ’ਚ ਪੈਂਦੇ ਗਣੇਸ਼ ਮੰਦਿਰ ਦੇ ਦਰਸ਼ਨ ਕਰਨ ਜਾਂਦਾ ਹਾਂ। ਪੇਸ਼ਵਾ ਰਾਜ ਦੌਰਾਨ ਬਣੇ ਇਸ ਮੰਦਿਰ ਵਿਚ ਪੱਥਰ ਦੀ ਗੇਰੂਏ ਰੰਗ ਦੀ ਸਧਾਰਣ ਜਿਹੀ ਮੂਰਤੀ ਹੈ। ਪੁਜਾਰਨ ਤੋਂ ਫੁੱਲੀਆਂ ਮਖਾਣਿਆਂ ਦਾ ਪ੍ਰਸ਼ਾਦ ਲੈ ਕੇ ਮੈਂ ਵਾਪਸ ਰੀਟਾ ਕੋਲ ਪਹੁੰਚ ਜਾਂਦਾ ਹਾਂ। ਉੱਪਰ ਜਾਣ-ਆਣ ਵਿਚ ਜਿਹੜਾ ਪੌਣਾ ਘੰਟਾ ਮੈਨੂੰ ਲੱਗਾ, ਉਸ ਦੌਰਾਨ ਪਹਿਲਾਂ ਤਾਂ ਰੀਟਾ ਨੇ ਲੰਗੂਰਾਂ ਨੂੰ ਬਿਸਕੁਟ ਖੁਆਣ ਦਾ ਕੰਮ ਕੀਤਾ, ਤੇ ਹੁਣ ਉਹ ਬੁਰਕੇ◌ੇ ਵਿਚ ਕੱਜੀਆਂ ਪੰਜ-ਛੇ ਮੁਸਲਮਾਨ ਔਰਤਾਂ ਨਾਲ ਗੱਲੀਂ ਪਈ ਹੋਈ ਸੀ।

ਬਾਅਦ ਵਿਚ ਰੀਟਾ ਨੇ ਦੱਸਿਆ ਕਿ ਇਹ ਔਰਤਾਂ ਵੀ ਸਵੇਰ ਦੀਆਂ ਘਰੋਂ ਨਿਕਲੀਆਂ ਹੋਈਆਂ ਹਨ, ਤੇ ਏਲੋਰਾ ਵੇਖ ਕੇ ਏਥੇ ਪਹੁੰਚੀਆਂ। ਉਹ ਵੀ ਤੁਰ-ਤੁਰ ਕੇ ਹੁਣ ਤੱਕ ਥੱਕ ਗਈਆਂ ਸਨ, ਤੇ ਉਨ੍ਹਾਂ ਦੇ ਖਾਵੰਦ ਵੀ ਉਨ੍ਹਾਂ ਨੂੰ ਏਥੇ ਬਿਠਾ ਕੇ ਉੱਪਰ ਬਾਰਾਂਦਰੀ ਵੱਲ ਗਏ ਹੋਏ ਹਨ। ਅਸੀਂ ਇਥੋਂ ਤੁਰੇ ਤੇ ਖਾਈ ਵਾਲਾ ਪੁਲ ਵਾਪਸ ਪਾਰ ਕਰ ਕੇ ਉਹ ਪਾਸਾ ਵੇਖਣ ਚਲੇ ਗਏ, ਜਿਹੜਾ ਗਾਈਡ ਨੇ ਸਾਨੂੰ ਨਹੀਂ ਸੀ ਵਿਖਾਇਆ। ਇਥੇ ਪੰਜ ਧਾਤੂਆਂ ਦੀ ਬਣੀ ਛੇ ਮੀਟਰ ਲੰਮੀ ਤੋਪ ਪਈ ਹੈ। ਇਸਨੂੰ ਮੇਢਾ ਤੋਪ ਆਖਿਆ ਜਾਂਦਾ ਹੈ, ਕਿਉਂਕਿ ਇਸਦਾ ਪਿਛਲਾ ਸਿਰਾ ਮੇਢੂ (ਭੇਡੂ) ਦੇ ਮੂੰਹ ਵਰਗਾ ਤਰਾਸ਼ਿਆ ਹੋਇਆ ਹੈ। ਹਾਲਾਂਕਿ ਇਸ ਤੋਪ ਉੱਤੇ ਇਸਦਾ ਨਾਂਅ 'ਕਿਲ੍ਹਾ ਸ਼ਿਕਨ ਤੋਪ' ਉਕਰਿਆ ਹੋਇਆ ਹੈ। ਇਸਤੋਂ ਇਲਾਵਾ ਇਸ ਉੱਤੇ ਬਾਦਸ਼ਾਹ ਔਰੰਗਜ਼ੇਬ ਅਤੇ ਕਾਰੀਗਰ ਮੁਹੰਮਦ ਅਰਬ ਦਾ ਨਾਂਅ ਵੀ ਲਿਖਿਆ ਹੋਇਆ ਹੈ। ਨੇੜੇ ਹੀ ਚੀਨੀ ਮਹਿਲ ਦਿਸ ਰਿਹੈ। ਇਸਦਾ ਨਾਂਅ ਇਥੇ ਵਰਤੀਆਂ ਗਈਆਂ ਚੀਨੀ ਟਾਈਲਾਂ ਤੋਂ ਪਿਆ ਹੋਇਐ। ਕੁਝ ਸਮੇਂ ਲਈ ਇਸ ਮਹਿਲ ਨੇ ਜੇਲ੍ਹ ਦਾ ਕਿਰਦਾਰ ਵੀ ਨਿਭਾਇਆ ਸੀ। ਗੋਲਕੌਂਡਾ ਦੇ ਆਖਰੀ ਰਾਜੇ ਅਬੁਲ ਹਸਨ ਤਾਨਾਸ਼ਾਹ ਨੇ 1699 ਵਿਚ ਆਪਣੀ ਮੌਤ ਤੋਂ ਪਹਿਲਾਂ ਦੇ 12 ਸਾਲ ਇਥੇ ਕੈਦ ਕੱਟੀ ਸੀ। ਨਿਜ਼ਾਮਸ਼ਾਹੀ ਮਹਿਲ ਵੀ ਇਸੇ ਪਾਸੇ ਹੈ, ਜਿਸ ਵਿਚ ਆਹਲਾ ਮੀਨਾਕਾਰੀ ਦੇ ਕੁਝ ਨਮੂਨੇ ਅਜੇ ਵੀ ਬਰਕਰਾਰ ਹਨ।

ਦੌਲਤਾਬਾਦ ਦਾ ਕਿਲ੍ਹਾ ਸਾਡੇ ਮਨਾਂ ਉੱਤੇ ਛਾ ਗਿਆ ਸੀ। ਦੁਨੀਆਂ ਵਿਚ ਹੋਰ ਬੜੇ ਕਿਲ੍ਹੇ ਵੇਖੇ ਹਨ। ਭਾਰਤ ਵਿਚ ਵੀ ਤੇ ਬਾਹਰਲੇ ਦੇਸ਼ਾਂ ਵਿਚ ਵੀ। ਪਹਾੜਾਂ ਵਿਚ ਵੀ ਤੇ ਜੰਗਲਾਂ, ਮਾਰੂਥਲਾਂ ਵਿਚ ਵੀ। ਪਰੰਤੂ ਐ ਦੌਲਤਾਬਾਦ, ਤੁਝ ਸਾ ਨਹੀਂ ਦੇਖਾ! ਹੇਠਾਂ ਨੂੰ ਉਤਰਦੇ ਹੋਏ ਅਸੀਂ ਆਪਸ ਵਿਚ ਵਿਚਾਰਾਂ ਕਰ ਰਹੇ ਸਾਂ ਕਿ ਵੇਖੋ, ਬਣਾਉਣ ਵਾਲਿਆਂ ਨੇ ਇਸਨੂੰ ਹਰ ਪੱਖ ਤੋਂ ਏਨਾ ਮਜਬੂਤ ਤੇ ਉਲਝਾਉ ੂ ਬਣਾਇਆ, ਪਰੰਤੂ ਜਿੱਤਣ ਵਾਲਿਆਂ ਨੇ ਫੇਰ ਵੀ ਜਿੱਤ ਲਿਆ! ਕਿਉ ੁਕਿ ਅਸਲ ਗੱਲ ਤਾਂ ਇਹ ਹੈ ਕਿ ਕਿਸੇ ਵੀ ਰਾਜੇ ਨੂੰ ਬਚਾਉਣ ਲਈ ਬੱਸ ਇਕ ਮਜਬੂਤ ਕਿਲ੍ਹਾ ਮਾਤਰ ਕਾਫੀ ਨਹੀਂ ਹੈ। ਜਦੋਂ ਰਾਜ ਵਿਚ ਹੀ ਜਾਨ ਨਾ ਰਹੇ, ਉਦੋਂ ਕਿਲ੍ਹੇ ਦੀਆਂ ਕੰਧਾਂ ਤਾਂ ਆਪੇ ਹਿੱਲਣ ਲੱਗ ਪੈਂਦੀਆਂ ਹਨ। ਜੇ ਦੁਸ਼ਮਣ ਸਾਰਾ ਰਾਜ ਲੰਘ ਕੇ ਕਿਲ੍ਹੇ ਤੱਕ ਹੀ ਪਹੁੰਚ ਗਿਆ ਤਾਂ ਸਿਰਫ ਕਿਲ੍ਹੇ ਦਾ ਸੁਰੱਖਿਆ ਦਸਤਾ ਉਸਨੂੰ ਕਿੰਨਾ ਕੁ ਚਿਰ ਬਚਾਈ ਰੱਖੇਗਾ! ਰਾਜ ਦੀ ਜਾਨ ਤਾਂ ਉਸਦੇ ਅਰਥਚਾਰੇ ਵਿਚ ਹੁੰਦੀ ਹੈ। ਉਸਦੀ ਫੌਜੀ ਤਾਕਤ ਦਾ ਆਧਾਰ ਵੀ ਉਸਦਾ

ਅਰਥਚਾਰਾ ਹੀ ਹੁੰਦਾ ਹੈ। ਕਿਲ੍ਹੇ ਤਾਂ ਘਰ ਦੇ ਇਕ ਜਿੰਦਰੇ ਵਰਗੇ ਹੀ ਹੁੰਦੇ ਹਨ, ਜਿਨ੍ਹਾਂ ਬਾਰੇ ਸਿਆਣਿਆਂ ਨੇ ਆਖਿਐ, ਸਿਰਫ ਸਾਧਾਂ ਲਈ ਹੁੰਦੇ ਹਨ, ਚੋਰਾਂ ਲਈ ਨਹੀਂ। ਇਹ ਠੀਕ ਹੈ ਕਿ ਇਸ ਕਿਲ੍ਹੇ ਵਿਚ ਕੋਈ ਐਰਾ ਬਗੈਰਾ ਬਿਨਾ ਇਜਾਜ਼ਤ ਨਹੀਂ ਸੀ ਘੁਸ ਸਕਦਾ। ਰਾਜੇ ਦੀ ਨਿੱਜੀ ਸੁਰੱਖਿਆ ਦਾ ਮਕਸਦ ਇਹ ਕਿਲ੍ਹਾ ਬਾਖੂਬੀ ਨਿਭਾਉਂਦਾ ਸੀ। ਪਰੰਤੂ ਰਾਜ ਦੇ ਖਿਲਾਫ ਚੜ੍ਹ ਕੇ ਆਏ ਦੁਸ਼ਮਣ ਲਈ ਇਹ ਰੁਕਾਵਟ ਨਾ ਬਣ ਸਕਿਆ। ਇਹ ਵੀ ਸ਼ਾਇਦ ਠੀਕ ਹੋਵੇ ਕਿ ਫੌਜੀ ਤਰੀਕੇ ਨਾਲ ਇਸਨੂੰ ਕਦੇ ਵੀ ਨਾ ਜਿੱਤਿਆ ਗਿਆ ਹੋਵੇ! ਸੁਣਿਆ ਹੈ ਕਿ ਇਕ ਵਾਰ ਤਾਂ ਇਸਨੂੰ ਜਿੱਤਣ ਵਾਲੇ ਨੇ ਬੱਸ ਥੋੜ੍ਹੀਆਂ ਜਿਹੀਆਂ ਚਾਂਦੀ ਦੀਆਂ ਮੋਹਰਾਂ ਵਿਚ ਹੀ ਪਹਿਰੇਦਾਰਾਂ ਨੂੰ ਖਰੀਦ ਕੇ ਕੰਮ ਸਾਰ ਲਿਆ ਸੀ! ਪਰੰਤੂ ਜਿੱਤ ਅੱਜਿਤ ਦੀ ਗੱਲ ਨੂੰ ਲਾਂਭੇ ਰੱਖ ਕੇ ਸਿਰਫ ਭਵਨ-ਨਿਰਮਾਣ ਕਲਾ ਦੇ ਪੱਖੋਂ ਵੇਖੀਏ, ਤਾਂ ਸੱਚਮੁੱਚ ਇਹ ਕਿਲ੍ਹਾ ਕਿਸੇ ਅਜੂਬੇ ਤੋਂ ਓੂਣਾ ਨਹੀਂ!

# 6.ਕੰਧ ਚਿਤਰਾਂ ਦੀ ਚਿਤਰਸ਼ਾਲਾ



ਅੱਜ ਅਸੀਂ ਅਜੰਤਾ ਦੀਆਂ ਗੁਫਾਵਾਂ ਵੇਖਣ ਦਾ ਪ੍ਰੋਗਰਾਮ ਬਣਾਇਆ ਹੈ। ਔਰੰਗਾਬਾਦ ਤੋਂ 105 ਕਿਲੋਮੀਟਰ ਦਾ ਫਾਸਲਾ ਹੈ। ਅੱਜ ਫੇਰ ਅਸੀਂ ਟੈਕਸੀ ਲੈ ਕੇ ਜਾਣਾ ਹੀ ਬਿਹਤਰ ਸਮਝਦੇ ਹਾਂ। ਹੋਟਲ ਦੇ ਨਾਲ ਲਗਦੇ ਟੈਕਸੀ ਸਟੈਂਡ ਤੋਂ 1800 ਰੁਪਏ ਵਿਚ ਸਾਲਮ ਟੈਕਸੀ ਮਿਲ ਗਈ ਹੈ। ਸਾਡਾ ਡਰਾਈਵਰ ਬੜੇ ਸਲੀਕੇ ਨਾਲ ਸਾਨੂੰ ਕਾਰ ਵਿਚ ਬਿਠਾਉਂਦਾ ਹੈ। ਆਪਣਾ ਤਾਅਰੁਫ ਅਬਦੁਲ ਅਜੀਜ਼ ਦੇ ਨਾਂਅ ਨਾਲ ਕਰਵਾਉਂਦਾ ਹੈ। ਦਰਮਿਆਨਾ ਕੱਦ, ਮਾੜਕੂ ਜੁੱਸਾ, ਤਿੰਨ ਕੁ ਪੋਟੇ ਲੰਮੀ ਦਾੜ੍ਹੀ, ਮੁੱਛਾਂ ਘਰੋੜ ਕੇ ਕੁਤਰੀਆਂ ਹੋਈਆਂ, ਸਿਰ ਉੱਤੇ ਕਰੋਸ਼ੀਏ ਨਾਲ ਬੁਣੀ ਹੋਈ ਸਫੇਦ ਮੁਸਲਮਾਨੀ ਟੋਪੀ। ਜਿੰਨਾ ਕੁ ਚਿਰ ਸ਼ਹਿਰ ਦੀ ਭੀੜ ਵਿਚੀਂ

ਕਾਰ ਚਲਾ ਰਿਹਾ ਸੀ, ਓਨਾ ਕੁ ਚਿਰ ਤਾਂ ਉਹ ਚੁੱਪ ਰਿਹਾ, ਪਰੰਤੂ ਜਿਉਂ ਹੀ ਸ਼ਹਿਰੋਂ ਬਾਹਰ ਨਿਕਲੇ, ਅਬਦੁਲ ਅਜੀਜ਼ ਨੇ ਹੰਢੇ ਹੋਏ ਗਾਲੜੀ ਵਾਂਗ ਗੱਲਾਂ ਕਰਨੀਆਂ ਸ਼ੁਰੂ ਕਰ ਦਿੱਤੀਆਂ। ਜ਼ਿੰਦਗੀ ਦੇ ਹਰ ਪਹਿਲੂ ਬਾਰੇ ਪੱਕੇ ਸਿੱਟੇ ਕੱਢੇ ਹੋਏ ਹਨ, ਉਹ ਪੜ੍ਹਿਆ ਘੱਟ, ਪਰ ਗੁੜ੍ਹਿਆ ਬਹੁਤਾ ਜਾਪਦਾ ਹੈ। ਰਾਹ ਵਿਚ ਸਾਨੂੰ ਸਿਰ ਉੱਤੇ ਪਾਣੀ ਦੀਆਂ ਗਾਗਰਾਂ ਔਰਤਾਂ ਦਿਸਦੀਆਂ ਹਨ, ਜਿਨ੍ਹਾਂ ਵਿਚੋਂ ਬਹੁਤੀਆਂ ਲਿਬਾਸ ਪੱਖੋਂ ਮੁਸਲਮਾਨਣਾਂ ਜਾਪਦੀਆਂ ਹਨ। ਰੀਟਾ ਅਬਦੁਲ ਅਜੀਜ਼ ਨੂੰ ਪੁੱਛਦੀ ਹੈ ਕਿ ਸਿਰਫ ਔਰਤਾਂ ਹੀ ਪਾਣੀ ਕਿਉਂ ਢੋਂਦੀਆਂ ਨੇ, ਜਦਕਿ ਆਦਮੀ ਸਰੀਰਕ ਪੱਖੋਂ ਤਕੜੇ ਹੋਣ ਕਰਕੇ ਇਹ ਕੰਮ ਬਿਹਤਰ ਕਰ ਸਕਦੇ ਹਨ! ਅਬਦੁਲ ਅਜੀਜ਼ ਦਾ ਜੁਆਬ ਇਕ ਹੰਢੇ ਹੋਏ ਟੀਕਾਕਾਰ ਵਰਗਾ ਸੀ: "ਤੁਸੀਂ ਬਰੋਬਰ ਠੀਕ ਹੋ! ਵੈਸੇ ਤਾਂ ਸਾਡੇ ਪੈਗੰਬਰ ਨੇ ਕਿਹੈ ਕਿ ਔਰਤ ਦੀ ਇੱਜ਼ਤ ਕਰੋ। ਪਰ ਅਸਲ ਵਿਚ ਕਰਦਾ ਕੋਈ ਨਹੀਂ।" "ਤੁਹਾਡੀ ਇੱਕੋ ਬੀਵੀ ਹੈ ਕਿ ਜ਼ਿਆਦਾ?" ਹੁਣ ਸਵਾਲ ਪੁੱਛਣ ਦੀ ਮੇਰੀ ਵਾਰੀ ਸੀ। "ਇੱਕੋ ਈ ਹੈ ਜੀ! ਔਰਤਾਂ ਨੂੰ ਸੰਭਾਲਣਾ ਬਹੁਤ ਮੁਸ਼ਕਲ ਹੈ। ਜ਼ਰਾ ਵੀ ਇੱਧਰ-ਉੱਧਰ ਦੀ ਗੱਲ ਹੋਈ ਨਹੀਂ, ਤੇਲ ਦਾ ਡੱਬਾ ਤਿਆਰ ਰਹਿੰਦੈ!" "ਤੇਲ ਦਾ ਡੱਬਾ!" "ਹਾਂਜੀ, ਤੇਲ ਦਾ ਡੱਬਾ। ਆਪਣੇ-ਆਪ ਨੂੰ ਅੱਗ ਲਾਉਣ ਲਈ।" ਅਬਦੁਲ ਅਜੀਜ਼ ਦਾ ਇਹ ਜੁਆਬ ਸਾਡੇ ਲਈ ਉੱਕਾ ਹੀ ਅਣਕਿਆਸਿਆ ਸੀ। "ਪਰ ਤੁਹਾਡੇ ਕਿਸੇ ਦੋਸਤ ਦੀਆਂ ਇਕ ਤੋਂ ਵੱਧ ਬੀਵੀਆਂ ਹਨ?" ਮੈਂ ਅਜੇ ਵੀ ਆਪਣੇ ਸਵਾਲ ਨੂੰ ਛੱਡਿਆ ਨਹੀਂ ਸੀ। ਮੈਂ ਜਾਨਣਾ ਚਾਹੁੰਦਾ ਸਾਂ ਕਿ ਜਿਹੜੀ ਪ੍ਰਥਾ ਬਾਰੇ ਹਿੰਦੂ ਕੱਟੜਪੰਥੀ ਏਨਾ ਪ੍ਰਚਾਰ ਕਰਦੇ ਹਨ, ਉਹਦੀ ਜ਼ਮੀਨੀ ਹਕੀਕਤ ਕੀ ਹੈ! "ਮੇਰੇ ਦੋਸਤਾਂ ’ਚ ਤਾਂ ਨਹੀਂ, ਮੇਰਾ ਇਕ ਮਾਮਾ ਹੈ, ਮੈਥੋਂ ਚਾਰ ਕੁ ਸਾਲ ਵੱਡਾ, ਉਸਦੀਆਂ ਦੋ ਬੀਵੀਆਂ ਹਨ। ਅਸਲ ਵਿਚ ਪਹਿਲੀ ਤੋਂ ਕੋਈ ਬੱਚਾ ਨਹੀਂ ਸੀ ਹੋ ਰਿਹਾ।" ਤੇ ਨਾਲ ਲਗਦਾ ਜੀਵਨ ਫਲਸਫੇ ਦਾ ਆਪਣਾ ਨਿਚੋੜ ਵੀ ਉਸਨੇ ਸੁਣਾ ਦਿੱਤਾ: "ਹਰ ਇਨਸਾਨ ਆਪਣੇ ਹਿਸਾਬ ਨਾਲ ਠੀਕ ਹੈ। ਕਈ ਵਾਰ ਦੂਜੇ ਨੂੰ ਸ਼ਾਇਦ ਉਸਦੀ ਸਮਝ ਨਾ ਆਵੇ!" ਹੋ ਸਕਦਾ ਹੈ ਉਸਨੇ ਆਪਣੇ ਮਾਮੇ ਦਾ ਬਚਾਅ ਕਰਨ ਦੀ ਲੋੜ ਸਮਝੀ ਹੋਵੇ! ਜਾਂ ਮੈਨੂੰ ਇੰਝ ਲੱਗਾ ਹੋਵੇ! ਇਸਲਈ ਮੈਂ ਇਹ ਗੱਲ ਦੱਸਣੀ ਜ਼ਰੂਰੀ ਸਮਝੀ ਕਿ ਕਦੇ ਕਦਾਈਂ ਤਾਂ ਹਿੰਦੂ ਜਾਂ ਸਿੱਖ ਵੀ ਦੋ-ਦੋ ਵਿਆਹ ਕਰਵਾ ਲੈਂਦੇ ਹਨ। ਅਸਲ ਵਿਚ ਭਾਰਤ ਦੀ ਮਰਦਮਸ਼ੁਮਾਰੀ ਮੁਤਾਬਕ ਦੋ-ਦੋ ਵਿਆਹ ਕਰਵਾਉਣ ਵਾਲਿਆਂ ਵਿਚ ਮੁਸਲਮਾਨਾਂ ਦੇ ਮੁਕਾਬਲੇ ਹਿੰਦੂਆਂ ਦੀ ਅਨੁਪਾਤ ਜ਼ਰਾ ਕੁ ਜਿੰਨੀ ਵਧੇਰੇ ਹੀ ਹੈ। "ਅੱਛਾ

ਜਨਾਬ?ਇਹ ਗੱਲ ਤਾਂ ਮੈਂ ਪਹਿਲੀ ਵਾਰ ਸੁਣੀ ਹੈ!" ਅਬਦੁਲ ਅਜੀਜ਼ ਨੇ ਪਿੱਛੇ ਮੁੜ ਕੇ ਮੇਰੇ ਵੱਲ ਇੰਝ ਵੇਖਿਆ ਜਿਵੇਂ ਹੁਣੇ-ਹੁਣੇ ਮਿਲੇ ਕਿਸੇ ਤੋਹਫੇ ਲਈ ਮੇਰਾ ਧੰਨਵਾਦ ਕਰ ਰਿਹਾ ਹੋਵੇ! ਤੇ ਦੁਬਾਰਾ ਸਾਹਮਣੇ ਸੜਕ ਵੱਲ ਧਿਆਨ ਲਿਜਾਂਦਿਆਂ ਹੀ ਬੋਲਿਆ: "ਪੁਰਾਣੀਆਂ ਗੱਲਾਂ ਹੋਰ ਸਨ ਜੀ! ਅੱਜ ਦੇ ਦਿਨ ਤਾਂ ਇਕ-ਇਕ ਵੀ ਹਿੱਸੇ ਨਹੀਂ ਆਉਂਦੀ! ਤੁਹਾਨੂੰ ਪਤਾ ਈ ਆ ਕੁੜੀਆਂ ਦੀ ਗਿਣਤੀ ਮੁੰਡਿਆਂ ਨਾਲੋਂ ਕਿੰਨੀ ਘੱਟ ਆ! ਤੁਸੀਂ ਦੂਜੀ ਲੈ ਆਂਦੀ, ਇਕ ਹੋਰ ਵਿਚਾਰਾ ਕੁਆਰਾ ਰਹਿ ਜਾਊ!

ਅਬਦੁਲ ਅਜੀਜ਼ ਦੀਆਂ ਗੱਲਾਂ ਵਿਚ ਪਤਾ ਹੀ ਨਹੀਂ ਲੱਗਾ ਦੋ ਘੰਟਿਆਂ ਦੀ ਵਾਟ ਕਿਵੇਂ ਬੀਤ ਗਈ! ਉਹਨੇ ਅਜੰਤਾ ਤੋਂ ਚਾਰ ਕਿਲੋਮੀਟਰ ਉਰ੍ਹੇ ਕਾਰ ਪਾਰਕਿੰਗ ਵਿਚ ਟੈਕਸੀ ਲਿਆ ਖੜ੍ਹੀ ਕੀਤੀ ਹੈ। ਸੈਲਾਨੀਆਂ ਲਈ ਵਸਤਾਂ ਵੇਚਦੀਆਂ ਦੁਕਾਨਾਂ ਵਿਚੀਂ ਲੰਘ ਕੇ ਅਸੀਂ 'ਪ੍ਰਦੂਸ਼ਣ-ਮੁਕਤ' ਏ.ਸੀ. ਬੱਸ ਵਿਚ ਜਾ ਚੜ੍ਹਦੇ ਹਾਂ। ਗੁਫਾਵਾਂ ਦੇ ਟਿਕਟ ਕਾਉੂੰਟਰ ਤੱਕ ਪੰਦਰ੍ਹਾਂ ਕੁ ਮਿੰਟਾਂ ਦੇ ਸਫ਼ਰ ਵਿਚ ਸਾਨੂੰ ਇਹਸਾਸ ਹੁੰਦਾ ਹੈ ਕਿ ਇਹ ਗੁਫਾਵਾਂ ਅਸਲ ਵਿਚ ਨੀਮ ਪਹਾੜੀ ਜੰਗਲੀ ਖੇਤਰ ਦੇ ਵਿਚਕਾਰ ਸਥਿਤ ਹਨ। ਟਿਕਟ ਕਾਉੂੰਟਰ ਤੋਂ ਅੱਗੇ ਗੁਫਾਵਾਂ ਤੀਕ ਕੁਝ ਹੋਰ ਚੜ੍ਹਾਈ ਪੌੜੀਆਂ ਰਾਹੀਂ ਤੈਅ ਕਰਨੀ ਪੈਂਦੀ ਹੈ। ਜਿਹੜੇ ਲੋਕਾਂ ਨੂੰ ਪੌੜੀਆਂ ਚੜ੍ਹਨ 'ਚ ਔਖਿਆਈ ਹੁੰਦੀ ਹੈ, ਉਹ ਚਾਰ ਕਹਾਰਾਂ ਵੱਲੋਂ ਚੁੱਕੀ ਜਾਂਦੀ ਬਹਿੰਗੀ ਕਿਰਾਏ 'ਤੇ ਲੈ ਕੇ ਜਾ ਸਕਦੇ ਹਨ। ਉੱਪਰ ਪਹੁੰਚ ਕੇ ਗੁਫਾ ਨੰਬਰ 1 ਦੇ ਸਾਹਮਣਿਉਂ ਸਾਨੂੰ ਮੰਜ਼ੂਰਸ਼ੁਦਾ ਗਾਈਡ ਮਿਲ ਜਾਂਦਾ ਹੈ। ਪੈਂਹਠਾਂ ਕੁ ਵਰ੍ਹਿਆਂ ਦਾ ਜਾਪਦਾ ਗਾਈਡ ਆਪਣਾ ਨਾਂਅ ਐਸ.ਏ.ਪਾਟਿਲ ਦਸਦਾ ਹੈ। ਸਿਰ ਮੁਹਰਿਉਂ ਵੀ ਗੰਜਾ ਤੇ ਸਿਰ ਪਿਛਿਉਂ ਵੀ। ਬਾਕੀ ਬਚੇ ਵਾਲ ਪੂਰੇ ਸਫੇਦ। ਮੁੱਛਾਂ ਦੇ ਨਿੱਕੇ-ਨਿੱਕੇ ਵਾਲ ਛੱਡ ਕੇ ਬਾਕੀ ਦਾ ਸ਼ੇਵ ਕੀਤਾ ਚਿਹਰਾ ਤਾਜ਼ਾ-ਤਾਜ਼ਾ ਜਾਪਦਾ ਹੈ। ਮੱਥਾ ਲੇਟਵੀਆਂ ਤਿਉੜੀਆਂ ਨਾਲ ਭਰਿਆ ਹੋਇਆ। ਖੁੱਲ੍ਹੀ ਮੋਹਰੀ ਵਾਲੀ ਪੈਂਟ ਦੇ ਉੱਤੋਂ ਦੀ ਖੁੱਲ੍ਹੀ ਛੱਡੀ ਬੁਸ਼ਰਟ। ਪਹਿਲੀ ਨਜ਼ਰੇ ਪਾਟਿਲ ਸਾਹਬ ਕੋਈ ਰਿਟਾਇਰਡ ਅਧਿਆਪਕ ਜਾਪਦੇ ਹਨ। ਤੇ ਇਹ ਗੱਲ ਬਾਅਦ ਵਿਚ ਉਨ੍ਹਾਂ ਤਸਦੀਕ ਵੀ ਕਰ ਦਿੱਤੀ। ਇਤਿਹਾਸ ਤੇ ਪੁਰਾਤੱਤਵ ਵਿਗਿਆਨ ਵਿਚ ਐਮ.ਏ. ਪਾਸ ਕਰ ਕੇ ਲਗਭਗ ਪੈਂਤੀ ਸਾਲ ਤੱਕ ਉਨ੍ਹਾਂ ਪੜ੍ਹਾਉਣ ਦਾ ਕੰਮ ਕੀਤਾ। ਰਿਟਾਇਰ ਹੋ ਕੇ ਉਹ ਇਥੋਂ ਸੱਤ ਕੁ ਕਿਲੋਮੀਟਰ ਦੂਰ ਆਪਣੇ ਜੱਦੀ ਪਿੰਡ ਵਿਚ ਆ ਵਸੇ ਤੇ ਖੇਤੀ ਬਾੜੀ ਕਰਨ ਲੱਗੇ। ਪਰੰਤੂ ਅਧਿਆਪਨ ਤੋਂ ਬਿਨਾ ਜੀਅ ਨਾ ਲਗਦਾ!

ਉਝ ਵੀ ਖੇਤੀ ਬਾੜੀ ਦਾ ਕੰਮ ਮੌਸਮੀ ਹੈ। ਏਥੇ ਗਾਈਡ ਵਜੋਂ ਕੰਮ ਕਰਨ ਵਾਲਾ ਵਿਚਕਾਰਲਾ ਰਸਤਾ ਕੱਢ ਲਿਆ। ਹੁਣ ਇਸ ਆਹਰ ਰਾਹੀਂ ਸ਼ੌਕ ਵੀ ਪੂਰਾ ਹੋ ਜਾਂਦਾ ਹੈ, ਤੇ ਨਿਯਮਿਤ ਆਮਦਨੀ ਦਾ ਸਾਧਨ ਵੀ ਬਣ ਗਿਆ ਹੈ।

ਇਕ ਕਿਲੋਮੀਟਰ ਦੇ ਅਰਧ ਗੋਲਾਕਾਰ ਵਿਚ ਫੈਲੀਆਂ ਇਥੇ ਤੀਹ ਗੁਫਾਵਾਂ ਹਨ। ਲਗਭਗ 76 ਮੀਟਰ ਹੇਠਾਂ ਪਤਲੀ ਜਿਹੀ ਨਦੀ ਵਾਘੋਰਾ ਵਗਦੀ ਹੈ। ਹਰ ਗੁਫਾ ਤੋਂ ਨਦੀ ਤੱਕ ਅਪੜਨ ਲਈ ਘੁੰਮਵੀਆਂ ਪੌੜੀਆਂ ਬਣੀਆਂ ਹੋਈਆਂ ਸਨ, ਜਿਹਨਾਂ ਦਾ ਹੁਣ ਕਿਤੇ ਕਿਤੇ ਪਿੰਜਰ ਮਾਤਰ ਹੀ ਦਿਸਦਾ ਹੈ। ਬੋਧੀ ਭਿਕਸ਼ੂਆਂ ਦੀ ਰਿਹਾਇਸ਼, ਅਧਿਅਨ ਅਤੇ ਪਾਠ ਪੂਜਾ ਲਈ ਬਸਾਲਟਿਕ ਚੱਟਾਨ ਦੀ ਪਹਾੜੀ ਵਿਚ ਇਨ੍ਹਾਂ ਗੁਫਾਵਾਂ ਨੂੰ ਦੂਜੀ ਸਦੀ ਈਸਾ ਪੂਰਵ ਤੋਂ ਸੱਤਵੀਂ ਸਦੀ ਈਸਵੀ ਦੇ ਵਿਚਕਾਰ ਘੜਿਆ ਗਿਆ। ਇਸ ਹਿਸਾਬ ਨਾਲ ਇਹ ਗੁਫਾਵਾਂ ਏਲੋਰਾ ਦੀਆਂ ਗੁਫਾਵਾਂ ਨਾਲੋਂ ਤਕਰੀਬਨ ਸੱਤ ਸਦੀਆਂ ਪਹਿਲਾਂ ਬਣਨੀਆਂ ਸ਼ੁਰੂ ਹੋ ਗਈਆਂ ਸਨ। ਤੇ ਹੋਣੀ ਦਾ ਵਿਅੰਗ ਇਹ ਹੈ ਕਿ ਏਲੋਰਾ ਦੀ ਚੜ੍ਹਤ ਨਾਲ ਅਜੰਤਾ ਦੇ ਨਿਘਾਰ ਦੀ ਸ਼ੁਰੂਆਤ ਬੱਝ ਗਈ। ਬੋਧੀ ਭਿਕਸ਼ੂਆਂ ਦਾ ਰੁੱਖ ਅਜੰਤਾ ਵਲੋਂ ਹਟ ਕੇ ਏਲੋਰਾ ਵੱਲ ਹੁੰਦਾ ਗਿਆ! ਨੌਵੀਂ ਸਦੀ ਦਾ ਆਖੀਰ ਆਉਂਦੇ ਨੂੰ ਅਜੰਤਾ ਵਿਚ ਉਜਾੜ ਪੈ ਗਿਆ। ਗੁੁਫਾਵਾਂ ਝਾੜ ਬੂਝਿਆਂ ਹੇਠ ਦੱਬੀਆਂ ਗਈਆਂ।

ਮੁੜ ਇਹ ਗੁਫਾਵਾਂ ਲੱਭੀਆਂ ਕਈ ਸਦੀਆਂ ਦੇ ਵਕਫੇ ਬਾਅਦ, ਸੰਨ 1819 ਵਿਚ, ਜਦੋਂ ਇੱਧਰ ਸ਼ਿਕਾਰ ਖੇਡਣ ਆਏ ਮਦਰਾਸ ਰੈਜਮੈਂਟ ਦੇ ਅੰਗਰੇਜ਼ ਅਫਸਰ ਜੌਹਨ ਸਮਿੱਥ ਨੂੰ ਇਹ ਅਚਾਨਕ ਨਜ਼ਰੀਂ ਪਈਆਂ। ਬਾਅਦ ਵਿਚ ਹੋਈ ਘੋਖ ਤੋਂ ਪਤਾ ਲੱਗਾ ਕਿ ਪਹਿਲੀ ਤੇ ਦੂਜੀ ਸਦੀ ਈਸਾ ਪੂਰਵ ਵਿਚ ਹਿਨਾਯਾਨ ਬੋਧੀਆਂ ਦੀਆਂ ਗੁਫਾਵਾਂ ਘੜੀਆਂ ਗਈਆਂ, ਤੇ ਫੇਰ ਕਈ ਸਦੀਆਂ ਮਗਰੋਂ, ਪੰਜਵੀਂ ਸਦੀ ਈਸਵੀ ਵਿਚ ਆ ਕੇ, ਵਾਕਾਟਕ ਸਲਤਨਤ ਦੇ ਰਾਜੇ ਹਰੀਸ਼ੇਨ (ਰਾਜਕਾਲ 460-477) ਦੀ ਸਰਪ੍ਰਸਤੀ ਹੇਠ ਮਹਾਯਾਨ ਬੋਧੀਆਂ ਦੀਆਂ ਗੁਫਾਵਾਂ ਘੜੀਆਂ ਗਈਆਂ। ਇਨ੍ਹਾਂ ਗੁਫਾਵਾਂ ਵਿਚ ਚਿਤਰਕਾਰੀ ਭਾਰੂ ਹੈ, ਜਿਹੜੀ ਏਨੀ ਸੁਨੱਖੀ ਤੇ ਏਨੀ ਸਾਂਭੀ ਹੋਈ ਹੈ ਕਿ ਇਨ੍ਹਾਂ ਨੂੰ ਤੱਕਣ ਵਾਲਾ ਮੂੰਹ 'ਚ ਉਗਲਾਂ ਪਾਏ ਬਗੈਰ ਨਹੀਂ ਰਹਿ ਸਕਦਾ! ਖੋਜੀਆਂ ਦਾ ਕਹਿਣਾ ਹੈ ਕਿ ਇਨ੍ਹਾਂ ਦਾ ਅਚਾਨਕ ਉੱਜੜ ਜਾਣਾ ਤੇ ਸਦੀਆਂ ਬੱਧੀ ਮਨੁੱਖੀ ਨਜ਼ਰ ਤੋਂ ਬਚੇ

ਰਹਿਣਾ ਹੀ ਇਨ੍ਹਾਂ ਦੀ ਏਨੀ ਚੰਗੀ ਹਾਲਤ ਦਾ ਸਬੱਬ ਬਣਿਆ! ਬਿਹਤਰ ਸਾਂਭ ਸੰਭਾਲ ਦੇ ਮਕਸਦ ਨਾਲ ਸੰਨ 1983 ਵਿਚ ਯੂਨੈਸਕੋ ਨੇ ਇਨ੍ਹਾਂ ਗੁਫਾਵਾਂ ਨੂੰ ਵਿਸ਼ਵ ਵਿਰਾਸਤ ਸਥਲ ਘੋਸ਼ਿਤ ਕਰ ਦਿੱਤਾ।

ਅਜੰਤਾ ਦੀਆਂ ਗੁਫਾਵਾਂ ਨੂੰ ਸ਼ੁਰੂ ਤੋਂ ਆਖੀਰ ਤੱਕ ਨੰਬਰ 1 ਤੋਂ ਲੈ ਕੇ ਨੰਬਰ 30 ਤੱਕ ਤਰਤੀਬ ਦਿੱਤੀ ਹੋਈ ਹੈ, ਪਰੰਤੂ ਨੰਬਰਾਂ ਦਾ ਇਨ੍ਹਾਂ ਦੇ ਘੜਨ ਸਾਲ ਨਾਲ ਕੋਈ ਸਬੰਧ ਨਹੀਂ ਹੈ। ਅਸਲ ਵਿਚ ਸਭ ਤੋਂ ਪੁਰਾਣੀਆਂ ਗੁਫਾਵਾਂ ਵਿਚਕਾਰਲੀਆਂ ਹਨ, ਨਵੀਆਂ ਗੁਫਾਵਾਂ ਉਨ੍ਹਾਂ ਦੇ ਦੋਵੀਂ ਪਾਸੀਂ ਉਸਾਰੀਆਂ ਗਈਆਂ। ਗੁਫਾ ਨੰਬਰ 1 ਸਭ ਤੋਂ ਅਖੀਰਲੀਆਂ ਗੁਫਾਵਾਂ ’ਚੋਂ ਹੈ, ਤੇ ਸਾਡਾ ਗਾਈਡ ਸਭ ਤੋਂ ਪਹਿਲਾਂ ਇਸੇ ਦੇ ਅੰਦਰ ਹੀ ਲੈ ਕੇ ਜਾਂਦਾ ਹੈ। ਵਰਾਂਡਾ ਲੰਘ ਕੇ ਵੀਹ ਪੀਲਪਾਵਿਆਂ ਉਤੇ ਖੜੋਤੇ ਹਾਲ ਵਿਚ ਪਹੁੰਚਦੇ ਹਾਂ ਤਾਂ ਸੱਚਮੁੱਚ ਚਕਰਾ ਜਾਂਦੇ ਹਾਂ। ਸਾਰੀਆਂ ਕੰਧਾਂ ਵੀ, ਤੇ ਛੱਤ ਵੀ ਪੂਰੀ ਤਰ੍ਹਾਂ ਚਿਤਰਾਂ ਨਾਲ ਭਰੀਆਂ ਪਈਆਂ ਹਨ। ਗਾਈਡ ਦੱਸਦਾ ਹੈ ਕਿ ਇਹ ਮਹਾਯਾਨੀ ਬੋਧੀਆਂ ਦਾ ਵਿਹਾਰ ਹੈ। ਵਿਚਕਾਰਲਾ ਹਾਲ ਪੜ੍ਹਾਈ ਕਰਾਉਣ ਲਈ ਵਰਤਿਆ ਜਾਂਦਾ ਸੀ। ਖੱਬੇ ਤੇ ਸੱਜੇ, ਦੋਵੀਂ ਪਾਸੀਂ ਕਤਾਰਾਂ ’ਚ ਬਣੀਆਂ, 7 ਫੁੱਟ ਲੰਮੀਆਂ ਤੇ ਏਨੀਆਂ ਹੀ ਚੌੜੀਆਂ ਪੰਦਰਾਂ ਨਿੱਕੀਆਂ-ਨਿੱਕੀਆਂ ਕੋਠੜੀਆਂ ਹਨ, ਜਿਹੜੀਆਂ ਭਿਕਸ਼ੂਆਂ ਦੀ ਰਿਹਾਇਸ਼ ਲਈ ਬਣਾਈਆਂ ਗਈਆਂ ਸਨ। ਅਜੰਤਾ ਦੇ ਚਿਤਰਾਂ ਵਿਚ ਕੁਝ ਪੋਰਟਰੇਟ ਸ਼ਾਮਲ ਹਨ, ਜਿਨ੍ਹਾਂ ਵਿਚ ਬੁੱਧ ਤੇ ਬੋਧੀਸਤਵਾਂ ਦੀ ਪ੍ਰਮੁੱਖਤਾ ਹੈ। ਕੁਝ ਬਿਰਤਾਂਤਕ ਚਿਤਰ ਹਨ, ਜਿਨ੍ਹਾਂ ਵਿਚ ਜਾਤਕ ਕਥਾਵਾਂ ’ਚੋਂ ਲਏ ਗਏ ਦ੍ਰਿਸ਼ ਸ਼ਾਮਲ ਹਨ। ਤੇ ਕੁਝ ਚਿਤਰ ਸਿਰਫ ਸਜਾਵਟੀ ਹਨ। ਇਸ ਹਿਸਾਬ ਨਾਲ ਚਿਤਰਕਾਰੀ ਦੇ ਦੋਵੇਂ ਪਾਸੇ ਇਥੇ ਵੇਖਣ ਨੂੰ ਮਿਲਦੇ ਹਨ, ਇਸਦਾ ਧਰਮ ਪਰਚਾਰ ਵਾਲਾ ਮਕਸਦ ਅਤੇ ਲਲਿਤ ਕਲਾ ਵਾਲਾ ਰੂਪ।

ਪੁਰਾਣੇ ਵੇਲਿਆਂ ਦੀ ਚਿਤਰਕਾਰੀ ਸਾਨੂੰ ਸਾਡੇ ਕੋਲ ਕੰਧ ਚਿਤਰਾਂ, ਜਿਨ੍ਹਾਂ ਨੂੰ ਭਿੱਤੀਚਿਤਰਾਂ ਦਾ ਨਾਂਅ ਦਿੱਤਾ ਗਿਆ ਹੈ, ਦੇ ਰੂਪ ਵਿਚ ਮੌਜੂਦ ਹੈ। ਕੰਧ ਚਿਤਰਾਂ ਨੂੰ ਅਜਿਹੀ ਸਾਂਝੀ ਥਾਂ ’ਤੇ ਬਣਾਇਆ ਜਾਂਦਾ ਸੀ, ਜਿਥੇ ਹਰ ਆਉਂਦੇ ਜਾਂਦੇ ਦੀ ਨਜ਼ਰ ਪੈਂਦੀ ਰਹੇ। ਇਸ ਹਿਸਾਬ ਨਾਲ ਇਹ ਉਨ੍ਹਾਂ ਸਮਿਆਂ ਦੀਆਂ ਚਿਤਰਸ਼ਾਲਾ (ਆਰਟ ਗੈਲਰੀਆਂ) ਹੀ ਸਨ। ਇਨ੍ਹਾਂ ਭਿੱਤੀਆਂ ਤੋਂ ਸਾਫ ਦਿਸਦਾ ਹੈ ਕਿ ਹਿੰਦੋਸਤਾਨ ਵਿਚ ਨਿੱਕੀਆਂ ਨਿੱਕੀਆਂ ਤਸਵੀਰਾਂ ਨਹੀਂ,

ਬਲਕਿ ਵੱਡੇ ਕੈਨਵੈਸ ਦੇ ਕੰਧ ਚਿਤਰ ਬਣਾਏ ਜਾਂਦੇ ਸਨ। ਤਸਵੀਰ ਦਾ ਧਰਾਤਲ ਬਣਾਉਣ ਲਈ ਪਹਿਲਾਂ ਲਾਲ ਮਿੱਟੀ ਦਾ ਮੋਟਾ, ਪਰ ਖੁਰਦਰਾ ਲੇਪ ਫੇਰਿਆ ਜਾਂਦਾ ਸੀ, ਜਿਸ ਵਿਚ ਪੱਥਰ ਦਾ ਚੂਰਾ ਜਾਂ ਰੇਤਾ, ਬੂਟਿਆਂ ਦੇ ਰੇਸ਼ੇ ਜਾਂ ਪਸ਼ੂਆਂ ਦੇ ਵਾਲ, ਤੂੜੀ ਜਾਂ ਫੱਕ, ਗੋਹਾ ਅਤੇ ਘਾਹ ਫੂਸ ਆਦਿ ਮਿਲਾਇਆ ਜਾਂਦਾ ਸੀ। ਦੂਜਾ ਕੋਟ ਚਿਕਣੀ ਮਿੱਟੀ ਵਿਚ ਲਾਲ ਮਿੱਟੀ, ਬਰੀਕ ਤੂੜੀ ਤੇ ਰੇਤਾ ਆਦਿ ਮਿਲਾ ਕੇ ਕੀਤਾ ਜਾਂਦਾ ਸੀ। ਇਸਦੇ ਉਪਰੋਂ ਦੀ ਚੂਨੇ ਦਾ ਪਤਲਾ ਕੋਟ ਕਰ ਕੇ ਧਰਾਤਲ ਨੂੰ ਮੁਲਾਇਮ ਕਰ ਲਿਆ ਜਾਂਦਾ ਸੀ। ਰੰਗ ਸਾਰੇ ਕੁਦਰਤੀ ਸਨ। ਲਾਲ ਰੰਗ ਗੇਰੂ ਤੋਂ, ਪੀਲਾ ਰੰਗ ਪੀਲੀ ਮਿੱਟੀ ਤੋਂ, ਹਰਾ ਰੰਗ ਹਰੀ ਮਿੱਟੀ ਤੋਂ, ਚਿੱਟਾ ਚੂਨੇ ਤੋਂ, ਹਲਕਾ ਚਿੱਟਾ ਤੇ ਲਸੂੜੀ ਰੰਗ ਚਿੱਟੀ ਚੀਕਣੀ ਮਿੱਟੀ ਤੇ ਜਿਪਸਮ ਤੋਂ, ਕਾਲਾ ਰੰਗ ਦੀਵੇ ਦੀ ਕਾਲਖ ਤੋਂ ਤੇ ਨੀਲਾ ਲਾਜਵਰਦ ਤੋਂ। ਇਨ੍ਹਾਂ ਵਿਚੋਂ ਸਿਰਫ ਲਾਜਵਰਦ ਮੱਧ ਏਸ਼ੀਆ ਤੋਂ ਆਉਂਦਾ ਸੀ, ਬਾਕੀ ਸਾਰੀ ਸਾਮੱਗਰੀ ਇਸੇ ਇਲਾਕੇ ਵਿਚ ਮੌਜੂਦ ਸੀ। ਪੇਂਟਿੰਗ ਵਿਚ ਰੰਗ ਭਰਨ ਤੋਂ ਪਹਿਲਾਂ ਇਨ੍ਹਾਂ ਵਿਚ ਗੂੰਦ ਜਾਂ ਸਰੇਸ਼ ਮਿਲਾਇਆ ਜਾਂਦਾ ਸੀ। ਇਹ ਗੂੰਦ ਰੁੱਖਾਂ ਬੂਟਿਆਂ ਤੋਂ ਵੀ ਪ੍ਰਾਪਤ ਕੀਤਾ ਜਾਂਦਾ ਸੀ ਤੇ ਜਾਨਵਰਾਂ ਤੋਂ ਵੀ। ਕੂਚੀਆਂ, ਕਲਮਾਂ ਤੇ ਬੁਰਸ਼ ਬਣਾਏ ਜਾਂਦੇ ਸਨ ਘਾਹ-ਬੂਟਿਆਂ ਦੇ ਰੇਸ਼ਿਆਂ ਤੇ ਜਾਨਵਰਾਂ ਦੇ ਵਾਲਾਂ ਤੋਂ। ਆਮ ਤੌਰ ’ਤੇ ਵੱਛੇ ਦੇ ਕੰਨ ਦੇ ਵਾਲਾਂ ਨੂੰ ਬਾਂਸ ਦੀ ਪਤਲੀ ਡੰਡੀ ਦੇ ਸਿਰੇ ’ਤੇ ਲਾਖ ਨਾਲ ਜੋੜਿਆ ਜਾਂਦਾ ਸੀ। ਕਈ ਵਾਰ ਭੇਡ ਦੇ ਢਿੱਡ ਉਤਲੇ ਜਾਂ ਗਲਹਿਰੀ ਦੀ ਪੂਛ ਦੇ ਵਾਲ ਵੀ ਵਰਤੇ ਜਾਂਦੇ ਸਨ।

ਚਿਤਰਕਾਰੀ ਦੇ ਜਿਹੜੇ ਛੇ ਅੰਗਾਂ ਦਾ ਚਿਤਰਕਾਰ ਨੂੰ ਵਿਸ਼ੇਸ਼ ਧਿਆਨ ਰੱਖਣਾ ਚਾਹੀਦਾ ਹੈ, ਇਸ ਗੱਲ ਦਾ ਵਰਨਣ ਸਾਡੇ ਕੋਲ ਵਾਤਸਾਇਨ ਦੇ ਕਾਮਸੂਤਰ ਰਾਹੀਂ ਉਪਲਭਧ ਹੈ। ਤੇ ਕਮਾਲ ਦੀ ਗੱਲ ਇਹ ਹੈ ਕਿ ਲਗਭਗ ਚੌਥੀ ਸਦੀ ਈਸਵੀ ਵਿਚ ਵਾਤਸਾਇਨ ਲਿਖਦਾ ਹੈ ਕਿ ਉਸਨੇ ਇਹ ਵਰਨਣ ਪ੍ਰਾਚੀਨ ਵਕਤਾਂ ਵਿਚ ਲਿਖੇ ਗਰੰਥਾਂ ਵਿਚੋਂ ਲਏ ਹੋਏ ਹਨ। ਇਸਤੋਂ ਜਾਪਦਾ ਹੈ ਕਿ ਪ੍ਰਾਚੀਨ ਸਮਿਆਂ ਵਿਚ ਭਾਰਤ ਵਿਚ ਨਾ ਸਿਰਫ ਚਿਤਰਕਾਰੀ ਹੋ ਰਹੀ ਸੀ, ਬਲਕਿ ਉਸ ਬਾਰੇ ਪੁਸਤਕਾਂ ਵੀ ਲਿਖੀਆਂ ਜਾ ਰਹੀਆਂ ਸਨ। ਹੋਰਨਾਂ ਪਾਠ ਪੁਸਤਕਾਂ ਤੋਂ ਇਲਾਵਾ ਚਿਤਰਕਾਰੀ ਦੇ ਵਿਸ਼ੇ ਬਾਰੇ ਵਿਸਤਾਰ ਸਾਡੇ ਕੋਲ ਵਿਸ਼ਨੂੰਧਰਮੋਤਰ ਵਿਚ ਮੌਜੂਦ ਚਿਤਰਸੂਤਰਾਂ ਰਾਹੀਂ ਵੀ ਪਹੁੰਚੇ ਹਨ। ਇਸ ਪੁਸਤਕ ਦਾ ਰਚਨ ਸਮਾਂ ਛੇਵੀਂ ਸਦੀ ਈਸਵੀ ਅੰਕਿਆ ਗਿਆ ਹੈ। ਇਸਤੋਂ ਇਲਾਵਾ ਸੋਲ੍ਹਵੀਂ ਸਦੀ ਵਿਚ ਦੱਖਣ ਭਾਰਤੀ ਬੁੱਤ ਤਰਾਸ਼ ਸ੍ਰੀਕੁਮਾਰ

ਦੇਵ ਵਲੋਂ ਲਿਖੇ ਹੋਏ ਗਰੰਥ ਸ਼ਿਲਪਰਤਨ ਵਿਚ ਚਿਤਰਲਕਸ਼ਣ ਨਾਂਅ ਦੇ ਭਾਗ ਹੇਠ ਚਿਤਰਕਾਰੀ ਦੀ ਤਕਨੀਕ ਬਾਰੇ ਵਿਸਤਾਰ ਮਿਲਦੇ ਹਨ, ਜਿਸ ਵਿਚ ਛੇਵੀਂ ਸਦੀ ਈਸਾ ਪੂਰਵ ਦੀ ਭਾਰਤੀ ਪੇਂਟਿੰਗ ਬਾਰੇ ਜ਼ਿਕਰ ਵੀ ਸ਼ਾਮਲ ਹਨ।

"ਪੇਂਟਿੰਗ ਦੀ ਇਸ ਤਕਨੀਕ ਨੂੰ ਟੈਂਪਰਾ ਤਕਨੀਕ ਆਖਿਆ ਜਾਂਦਾ ਹੈ", ਸਾਡਾ ਗਾਈਡ ਸਾਡਾ ਧਿਆਨ ਤਸਵੀਰਕਸ਼ੀ ਦੇ ਸਿਧਾਂਤ ਤੋਂ ਅਮਲ ਵੱਲ ਮੋੜ ਕੇ ਲਿਆਉਂਦਾ ਹੈ। "ਪਰੰਤੂ ਮੈਂ ਤਾਂ ਕਿਤੇ ਪੜ੍ਹਿਆ ਸੀ ਕਿ ਇਹ ਫਰੈਸਕੋ ਹਨ!", ਮੈਂ ਆਪਣਾ ਗਿਆਨ ਝਾੜਨ ਤੋਂ ਕਦੇ ਪਿੱਛੇ ਨਹੀਂ ਰਹਿੰਦਾ। ਪਰੰਤੂ ਪਾਟਿਲ ਸਾਹਬ ਇਕ ਚੰਗੇ ਅਧਿਆਪਕ ਵਾਂਗ ਵਿਸਤਾਰ ਵਿਚ ਸਮਝਾਉਣਾ ਆਪਣਾ ਫਰਜ਼ ਸਮਝਦੇ ਹਨ। "ਨਹੀਂ ਜੀ, ਏਥੇ ਚਿਤਰਕਾਰਾਂ ਨੇ ਟਰੂ ਜਾਂ ਬੂਓਨ ਫਰੈਸਕੋ ਦੀ ਜੁਗਤ ਨਹੀਂ ਵਰਤੀ। ਭਾਵੇਂ ਕਈ ਲੋਕ ਆਮ ਬੋਲਚਾਲ ਵਿਚ ਹਰ ਕੰਧ ਚਿਤਰ ਲਈ ਫਰੈਸਕੋ ਦਾ ਨਾਂਅ ਵਰਤ ਲੈਂਦੇ ਹਨ, ਪਰੰਤੂ ਸਿਧਾਂਤਕ ਨੁਕਤੇ ਤੋਂ ਇਹ ਗੱਲ ਸਹੀ ਨਹੀਂ। ਫਰੈਸਕੋ ਵਿਚ ਕਲਾਕਾਰ ਚੂਨੇ ਦੇ ਗਿੱਲੇ-ਗਿੱਲੇ ਪਲਸਤਰ ਉੱਤੇ ਰੰਗ ਚਾੜ੍ਹਦਾ ਹੈ, ਜਿਸ ਨਾਲ ਰੰਗ ਖੁਦ ਪਲਸਤਰ ਦਾ ਹੀ ਹਿੱਸਾ ਬਣ ਜਾਂਦੇ ਹਨ। ਇਸ ਵਿਚ ਪਲਸਤਰ ਤੇ ਪੇਂਟਿੰਗ ਦਾ ਕੰਮ ਨਾਲੋ-ਨਾਲ ਕਰਨਾ ਪੈਂਦਾ ਹੈ। ਪਰੰਤੂ ਅਜੰਤਾ ਵਿਚ ਇਹ ਤਕਨੀਕ ਨਹੀਂ ਵਰਤੀ ਗਈ। ਇਥੇ ਜਿਵੇਂ ਮੈਂ ਪਹਿਲਾਂ ਜ਼ਿਕਰ ਕੀਤੈ, ਪਹਿਲਾਂ ਧਰਾਤਲ ਤਿਆਰ ਕੀਤਾ ਜਾਂਦਾ ਸੀ, ਤੇ ਫੇਰ ਸੁੱਕੇ ਹੋਏ ਧਰਾਤਲ ਉੱਪਰ ਰੰਗਾਂ ਵਿਚ ਗੂੰਦ ਜਾਂ ਸਰੇਸ਼ ਮਿਲਾ ਕੇ ਤਸਵੀਰਕਸ਼ੀ ਕੀਤੀ ਜਾਂਦੀ ਸੀ। ਇਸਨੂੰ ਇਤਾਲਵੀ ਲੋਕ ਫਰੈਸਕੋ ਸੇਕੋ ਜਾਂ ਫਰੈਸਕੋ ਫਿੰਟੋ ਆਖਦੇ ਹਨ। ਇਸੇ ਨੂੰ ਟੈਂਪਰਾ ਵੀ ਆਖਦੇ ਹਨ।" ਇਹ ਜਾਣਕਾਰੀ ਦੇਂਦੇ ਹੋਏ ਪਾਟਿਲ ਸਾਹਬ ਨੇ ਏਲੋਰਾ ਵਾਲੇ ਗਾਈਡ ਵਲੋਂ ਦਿੱਤੀ ਜਾਣਕਾਰੀ ਉੱਤੇ ਦੋਹਰ ਪਾ ਦਿੱਤੀ ਸੀ। ਇਸਦੇ ਨਾਲ ਹੀ ਉਨ੍ਹਾ ਨੇ ਸਾਨੂੰ ਫਰਸ਼ ਵਿਚ ਉਹ ਗੋਲ ਟੋਏ ਵੀ ਵਿਖਾਏ ਜਿਨ੍ਹਾਂ ਨੂੰ ਚਿਤਰਕਾਰਾਂ ਨੇ ਰੰਗ ਮਿਲਾਣ ਲਈ ਵਰਤਿਆ ਹੋਵੇਗਾ।

ਪੁਰਾਣੇ ਵੇਲਿਆਂ ਦੇ ਭਾਰਤ ਵਿਚ ਚਿਤਰਕਾਰੀ ਇਕ ਕਲਾ ਹੋਣ ਦੇ ਨਾਲ-ਨਾਲ ਇਕ ਕਿੱਤਾ ਵੀ ਸੀ। ਕਲਾਕਾਰਾਂ ਦਾ ਵੱਖਰਾ ਤਬਕਾ ਸੀ। ਪਿਤਾ ਕਲਾਕਾਰ ਤਸਵੀਰਕਸ਼ੀ ਦੀਆਂ ਬਰੀਕੀਆਂ ਆਪਣੇ ਪੁੱਤਰਾਂ ਨੂੰ ਸਿਖਾਂਦਾ ਸੀ, ਤੇ ਇੰਝ ਪੀੜ੍ਹੀ ਦਰ ਪੀੜ੍ਹੀ ਕਲਾ ਦਾ ਸੰਚਾਰ

ਚਲਦਾ ਰਹਿੰਦਾ। ਹਿੰਦੂ ਸਮਾਜ ਵਿਚ ਕਲਾਕਾਰਾਂ ਦੀ ਗਿਣਤੀ ਉੱਚੀ ਜਾਤੀ ਵਿਚ ਨਹੀਂ ਸੀ ਹੁੰਦੀ, ਇਸਲਈ ਉਨ੍ਹਾਂ ਦੇ ਮੁਹੱਲੇ ਜਾਂ ਪਿੰਡ ਵੱਖਰੇ ਸਨ। ਬੋਧੀ ਸਮਾਜ ਜਾਤੀ ਰਹਿਤ ਹੋਣ ਕਰਕੇ ਕਲਾਕਾਰਾਂ ਨੂੰ ਬਾਕੀ ਆਬਾਦੀ ਦੇ ਨਾਲ ਰਹਿਣ ਦੀ ਇਜਾਜ਼ਤ ਦੇਂਦਾ ਸੀ। ਹਾਲਾਂਕਿ ਰਾਜਿਆਂ ਮਹਾਰਾਜਿਆਂ ਵਲੋਂ ਕਲਾਕਾਰਾਂ ਨੂੰ ਪੂਰਾ ਮਾਣ-ਤਾਣ ਬਖਸ਼ਿਆ ਜਾਂਦਾ ਸੀ। ਕਈ ਵਾਰ ਉਨ੍ਹਾਂ ਨੂੰ ਜਗੀਰਾਂ ਤੇ ਹੋਰ ਸਨਮਾਨਾਂ ਨਾਲ ਵੀ ਨਿਵਾਜ਼ਿਆ ਜਾਂਦਾ। ਕਲਾਕਾਰ ਆਪਣੀ ਕਲਾ ਨੂੰ ਪੂਜਾ ਵਾਂਗ ਲੈਂਦਾ ਸੀ, ਇਸਲਈ ਕਿਸੇ ਵੀ ਢੰਗ ਨਾਲ ਆਪਣਾ ਨਾਂਅ ਨਹੀਂ ਸੀ ਪਰਚਾਰਦਾ। ਇਸੇ ਵਜਾਹ ਕਰਕੇ ਅਜੰਤਾ ਦੀਆਂ ਤਸਵੀਰਾਂ ਵਿਚ ਕਿਤੇ ਵੀ ਕਿਸੇ ਚਿਤਰਕਾਰ ਦਾ ਨਾਂਅ ਲਿਖਿਆ ਨਹੀਂ ਲਭਦਾ। ਤੇ ਇਸੇ ਵਜਾਹ ਕਰਕੇ ਪ੍ਰਾਚੀਨ ਭਾਰਤ ਦੇ ਕਿਸੇ ਵੀ ਕਲਾਕਾਰ ਦਾ ਨਾਂਅ ਸਾਡੇ ਤੱਕ ਨਹੀਂ ਪਹੁੰਚਿਆ। ਇਹ ਗੱਲਾਂ ਸੁਣ ਕੇ ਇਸ ਵੇਲੇ ਮੇਰੇ ਮਨ ਵਿਚ ਦੋਵੇਂ ਕਿਸਮ ਦੇ ਵਿਚਾਰ ਘੁੰਮ ਰਹੇ ਹਨ। ਇਕ ਤਾਂ ਇਹ ਕਿ ਸਚਮੁਚ ਕਿੰਨੇ ਮਹਾਨ ਸਨ ਉਹ ਕਲਾਕਾਰ! ਸਿਰਫ ਏਸੇ ਲਈ ਨਹੀਂ ਕਿ ਉਨ੍ਹਾਂ ਨੇ ਮਹਾਨ ਕਲਾਕ੍ਰਿਤੀਆਂ ਸਿਰਜੀਆਂ, ਬਲਕਿ ਇਸ ਕਰਕੇ ਵੀ ਕਿ ਉਹ ਆਪਣੀ ਕਲਾ ਨੂੰ ਪੂਜਾ ਵਾਂਗ ਲੈਂਦੇ ਸਨ, ਅਤੇ ਹਰ ਕਿਸਮ ਦੀ ਸ਼ੇਖੀ ਤੋਂ ਪਰ੍ਹੇ ਸਨ। ਪਰੰਤੂ ਦੂਜੇ ਪਾਸਿਉਂ ਜੇ ਕਿਤੇ ਨਾ ਕਿਤੇ ਉਨ੍ਹਾਂ ਨੇ ਆਪਣੇ ਨਾਂਅ ਦਾ ਜ਼ਿਕਰ ਕਰ ਦਿੱਤਾ ਹੁੰਦਾ ਤਾਂ ਅੱਜ ਸਾਨੂੰ ਕਲਾ ਦੇ ਅਸਲੀ ਸਿਰਜਕਾਂ ਦਾ ਨਾਂਅ ਪਤਾ ਹੁੰਦਾ। ਫੇਰ ਕਿਸੇ ਵਿਸ਼ੇਸ਼ ਕਲਾ ਸ਼ੈਲੀ ਦਾ ਨਾਂਅ ਸ਼ਾਇਦ ਉਨ੍ਹਾਂ ਕਲਾਕਾਰਾਂ ਦੇ ਨਾਂਅ ਨਾਲ ਜਾਣਿਆ ਜਾਂਦਾ, ਨਾ ਕਿ ਉਸ ਵੇਲੇ ਦੇ ਸ਼ਾਸਕਾਂ ਦੇ ਨਾਂਅ ਨਾਲ, ਜਿਵੇਂ ਕਿ ਅੱਜ ਦੇ ਕਲਾ ਆਲੋਚਕ ਕਰਦੇ ਹਨ। ਅਜਿਹੇ ਖਿਆਲਾਂ ਵਿਚ ਗੁਆਚਿਆ ਹੋਇਆ ਮੈਂ ਗੁੰਮ ਸੁੰਮ ਜਿਹਾ ਖੜ੍ਹਾ ਹਾਂ। ਅਜੇ ਤਾਂ ਪਹਿਲੀ ਹੀ ਗੁਫਾ ਵਿਚ ਵੜੇ ਹਾਂ। ਅਜੇ ਤਾਂ ਤਸਵੀਰਕਸ਼ੀ ਬਾਰੇ ਹੀ ਗੱਲਾਂ ਚਲ ਰਹੀਆਂ ਹਨ। ਨੇੜੇ ਜਾ ਕੇ ਤਾਂ ਤਸਵੀਰਾਂ ਅਜੇ ਵੇਖਣੀਆਂ ਹਨ!



# 7.ਸੱਜਰੀ ਪ੍ਰਾਚੀਨਤਾ

ਤੁਸੀਂ ਫੁੱਲਾਂ ਨਾਲ ਸਜਿਆ ਸੁਹਣਾ ਗੁਲਦਸਤਾ ਵੇਖਦੇ ਹੋ। ਤੁਹਾਡਾ ਚਿੱਤ ਅੰਦਰੋਂ-ਬਾਹਰੋਂ ਉਨ੍ਹਾਂ ਫੁੱਲਾਂ ਵਾਂਗ ਖਿਲ ਉਠਦਾ ਹੈ। ਤੁਹਾਡੀ ਜ਼ੁਬਾਨ ’ਚੋਂ ‘ਵਾਹ’ ਨਿਕਲਦੀ ਹੈ! ਕੁਝ ਦੇਰ ਵਿਚ ਗੁਲਦਸਤੇ ਦਾ ਪਹਿਲਾ ਪ੍ਰਭਾਵ ਢੈਲਾ ਪੈਣ ਲਗਦਾ ਹੈ। ਹੁਣ ਤੁਹਾਡਾ ਧਿਆਨ ਗੁਲਦਸਤੇ ਵਿਚ ਲੱਗੇ ਫੁੱਲਾਂ ਵੱਲ ਜਾਂਦਾ ਹੈ। ਹੁਣ ਜਾਪਣ ਲਗਦਾ ਹੈ ਕਿ ਅਸਲੀ ਰਹੱਸ ਤਾਂ ਉਸ ਇਕ-ਇਕ ਫੁੱਲ ਵਿਚ ਵਸਦਾ ਹੈ, ਜਿਨ੍ਹਾਂ ਨੂੰ ਜੋੜ ਕੇ ਇਹ ਗੁਲਦਸਤਾ ਬਣਿਆ ਹੈ! ਕੁਝ ਇਹੋ ਜਿਹਾ ਸਾਡੇ ਨਾਲ ਇਸ ਵੇਲੇ ਅਜੰਤਾ ਦੀ ਗੁਫਾ ਨੰਬਰ: 1 ਵਿਚ ਖਲੋਤਿਆਂ ਨਾਲ ਵਾਪਰ ਰਿਹਾ ਹੈ। ਅਜੇ ਤਾਈਂ ਅਸੀਂ ਤਸਵੀਰਾਂ ਦੇ ਗੁਲਦਸਤੇ ਨੂੰ ਹੀ ਤੱਕ ਰਹੇ ਸਾਂ। ਪਰੰਤੂ ਹੁਣ ਗਾਈਡ ’ਕੱਲੀ-’ਕੱਲੀ ਤਸਵੀਰ ਦੀ ਵਿਆਖਿਆ ਦਾ ਸਿਲਸਿਲਾ ਸ਼ੁਰੂ ਕਰਦਾ ਹੈ। ਸਭ ਤੋਂ ਪਹਿਲਾਂ ਉਹ ਅਜੰਤਾ ਦਾ ਸਭ ਤੋਂ ਮਸ਼ਹੂਰ ਚਿਤਰ ਵਿਖਾਂਦਾ ਹੈ। ਇਹ ਪੋਰਟਰੇਟ ਟੂਰਿਸਟ ਮਹਿਕਮੇ ਦੇ ਕਈ ਦਫਤਰਾਂ ਤੇ ਹੋਟਲਾਂ ਤੋਂ ਇਲਾਵਾ ਕੁਝ ਵੱਡੇ ਰੇਲਵੇ ਸਟੇਸ਼ਨਾਂ ਉੱਤੇ ਲੱਗਿਆ ਅਸੀਂ ਕਈ ਵਾਰ ਵੇਖਿਆ ਹੋਇਆ ਹੈ। ਤਿੱਖਾ ਨੱਕ, ਲੰਮੀਆਂ ਅੱਧਮੀਟੀਆਂ ਅੱਖਾਂ, ਬਾਰੀਕ ਕਮਾਨੀ ਭਰਵੱਟੇ (ਜਿਵੇਂ ਹੁਣੇ ਹੁਣੇ ਕਿਸੇ ਬਿਊਟੀ ਪਾਰਲਰ ਵਿਚੋਂ ਬਣਵਾਏ ਹੋਣ!) ਸਿਰ ’ਤੇ ਜਵਾਹਰਾਂ ਜੜਿਆ ਮੁਕਟ, ਕੰਨਾਂ ’ਚ ਝੁਮਕੇ, ਗਲ਼ ਵਿਚ ਮੋਤੀਆਂ ਦੀ ਮਾਲਾ, ਬਹੁਮੁੱਲਾ ਜਨੇਊ। ਮੋਢੇ ਸੱਜੇ ਪਾਸੇ ਨੂੰ ਝੁਕਾ ਕੇ ਖੱਬੇ ਨੂੰ ਝੁਕਿਆ ਚਿਹਰਾ, ਤੇ ਸੱਜੇ ਹੱਥ ਵਿਚ ਫੜਿਆ ਕਮਲ ਦਾ ਫੁੱਲ ਇਸਨੂੰ ਤੀਵੀਆਂ ਵਰਗੀ ਨਜ਼ਾਕਤ ਪ੍ਰਦਾਨ ਕਰ ਰਿਹਾ ਹੈ। ਇਹ ਬੋਧੀਸਤਵ ਪਦਮਪਾਨੀ ਦਾ ਪੋਰਟਰੇਟ ਹੈ। ਇਸ ਵੇਲੇ ਸਾਨੂੰ ਇੰਜ ਜਾਪ ਰਿਹੈ ਜਿਵੇਂ ਕਰੁਣਾ ਤੇ ਸੁਘੜਤਾ ਦਾ ਪੁੰਜ ਇਹ ਬੋਧੀਸਤਵ ਜੀਵੰਤ ਰੂਪ ਵਿਚ ਸਾਡੇ ਸਾਹਮਣੇ ਖੜ੍ਹਾ ਹੋਵੇ! "ਹੁਣ ਮੈਂ ਸਮਝੀ ਕਿ ਇਹ ਇਕ ਪੁਰਸ਼ ਬੋਧੀਸਤਵ ਦੀ ਤਸਵੀਰ ਹੈ। ਮੈਂ ਤਾਂ ਜਦੋਂ ਵੀ ਪਹਿਲਾਂ ਕਿਤੇ ਇਹ ਤਸਵੀਰ ਵੇਖਦੀ ਸੀ ਤਾਂ ਇਸਨੂੰ ਔਰਤ ਹੀ ਸਮਝਦੀ ਸੀ!" ਰੀਟਾ ਨੇ ਮੇਰੇ ਕੋਲ ਆ ਕੇ ਸੰਗਦੀ ਸੰਗਦੀ ਨੇ ਧੀਮੀ ਆਵਾਜ਼ ਵਿਚ ਇੰਕਸ਼ਾਫ ਕੀਤਾ। ਤੇ ਮੈਨੂੰ ਜਾਪਿਆ ਕਿ ਮੁਕੰਮਲ ਸਮਰੂਪਤਾ ਵਿਚ ਘੜੇ ਨੈਣ-ਨਕਸ਼ਾਂ ਵਾਲੇ ਬਿਨ-ਦਾੜ੍ਹੀਏ ਇਸ ਬੋਧੀਸਤਵ ਦਾ ਜੇ ਸਿਰਫ ਚਿਹਰਾ ਹੀ ਵੇਖਿਆ ਜਾਵੇ, ਤਾਂ ਇਹ ਸੱਚੀਮੁੱਚੀਂ ਕਿਸੇ ਵਿਸ਼ਵ ਸੁੰਦਰੀ ਦਾ ਚਿਹਰਾ ਹੋ ਸਕਦਾ ਹੈ!

ਬੇਹੱਦ ਸਡੌਲ-ਸੁਨੱਖਾ ਤੇ ਸਜਿਆ-ਸ਼ਿੰਗਾਰਿਆ ਪਦਮਪਾਨੀ ਚਾਰੇ ਪਾਸਿਓਂ ਔਰਤਾਂ ਨਾਲ ਘਿਰਿਆ ਹੋਇਆ ਹੈ। ਸਾਰੀਆਂ ਔਰਤਾਂ ਨਿੱਗਰ ਸਰੀਰ ਤੇ ਸਾਂਵਲੇ ਰੰਗ ਦੀਆਂ

ਹਨ। ਲੱਕ ਦੁਆਲੇ ਉਨ੍ਹਾਂ ਕੱਪੜਾ ਵਲਿਆ ਹੋਇਆ ਹੈ, ਪਰੰਤੂ ਲੱਕ ਤੋਂ ਉੱਪਰਲਾ ਸਰੀਰ ਢਕਿਆ ਹੋਇਆ ਨਹੀਂ। ਭਰਵੀਆਂ-ਕਸਵੀਆਂ ਛਾਤੀਆਂ ਨੂੰ ਚਿੱਤਰਕਾਰ ਨੇ ਵਿਸ਼ੇਸ਼ ਤੌਰ ’ਤੇ ਉਭਾਰਿਆ ਹੋਇਆ ਹੈ, ਪਰੰਤੂ ਪੂਰੇ ਮਹੌਲ ਵਿਚ ਇਹ ਸੁਭਾਵਕ ਜਾਪਦਾ ਹੈ। ਗੁੰਦੇ ਹੋਏ ਵਾਲਾਂ ਵਿਚ ਮੱਥਾ-ਪੱਟੀ ਤੇ ਟਿੱਕਾ, ਕੰਨਾਂ ’ਚ ਕਾਂਟੇ, ਗਲ਼ ਵਿਚ ਰਾਣੀ ਹਾਰ ਤੇ ਕੈਂਠਾ। ਔਰਤਾਂ ਦੇ ਸਾਂਵਲੇ ਰੰਗ ਤੋਂ ਇਹ ਨਤੀਜਾ ਕੱਢਿਆ ਜਾਂਦਾ ਹੈ ਕਿ ਚਿੱਤਰਕਾਰ ਨੇ ਦ੍ਰਾਵਿੜ ਪਿਛੋਕੜ ਦੀਆਂ ਔਰਤਾਂ ਨੂੰ ਚਿਤਰਿਆ ਹੈ। ਪਰੰਤੂ ਜ਼ਿਆਦਾਤਰ ਆਦਮੀਆਂ ਦਾ ਰੰਗ ਗੋਰਾ ਹੈ। ਇਹ ਆਰੀਆ ਨਸਲ ਦੇ ਜਾਪਦੇ ਹਨ। ਬੋਧੀਸਤਵ ਪਦਮਪਾਨੀ ਆਪਣੇ ਰੰਗ ਢੰਗ, ਨੈਣ ਨਕਸ਼ਾਂ ਤੇ ਸ਼ਿੰਗਾਰ ਤੋਂ ਕੋਈ ਤਿਆਗ ਦੀ ਮੂਰਤੀ ਨਹੀਂ ਜਾਪਦਾ; ਕਿਸੇ ਖੁਸ਼ਹਾਲ ਰਾਜ ਦਾ ਰਾਜਕੁਮਾਰ ਜਾਪਦਾ ਹੈ। ਅਸਲ ਵਿਚ ਇਸ ਸਾਰੀਚਿੱਤਰਪੱਟੀ ਵਿਚ ਸੁੰਦਰਤਾ ਤੇ ਅਮੀਰੀ ਦੀ ਭਰਪੂਰਤਾ ਹੈ। ਚਿਤਰ ਆਲੋਚਕਾਂ ਦਾ ਵਿਚਾਰ ਹੈ ਕਿ ਜਗੀਰੂ ਭੋਗਵਿਲਾਸ ਦੇ ਪ੍ਰਦਰਸ਼ਣ ਰਾਹੀਂ ਬੋਧੀ ਚਿੱਤਰਕਾਰਾਂ ਨੇ ਆਪਣੇ ਧਰਮ ਵੱਲ ਨਵੇਂ ਲੋਕਾਂ ਨੂੰ ਖਿੱਚਣ ਦੀ ਕੋਸ਼ਿਸ਼ ਕੀਤੀ ਹੋਈ ਹੈ।

ਇਕ ਹੋਰ ਬੋਧੀਸਤਵ ਅਵਾਲੋਕੀਤੇਸ਼ਵਰ ਦੇ ਪੋਰਟਰੇਟ ਵਿਚ ਗਹਿਣਿਆਂ-ਜ਼ੇਵਰਾਂ ਦੀ ਕਮਾਲ ਦੀ ਨੁਮਾਇਸ਼ ਹੈ। ਇਸੇ ਤਰ੍ਹਾਂ ਇਕ ਹੋਰ ਤਸਵੀਰ ਹੈ, ਜਿਸਨੂੰ ਸ਼ਿਆਮ ਰਾਜਕੁਮਾਰੀ ਆਖਦੇ ਹਨ। ਭਰਵੀਆਂ ਛਾਤੀਆਂ, ਜ਼ਰਾ ਕੁ ਜਿੰਨਾ ਖੁੱਲ੍ਹਾ ਮੂੰਹ, ਅਧਮੀਟੀਆਂ ਅੱਖੀਆਂ ਦੀ ਰਹੱਸਮਈ ਤੱਕਣੀ! ਇਸ ਔਰਤ ਦੇ ਹਾਵ ਭਾਵ ’ਚੋਂ ਕਾਮ-ਉਤੇਜਨਾ ਜਿਵੇਂ ਡੁੱਲ੍ਹ-ਡੁੱਲ੍ਹ ਪੈਂਦੀ ਹੋਵੇ! ਇਨ੍ਹਾਂ ਦੋਵਾਂ ਤਸਵੀਰਾਂ ਵਿਚ ਮੋਤੀਆਂ, ਕੀਮਤੀ ਪੱਥਰਾਂ ਤੇ ਕੀਮਤੀ ਧਾਤੂਆਂ ਦੇ ਜੇਵਰਾਂ ਦੀ ਬਰੀਕਬੀਨੀ ਤੇ ਕਾਰੀਗਰੀ ਵੇਖ ਕੇ ਅਸੀਂ ਹੱਕੇ-ਬੱਕੇ ਰਹਿ ਜਾਂਦੇ ਹਾਂ। ਸਾਫ ਦਿਸਦਾ ਹੈ ਕਿ ਸਾਡੇ ਅੱਜਕਲ੍ਹ ਦੇ ਗਹਿਣਿਆਂ ਦੇ ਡਿਜ਼ਾਈਨ ਇਨ੍ਹਾਂ ਚਿੱਤਰਾਂ ’ਚੋਂ ਹੀ ਚੁਰਾਏ ਹੋਏ ਹਨ! ਦੋਵੇਂ ਗੱਲਾਂ ਹੀ ਹੈਰਾਨਕੁੰਨ ਹਨ: ਇਕ ਤਾਂ ਇਹ ਕਿ ਅੱਜ ਤੋਂ ਡੇਢ-ਦੋ ਹਜ਼ਾਰ ਸਾਲ ਪਹਿਲਾਂ ਵੀ ਇਹੋ ਜਿਹੀ ਜਟਿਲ ਕਾਰੀਗਰੀ ਵਾਲੇ ਗਹਿਣੇ ਹਿੰਦੋਸਤਾਨ ਵਿਚ ਪ੍ਰਚੱਲਤ ਸਨ; ਤੇ ਦੂਜਾ ਇਹ ਕਿ ਕਿੰਨੀਆਂ ਸਦੀਆਂ ਤੋਂ ਲਗਾਤਾਰ ਉਹੋ ਨਮੂਨੇ ਭਾਰਤੀਆਂ ਦੇ ਪਸੰਦੀਦਾ ਚਲੇ ਆ ਰਹੇ ਹਨ! ਕੁਝ ਦੇਰ ਤਾਈਂ ਦਿਲ ਨਾਲ ਇਹ ਤਸਵੀਰ ਵੇਖਣ ਤੋਂ ਬਾਅਦ ਜਦੋਂ ਮੇਰਾ ਦਿਮਾਗ ਦਖਲ ਦੇਂਦਾ ਹੈ ਤਾਂ ਮੇਰੇ ਜ਼ਿਹਨ ਵਿਚ ਇਹ ਸਵਾਲ ਵੀ ਉੱਭਰਦਾ ਹੈ ਕਿ ਇਕ ਬੋਧੀਸਤਵ ਨੂੰ ਏਨੇ ਗਹਿਣੇ ਪਾਉਣ ਦੀ ਕੀ ਲੋੜ ਸੀ! ਪਰੰਤੂ ਇਸ ਵੇਲੇ ਇਹ ਸਵਾਲ ਉਠਾ ਕੇ ਮੈਂ ਵਿਆਹ ਵਿਚ ਬੀਅ ਦਾ

ਬਖੇੜਾ ਨਹੀਂ ਪਾਉਣਾ ਚਾਹੁੰਦਾ! ਆਪਣੇ ਸਵਾਲ ਦਾ ਮੈਂ ਆਪੇ ਜੁਆਬ ਵੀ ਦੇ ਲੈਂਦਾ ਹਾਂ: ਇਹ ਗਹਿਣੇ ਬੋਧੀਸਤਵ ਨੇ ਆਪ ਨਹੀਂ ਪਾਏ ਹੋਏ, ਉਸਦੀ ਤਸਵੀਰ ਬਣਾਉਣ ਵਾਲੇ ਕਲਾਕਾਰ ਨੇ ਉਸਨੂੰ ਪੁਆਏ ਹਨ। ਕਲਾਕਾਰ ਦੇ ਹਿਸਾਬ ਨਾਲ ਵੱਡੇ ਗੁਰੂ ਦੀ ਵਡਿੱਤਣ ਵਿਚ ਗਹਿਣਿਆਂ ਦਾ ਸ਼ਿੰਗਾਰ ਸ਼ਾਮਲ ਹੈ।

ਅਜੰਤਾ ਵਿਚ ਅਜਿਹੀਆਂ ਤਸਵੀਰਾਂ ਵੀ ਕਾਫੀ ਹਨ, ਜਿਨ੍ਹਾਂ ਦਾ ਸਿੱਧਾ ਸਬੰਧ ਧਰਮ ਨਾਲ ਨਹੀਂ ਜੁੜਦਾ। ਇਨ੍ਹਾਂ ਵਿਚ ਕਲਾਕਾਰ ਨੇ ਆਪਣੀ ਕਲਪਨਾ ਨੂੰ ਖੁੱਲ੍ਹਾ ਛੱਡ ਕੇ ਆਪਣੀ ਪ੍ਰਤਿਭਾ ਦਾ ਪ੍ਰਦਰਸ਼ਨ ਕੀਤਾ ਹੋਇਆ ਹੈ। ਗਾਈਡ ਸਾਡਾ ਧਿਆਨ ਹਿਰਨਾਂ ਦੀ ਇਕ ਬੜੀ ਰੌਚਕ ਤਸਵੀਰ ਵੱਲ ਦਿਵਾਂਦਾ ਹੈ; ਜਾਨਵਰ ਦੀਆਂ ਧੜਾਂ ਤਾਂ ਚਾਰ ਹਨ, ਪਰੰਤੂ ਸਾਰੀਆਂ ਧੜਾਂ ਇਕੋ ਸਿਰ ਨਾਲ ਆ ਕੇ ਜੁੜਦੀਆਂ ਹਨ, ਤੇ ਵੱਖੋ-ਵੱਖਰੀਆਂ ਮੁਦਰਾਵਾਂ ਵਿਚ ਬੈਠਾ ’ਕੱਲਾ-’ਕੱਲਾ ਹਿਰਨ ਵੀ ਆਪਣੇ-ਆਪ ਵਿਚ ਪੂਰਾ ਹੈ। ਇਕ ਹੋਰ ਚਿਤਰ ਗੁਲਾਬੀ ਹਾਥੀ ਦਾ ਹੈ, ਜਿਹੜਾ ਹੁਣੇ ਹੁਣੇ ਨਹਾ ਕੇ ਛੱਪੜ ’ਚੋਂ ਬਾਹਰ ਨਿਕਲ ਰਿਹਾ ਹੈ। ਛੱਪੜ ਵਿਚ ਵੀ ਕਮਲਾਂ ਦੀ ਬਹਾਰ ਹੈ, ਤੇ ਹਾਥੀ ਨੇ ਵੀ ਆਪਣੇ ਸੁੰਡ ਵਿਚ ਇਕ ਕਮਲ ਫੜਿਆ ਹੋਇਆ ਹੈ। ਇੰਞ ਹੀ ਸੁਨਹਿਰੀ ਬੱਤਖਾਂ ਦਾ ਜੋੜਾ ਹੈ, ਜਿਹੜਾ ਫੁੱਲਾਂ ਵਿਚ ਘਿਰਿਆ ਆਪ ਵੀ ਫੁੱਲ ਬਣਿਆ ਬੈਠਾ ਹੈ!

ਫੇਰਵੀ ਕਲਪਨਾ ਦੀ ਜਿਹੜੀ ਉਡਾਰੀ ਚਿੱਤਰਕਾਰ ਜਾਤਕ ਕਥਾਵਾਂ ਨੂੰ ਚਿਤਰਣ ਵੇਲੇ ਮਾਰਦਾ ਹੈ, ਤੇ ਜਿਹੜੀ ਸੁਘੜਤਾ ਉਦੋਂ ਉੱਘੜ ਕੇ ਸਾਹਮਣੇ ਆਉਂਦੀ ਹੈ, ਉਸਦਾ ਕੋਈ ਮੁਕਾਬਲਾ ਨਹੀਂ! ਜਾਤਕ ਕਥਾਵਾਂ (ਜਿਨ੍ਹਾਂ ਦੀ ਗਿਣਤੀ 550 ਦੇ ਕਰੀਬ ਅਤੇ ਸਮਾਂ 300 ਈਸਾ ਪੂਰਵ ਤੋਂ 400 ਈਸਵੀ ਵਿਚਕਾਰ ਦਾ ਹੈ) ਵਿਚ ਬੁੱਧ ਦੇੇ ਪਹਿਲੇ ਜਨਮਾਂ ਦੀਆਂ ਅਤੇ ਬੋਧੀਸਤਵਾਂ (ਜਿਨ੍ਹਾਂ ਵਿਚ ਅੱਗੇ ਜਾ ਕੇ ਬੁੱਧ ਬਣਨ ਦੀ ਗੁੰਜਾਇਸ਼ ਹੈ) ਦੀਆਂ ਕਹਾਣੀਆਂ ਦਰਜ ਹਨ। ਬੁੱਧ ਦੇ ਇਹ ਜਨਮ ਮਨੁੱਖੀ ਰੂਪ ਵਿਚ ਵੀ ਹੋਏ ਦੱਸੇ ਗਏ ਹਨ, ਤੇ ਜਾਨਵਰਾਂ ਦੇ ਰੂਪ ਵਿਚ ਵੀ। ਇਨ੍ਹਾਂ ਕਥਾਵਾਂ ਦੇ ਬਹਾਨੇ ਚਿੱਤਰਕਾਰ ਨੂੰ ਉਨ੍ਹਾਂ ਵੇਲਿਆਂ ਦੇ ਮਹੱਲਾਂ, ਅਦਾਲਤਾਂ, ਸ਼ਹਿਰਾਂ-ਕਸਬਿਆਂ, ਪਿੰਡਾਂ, ਪਿੰਡੋਰੀਆਂ, ਕੁਟੀਆ, ਆਸ਼ਰਮਾਂ, ਆਦਿ ਦੇ ਦ੍ਰਿਸ਼ ਚਿਤਰਨ ਦਾ ਮੌਕਾ ਮਿਲਿਆ। ਇਨ੍ਹਾਂ ਚਿੱਤਰਾਂ ਰਾਹੀਂ ਸਾਡੇ ਕੋਲ ਉਨ੍ਹਾਂ ਸਮਿਆਂ ਦੇ ਵਿਸ਼ਵਾਸਾਂ, ਵਰਤਾਰਿਆਂ

ਅਤੇ ਲਿਬਾਸਾਂ, ਪਹਿਰਾਵਿਆਂ, ਗਹਿਣਿਆਂ, ਸੰਗੀਤ ਸਾਜ਼ਾਂ, ਭਾਂਡਿਆਂ, ਹਥਿਆਰਾਂ, ਸੰਦਾਂ ਸੰਦੇੜਿਆਂ ਆਦਿ ਬਾਰੇ ਪ੍ਰਮਾਣਕ ਜਾਣਕਾਰੀ ਪਹੁੰਚੀ ਹੈ। ਸਾਡੇ ਲਈ, ਤੇ ਵਿਸ਼ੇਸ਼ ਤੌਰ ’ਤੇ ਇਕ ਨਸਲ-ਵਿਗਿਆਨੀ ਲਈ, ਇਹ ਤਸਵੀਰਾਂ ਭਾਰਤ ਦੀਆਂ ਨਸਲਾਂ ਅਤੇ ਕੌਮਾਂ ਦੀ ਵੰਨ-ਸੁਵੰਨਤਾ ਬਾਰੇ ਜਾਣਕਾਰੀ ਇਕ ਡਾਕੂਮੈਂਟਰੀ ਵਾਂਗ ਸਾਡੇ ਤੱਕ ਪੁਚਾਂਦੀਆਂ ਹਨ। ਇਵੇਂ ਹੀ ਮੰਦਿਰਾਂ, ਮੱਠਾਂ, ਸਤੂਪਾਂ, ਮਹਿਲਾਂ, ਸ਼ਹਿਰਾਂ ਦੀਆਂ ਚਾਰਦੀਵਾਰੀਆਂ ਤੇ ਗੇਟਾਂ, ਝੋਪੜੀਆਂ, ਮੰਡਪਾਂ, ਆਦਿ ਬਾਰੇ ਜਾਣਕਾਰੀ ਇਮਾਰਤਸਾਜ਼ਾਂ ਲਈ ਇਕ ਭਰਪੂਰ ਖਜ਼ਾਨੇ ਵਾਂਗ ਹੈ। ਛੱਤ ਉੱਤੇ ਵਾਹੇ ਗਏ ਫੁੱਲ, ਫਲ, ਬੂਟੇ, ਪੰਛੀ, ਜਨੌਰ, ਅਰਧ-ਈਸ਼ਵਰੀ ਤੇ ਰੂਹਾਨੀ ਆਤਮਾਵਾਂ ਦਾ ਮਕਸਦ ਮੁੱਖ ਤੌਰ ਉੱਤੇ ਸ਼ਿੰਗਾਰ ਵਾਲਾ ਹੈ।

ਜਾਤਕ ਕਥਾਵਾਂ ਉੱਤੇ ਅਧਾਰਤ ਕੁਝ ਤਸਵੀਰਾਂ ਵਿਖਾਉਂਦੇ ਹੋਏ ਜਦੋਂ ਸਾਡਾ ਗਾਈਡ ਉਨ੍ਹਾਂ ਕਥਾਵਾਂ ਦਾ ਸਾਰ ਦੇਂਦਾ ਹੈ ਤਾਂ ਮਜ਼ਾ ਦੂਣ ਸਵਾਇਆ ਹੋ ਜਾਂਦਾ ਹੈ। ਮੈਨੂੰ ਉਹ ਮੌਕਾ ਯਾਦ ਆਉਂਦਾ ਹੈ, ਜਦੋਂ ਮਾਸਕੋ ਵਿਚ ਪੜ੍ਹਨ ਪਹੁੰਚਣ ਤੋਂ ਕੁਝ ਮਹੀਨਿਆਂ ਬਾਅਦ ਹੀ ਸਾਡੀ ਅਧਿਆਪਕਾ ਸਾਨੂੰ ਮਾਸਕੋ ਦੀ ਤਰਿਚਿਆਕੋਵ ਗੈਲਰੀ (ਜਿਸ ਵਿਚ ਪੌਣੇ ਦੋ ਲੱਖ ਦੇ ਕਰੀਬ ਚਿੱਤਰ ਸਾਂਭੇ ਹੋਏ ਹਨ) ਵਿਖਾਣ ਲੈ ਕੇ ਗਈ। ਬਹੁਤ ਸਾਰੀਆਂ ਤਸਵੀਰਾਂ ਤੇ ਪ੍ਰਤਿਮਾਵਾਂ ਬਾਈਬਲ ਉੱਤੇ ਅਧਾਰਤ ਸਨ, ਤੇ ਕਈ ਹੋਰ ਰੋਮਨ ਤੇ ਗਰੀਕ ਮਿਥਿਹਾਸ ਉੱਤੇ। ਉਦੋਂ ਮੈਨੂੰ ਪਹਿਲੀ ਵਾਰ ਇਹਸਾਸ ਹੋਇਆ ਸੀ ਕਿ ਇਨ੍ਹਾਂ ਤਸਵੀਰਾਂ ਨੂੰ ਜਾਂ ਯੋਰਪ ਦੇ ਸਭਿਆਚਾਰ ਨੂੰ ਸਮਝਣ ਲਈ ਇਸ ਖਿੱਤੇ ਦੇ ਮਿਥਿਹਾਸ ਨੂੰ ਸਮਝਣਾ ਵੀ ਬਹੁਤ ਜ਼ਰੂਰੀ ਹੈ। ਇਸ ਵੇਲੇ ਅਜੰਤਾ ਦੀਆਂ ਇਹ ਤਸਵੀਰਾਂ ਮੂਹਰੇ ਖੜੋਤਾ ਮੈਂ ਸੋਚ ਰਿਹਾ ਸਾਂ ਕਿ ਭਾਰਤੀ ਮਿਥਿਹਾਸ ਨੂੰ ਜਾਣੇ ਬਗੈਰ ਇਨ੍ਹਾਂ ਦਾ ਥਹੁ ਵੀ ਨਹੀਂ ਸੀ ਪੈ ਸਕਣਾ! ਇਕ ਪੇਂਟਿੰਗ ਹੈ, ਜਿਸ ਵਿਚ ਇਕ ਰਾਜਾ ਤੱਕੜੀ ਕੋਲ ਖੜ੍ਹਾ ਹੈ, ਤੇ ਉਸਦੇੇ ਹੱਥ ਵਿਚ ਕਬੂਤਰ ਫੜਿਆ ਹੋਇਆ ਹੈ। ਇਹ ਉਸ ਬੋਧੀਸਤਵ ਦੀ ਕਹਾਣੀ ਹੈ, ਜਿਹੜਾ ਰਾਜਕੁਮਾਰ ਸੀਬੀ ਦੇ ਤੌਰ ’ਤੇ ਪੈਦਾ ਹੋਇਆ ਸੀ। ਇਕ ਬਾਜ ਤੋਂ ਕਬੂਤਰ ਨੂੰ ਛੁਡਾਉਣ ਲਈ ਸੀਬੀ ਨੇ ਆਪਣੇ ਸਰੀਰ ਦਾ ਕਬੂਤਰ ਦੇ ਭਾਰ ਜਿੰਨਾ ਮਾਸ ਤੋਲ ਕੇ ਦੇ ਦਿੱਤਾ ਸੀ। ਇਕ ਹੋਰ ਦ੍ਰਿਸ਼ ਮਹਾਤਮਾ ਬੁੱਧ ਵਲੋਂ ਆਪਣੇ ਮਤਰੇਏ ਭਰਾ ਨੰਦ ਨੂੰ ਭਿਕਸ਼ੂ ਬਣਾਉਣ ਨਾਲ ਸਬੰਧਤ ਹੈ। ਨੰਦ ਦੀ ਬੀਵੀ ਅਸਹਿ ਵਿਯੋਗ ਸਦਕਾ ਬੇਹੋਸ਼ ਪਈ ਹੈ, ਉਸਦੀਆਂ ਗੋਲੀਆਂ ਉਸਨੂੰ ਹੋਸ਼ ਵਿਚ ਲਿਆਣ ਦੀਆਂ ਕੋਸ਼ਿਸ਼ਾਂ ਕਰ ਰਹੀਆਂ ਹਨ।

ਸ਼ਿੰਗਾਰ ਦਾ ਸਮਾਨ ਹੱਥਾਂ ਵਿਚ ਫੜੀ ਖਲੋਤੀ ਇਕ ਗੋਲੀ ਵੀ ਹੈ ਅਤੇ ਹੱਕਾ-ਬੱਕਾ ਖੜ੍ਹਾ ਇਕ ਨੌਕਰ ਵੀ। ਕੋਲ ਖੜ੍ਹੇ ਨੰਦ ਦੇ ਚਿਹਰੇ ਉੱਤੇ ਪਸਰੀ ਉਦਾਸੀ ਤੋਂ ਇੰਝ ਜਾਪ ਰਿਹੈ ਜਿਵੇਂ ਉਸਨੂੰ ਜਬਰਦਸਤੀ ਭਿਕਸ਼ੂ ਬਣਾਇਆ ਜਾ ਰਿਹਾ ਹੋਵੇ! ਸਾਰੀ ਚਿੱਤਰਪੱਟੀ 'ਚੋਂ ਸੰਵੇਦਨਾ ਡੁੱਲ੍ਹ-ਡੁੱਲ੍ਹ ਪੈਂਦੀ ਹੈ। ਅਗਲੀ ਚਿੱਤਰ-ਪੱਟੀ ਓਸ ਬੋਧੀਸਤਵ ਬਾਰੇ ਹੈ, ਜਿਸਦਾ ਜਨਮ ਮਗਧ ਦੇ ਰਾਜਕੁਮਾਰ ਦੇ ਤੌਰ 'ਤੇ ਹੋਇਆ, ਅਤੇ ਜਿਹੜਾ ਨਾਗਰਾਜ ਸੰਖਪਾਲ ਦਾ ਰੋਹਬ ਵੇਖਦੇ ਹੋਏ ਅਗਲੇ ਜਨਮ ਵਿਚ ਉਸਦੇ ਰੂਪ ਵਿਚ ਪੈਦਾ ਹੋਣਾ ਚਾਹੁੰਦਾ ਹੈ। ਇੱਛਾ ਮੁਤਾਬਕ ਸੰਖਪਾਲ ਦੇ ਰੂਪ ਵਿਚ ਪੈਦਾ ਹੋ ਕੇ ਉਹ ਆਪਣੀ ਪ੍ਰਸਿੱਧੀ ਤੋਂ ਛੇਤੀ ਅੱਕ ਜਾਂਦਾ ਹੈ, ਤੇ ਪਛਤਾਵੇ ਦੇ ਤੌਰ 'ਤੇ ਕੀੜੀਆਂ ਦੇ ਢੇਰ ਉੱਤੇ ਲੇਟ ਜਾਂਦਾ ਹੈ, ਤਾਂਕਿ ਜਿਸਨੂੰ ਵੀ ਉਸਦਾ ਸਰੀਰ ਚਾਹੀਦਾ ਹੋਵੇ, ਲੈ ਲਵੇ। ਇਕ ਦਿਨ 16 ਸ਼ਿਕਾਰੀਆਂ ਦੀ ਇਕ ਟੋਲੀ ਉਸਨੂੰ ਜ਼ਖਮੀ ਕਰ ਕੇ, ਤੇ ਨੱਕ ਵਿਚ ਮੋਟੇ ਰੱਸੇ ਦੀ ਨਕੇਲ ਪਾ ਕੇ ਉਸਨੂੰ ਧੂਹੀ ਲਿਜਾ ਰਹੀ ਸੀ, ਕਿ ਅਲਾਰ ਨਾਂਅ ਦੇ ਇਕ ਵਪਾਰੀ ਨੂੰ ਉਸ ਉੱਤੇ ਤਰਸ ਆਉਂਦਾ ਹੈ, ਤੇ ਉਹ ਆਪਣਾ ਸਾਰਾ ਧਨ, ਦੌਲਤ ਦੇ ਕੇ ਉਸਨੂੰ ਛੁਡਾ ਲੈਂਦਾ ਹੈ। ਇਸਤੋਂ ਬਾਅਦ ਸੰਖਪਾਲ ਆਪਣੇ ਹਿਤਕਾਰੀ ਨੂੰ ਆਪਣੇ ਜਲ ਮਹਿਲ ਵਿਚ ਲੈ ਜਾਂਦਾ ਹੈ ਅਤੇ ਹਰ ਕਿਸਮ ਦੀ ਮੌਜ ਕਰਵਾਂਦਾ ਹੈ। ਕਹਾਣੀ ਸੁਣਨ ਤੋਂ ਬਾਅਦ ਜਦੋਂ ਅਸੀਂ ਪੇਂਟਿੰਗ ਵਿਚ ਸੰਖਪਾਲ ਨੂੰ ਖਿੱਚੀ ਲਿਜਾਂਦੇ ਸ਼ਿਕਾਰੀਆਂ ਵਾਲਾ ਦ੍ਰਿਸ਼ ਵੇਖਦੇ ਹਾਂ, ਤਾਂ ਸਾਡੇ ਅੰਦਰੋਂ ਸੰਖਪਾਲ ਲਈ ਤਰਸ ਦੀ ਤਰੰਗ ਜਿਹੀ ਉਠਦੀ ਹੈ। ਕਿਹੋ ਜਿਹੇ ਪਛਤਾਵੇ ਵਿਚੀਂ ਨਿਕਲਿਆ ਉਸਦਾ ਬੋਧੀਸਤਵ ਵੱਲ ਜਾਂਦਾ ਰਾਹ! ਇਸੇ ਹੀ ਪੈਨਲ ਵਿਚ ਬੜੇ ਧਿਆਨ ਨਾਲ ਪ੍ਰਵਚਨ ਸੁਣ ਰਹੀ ਇਕ ਔਰਤ ਦੀ ਤਸਵੀਰ ਅਤੀ ਉੱਤਮ ਹੈ। ਬੋਧੀਸਤਵ ਦੇ ਪੈਰਾਂ 'ਚ ਬੈਠੀ ਇਸ ਔਰਤ ਦੇ ਚਿਹਰੇ ਤੋਂ ਸਾਫ ਝਲਕ ਰਿਹੈ ਕਿ ਉਹੋ ਹੀ ਉਸਦੀ ਇਕੋ-ਇਕ ਓਟ ਹੈ, ਉਹੋ ਹੀ ਨਿਆਸਰਿਆਂ ਦੀ ਆਸ ਹੈ।

ਅਗਲੀ ਕਹਾਣੀ ਮਹਾਜਨਕ ਦੀ ਹੈ। ਜਦੋਂ ਮਿਥਿਲਾ ਦੇ ਰਾਜੇ ਨੇ ਲੜਾਈ ਦੌਰਾਨ ਆਪਣੇ ਭਰਾ ਦੀ ਹੱਤਿਆ ਕਰ ਦਿੱਤੀ ਤਾਂ ਉਸਦੀ ਵਿਧਵਾ ਆਪਣੇ ਨਿੱਕੇ ਬੱਚੇ ਨੂੰ ਲੈ ਕੇ ਚੰਪਾ ਚਲੇ ਗਈ। ਇਹੋ ਬੱਚਾ, ਮਹਾਜਨਕ, ਵੱਡਾ ਹੋ ਕੇ ਆਪਣਾ ਜਹਾਜ਼ ਸਮਾਨ ਨਾਲ ਲੱਦ ਕੇ ਸਵਰਨਭੂਮੀ ਵੱਲ ਜਾ ਰਿਹਾ ਸੀ, ਕਿ ਜਹਾਜ਼ ਡੁੱਬ ਗਿਆ। ਇਕ ਦੇਵੀ ਨੇ ਉਸਦੀ ਜਾਨ ਬਚਾ ਕੇ ਉਸਨੂੰ ਮਿਥਿਲਾ ਪੁਚਾ ਦਿੱਤਾ, ਜਿਥੇ ਉਸਨੇ ਰਾਜਕੁਮਾਰੀ ਸ਼ਿਵਾਲੀ ਨਾਲ ਵਿਆਹ ਕਰਵਾ

ਲਿਆ। ਬਾਅਦ ਵਿਚ ਇਹੋ ਮਹਾਜਨਕ ਸਨਿਆਸ ਲੈ ਲੈਂਦਾ ਹੈ। ਉਸਨੂੰ ਵਰਾਉਣ ਦੀਆਂ ਸ਼ਿਵਾਲੀ ਦੀਆਂ ਸਾਰੀਆਂ ਕੋਸ਼ਿਸ਼ਾਂ ਨਕਾਮ ਰਹਿੰਦੀਆਂ ਹਨ। ਇਸ ਚਿੱਤਰ ਵਿਚ ਪਹਿਲਾਂ ਡੁੱਬ ਰਿਹਾ ਜਹਾਜ਼ ਦਿਸ ਰਿਹੈ। ਅੱਗੇ ਸ਼ਿਵਾਲੀ ਮਹਾਜਨਕ ਨਾਲ ਇਉਂ ਨਾਲ ਲੱਗ ਕੇ ਬੈਠੀ ਹੈ, ਜਿਵੇਂ ਕਹਿ ਰਹੀ ਹੋਵੇ ਕਿ ਏਨੀ ਸੁਹਣੀ ਨਾਰ ਨੂੰ ਪਿੱਛੇ ਛੱਡ ਕੇ ਤੂੰ ਘਰੋਂ ਕਿਵੇਂ ਜਾ ਸਕਦੈਂ! ਇਥੇ 'ਸਾਹਿਬ ਬੀਵੀ ਔਰ ਗੁਲ਼ਾਮ' ਫਿਲਮ ਵਿਚ ਸ਼ਕੀਲ ਬਦਾਯੂਨੀ ਦੇ ਗਾਣੇ 'ਨਾ ਜਾਓ ਸਈਆਂ...' ਦੇ ਲਫ਼ਓਮਪ;ਜ਼ ਹੂਬਹੂ ਢੁਕਦੇ ਜਾਪਦੇ ਹਨ: "ਯੇ ਬਿਖਰੀ ਜ਼ੁਲਫੇਂ, ਯੇ ਘੁਲਤਾ ਕਜਰਾ, ਯੇ ਮਹਿਕੀ ਚੁਨਰੀ, ਯੇ ਮਨ ਕੀ ਮਦਿਰਾ। ਯੇ ਸਭ ਤੁਮ੍ਹਾਰੇ ਲੀਏ ਹੈ ਪ੍ਰੀਤਮ। ਮੈਂ ਆਜ ਤੁਮ ਕੋ ਨਾ ਜਾਨੇ ਦੂੰਗੀ, ਜਾਨੇ ਨਾ ਦੂੰਗੀ।" ਸ਼ਿਵਾਲੀ ਦੇ ਪੈਰ ਘੁੱਟ ਰਹੀ ਗੋਲੀ ਦੇ ਚਿਹਰੇ ਤੋਂ ਜਾਪ ਰਿਹੈ ਕਿ ਉਹ ਉਸਨੂੰ ਹੌਸਲਾ ਨਾ ਹਾਰਨ ਲਈ ਕਹਿ ਰਹੀ ਹੈ! ਇਕ ਹੋਰ ਤਸਵੀਰ ਵਿਚ ਨਾਚ ਸੰਗੀਤ ਰਾਹੀਂ ਮਹਾਜਨਕ ਨੂੰ ਜਿਵੇਂ ਪਤਿਆਉਣ ਦੀ ਕੋਸ਼ਿਸ਼ ਕੀਤੀ ਜਾ ਰਹੀ ਹੋਵੇ! ਪਰੰਤੂ ਰਾਜੇ ਦੇ ਚਿਹਰੇ ਤੋਂ ਜ਼ਿੱਦ ਸਾਫ ਝਲਕ ਰਹੀ ਹੈ। ਤੇ ਅਗਲੇ ਪੈਨਲ ਵਿਚ ਉਸਨੂੰ ਸ਼ਹਿਰ ਦੇ ਗੇਟ ਤੋਂ ਬਾਹਰ ਜਾਂਦੇ ਹੋਏ, ਤੇ ਅਗਲੇਰੇ ਸੀਨ ਵਿਚ ਉਸਨੂੰ ਇਕ ਤਪੱਸਵੀ ਦੇ ਰੂਪ ਵਿਚ ਦਰਸਾਇਆ ਗਿਐ। ਇਕ ਹੋਰ ਚਿੱਤਰ ਵਿਚ ਬੋਧੀਸਤਵ ਕਲਿਆਣਕਾਰੀ ਦੀ ਕਹਾਣੀ ਹੈ। ਕਲਿਆਣਕਾਰੀ ਤੇ ਉਹਦਾ ਛੋਟਾ ਭਰਾ ਵਪਾਰ ਕਰਨ ਲਈ ਨਿਕਲੇ ਤਾਂ ਉਨ੍ਹਾਂ ਦਾ ਜਹਾਜ਼ ਡੁੱਬ ਗਿਆ। ਕਲਿਆਣਕਾਰੀ ਖੁਦ ਨੂੰ ਤੇ ਆਪਣੇ ਭਰਾ ਨੂੰ ਬਚਾ ਕੇ ਲੈ ਆਇਆ, ਉਸੇ ਭਰਾ ਨੇ ਲਾਲਚ ਵਿਚ ਆ ਕੇ ਸੁੱਤੇ ਪਏ ਕਲਿਆਣਕਾਰੀ ਦੀਆਂ ਅੱਖਾਂ ਅੰਨ੍ਹੀਆਂ ਕਰ ਦਿੱਤੀਆਂ ਤੇ ਸਾਰਾ ਮਾਲ ਅਸਬਾਬ ਲੈ ਕੇ ਦੌੜ ਗਿਆ। ਆਪਣੇ ਸੱਚੇਪਣ ਅਤੇ ਪਰਉਪਕਾਰ ਦੀ ਬਦੌਲਤ ਕਲਿਆਣਕਾਰੀ ਦੀ ਨਜ਼ਰ ਵੀ ਵਾਪਸ ਆ ਜਾਂਦੀ ਹੈ, ਉਸਦਾ ਵਿਆਹ ਵੀ ਇਕ ਰਾਜਕੁਮਾਰੀ ਨਾਲ ਹੋ ਜਾਂਦਾ ਹੈ, ਤੇ ਆਪਣੇ ਬਾਪ ਦਾ ਰਾਜ ਭਾਗ ਵੀ ਉਸਨੂੰ ਮਿਲ ਜਾਂਦਾ ਹੈ। ਇਸ ਚਿੱਤਰ ਪੱਟ ਵਿਚ ਪਹਿਲਾਂ ਜ਼ਹਾਜ਼ ਦੇ ਡੁੱਬਣ ਦਾ ਸੀਨ ਹੈ ਤੇ ਫੇਰ ਅੱਖਾਂ ਉੱਤੇ ਪੱਟੀ ਬੰਨ੍ਹੀ ਕਲਿਆਣਕਾਰੀ ਦਾ। ਇਸ ਪੈਨਲ ਵਿਚ ਹੱਥ 'ਚ ਲੋਟਾ ਫੜੀ ਇਕ ਭਿਕਸ਼ੂ ਨੂੰ ਪ੍ਰਣਾਮ ਕਰਦੀਆਂ ਚਾਰ ਔਰਤਾਂ ਵਾਲਾ ਸੀਨ ਵੇਖਣ ਵਾਲਾ ਹੈ। ਇਕ ਹੋਰ ਪੈਨਲ ਵਿਚ ਬੋਧੀਸਤਵ ਚੰਪਿਆ ਦੇ ਨਾਗਰਾਜ ਦੀ ਸ਼ਕਲ ਵਿਚ ਪੈਦਾ ਹੋਣ, ਉਸਨੂੰ ਇਕ ਸਪੇਰੇ ਵਲੋਂ ਵਾਰਾਨਸੀ ਦੇ ਰਾਜ ਦਰਬਾਰ ਵਿਚ ਨਚਾਉਣ, ਫੇਰ ਨਾਗੀ ਸ਼ੁਮਾਨਾ ਦੀ ਬੇਨਤੀ 'ਤੇ ਚੰਪਿਆ ਨੂੰ ਆਜ਼ਾਦੀ ਮਿਲਣ, ਆਦਿ ਦੀ

ਕਹਾਣੀ ਪਾਈ ਗਈ ਹੈ। ਇਕ ਹੋਰ ਬੜਾ ਸੁਹਣਾ ਪੈਨਲ ਹੈ, ਜਿਸ ਵਿਚ ਇਕ ਰਾਜੇ ਨੂੰ ਵਿਦੇਸ਼ੀ ਡੈਲੀਗੇਸ਼ਨ ਤੋਂ ਤੋਹਫੇ ਪ੍ਰਾਪਤ ਕਰਦੇ ਹੋਏ ਵਿਖਾਇਆ ਗਿਆ ਹੈ। ਇਸ ਚਿਤਰ ਪੱਟੀ ਵਿਚ ਕੁਝ ਰਾਜਦੂਤਾਂ ਨੇ ਇਰਾਨੀ ਟੋਪੀਆਂ ਪਹਿਨੀਆਂ ਹੋਈਆਂ ਹਨ, ਜਿਨ੍ਹਾਂ ਤੋਂ ਇਹ ਨਿਰਣਾ ਕੀਤਾ ਜਾਂਦਾ ਹੈ ਕਿ ਭਾਰਤੀ ਹਕੂਮਤਾਂ ਦੇ ਉਨ੍ਹੀਂ ਦਿਨੀਂ ਵੀ ਬਾਹਰਲੇ ਦੇਸਾਂ ਨਾਲ ਸਫਾਰਤੀ ਸਬੰਧ ਸਥਾਪਤ ਸਨ। ਨਾਲ ਹੀ ਇਹ ਚਿਤਰ ਇਹ ਗੱਲ ਵੀ ਦਰਸਾਂਦਾ ਹੈ ਕਿ ਇਸ ਵੇਲੇ ਤੱਕ ਆ ਕੇ ਬੋਧੀ ਚਿਤਰਕਾਰੀ ਵਿਚ ਰਾਜ ਦਰਬਾਰ ਦੀ ਮਹਿਮਾ ਵੀ ਸ਼ਾਮਲ ਹੋ ਚੁੱਕੀ ਸੀ।

ਸਾਨੂੰ ਪਤਾ ਹੈ ਕਿ ਜਾਤਕ ਕਥਾਵਾਂ ਵਿਚੋਂ ਜਿਹੜੀਆਂ ਕਹਾਣੀਆਂ ਸਾਡੇ ਗਾਈਡ ਨੇ ਸਾਨੂੰ ਸੁਣਾਈਆਂ ਹਨ, ਉਨ੍ਹਾਂ ਪਿੱਛੇ ਨਾ ਤਾਂ ਕੋਈ ਸੱਚਾਈ ਹੈ, ਤੇ ਨਾ ਹੀ ਇਤਿਹਾਸ; ਇਹ ਬੋਧੀ ਮਿਥਿਹਾਸ ਦਾ ਹਿੱਸਾ ਮਾਤਰ ਹਨ। ਤੇ ਐਸ ਵੇਲੇ ਸਾਡੇ ਲਈ ਇਨ੍ਹਾਂ ਦੀ ਮਹੱਤਤਾ ਸਿਰਫ ਤਸਵੀਰਾਂ ਨੂੰ ਸਮਝਣ ਤੱਕ ਮਹਿਦੂਦ ਹੈ। ਮਿਥਿਹਾਸ ਨਾਲ ਬੇਇਨਸਾਫੀ ਵਾਲੀ ਗੱਲ ਇਹ ਹੈ ਕਿ ਸ਼ਰਧਾ ’ਚ ਅੰਨ੍ਹੇ ਲੋਕ ਤਾਂ ਇਨ੍ਹਾਂ ਕਹਾਣੀਆਂ ਵਿਚਲੀਆਂ ਘਟਨਾਵਾਂ ਨੂੰ ਹੂਬਹੂ ਸੱਚ ਮੰਨ ਕੇ ਬਹਿ ਜਾਂਦੇ ਹਨ, ਤੇ ਤਰਕ ਦੇ ਧਾਰਣੀਆਂ ਨੂੰ ਇਹ ਕਹਾਣੀਆਂ ਹਾਸੋਹੀਣੀਆਂ ਜਾਪਦੀਆਂ ਹਨ! ਅਸਲ ਵਿਚ ਇਨ੍ਹਾਂ ਕਹਾਣੀਆਂ ਵਿਚ ਘਟਨਾਵਾਂ ਦੀ ਨਹੀਂ, ਖਿਆਲ ਦੀ ਮਹੱਤਤਾ ਧਿਆਨ ਮੰਗਦੀ ਹੈ। ਜਿਹੜੀਆਂ ਜਾਤਕ ਕਥਾਵਾਂ ਅਸੀਂ ਹੁਣੇ-ਹੁਣੇ ਸੁਣੀਆਂ ਜਾਂ ਚਿੱਤਰਾਂ ਰਾਹੀਂ ਵੇਖੀਆਂ ਹਨ, ਉਨ੍ਹਾਂ ਵਿਚੋਂ ਮਨੁੱਖ ਵਲੋਂ ਮਹਾਨ ਬਣਨ ਦੀ ਲਾਲਸਾ, ਸੂਰਮਗਤੀ ਦੇ ਗੁਣ ਗਾਨ ਅਤੇ ਸੁੰਦਰਤਾ ਨਾਲ ਸਾਂਝ ਸਾਫ ਝਲਕਦੀ ਹੈ। ਤੇ ਅਗਲੀ ਗੱਲ: ਭਾਵੇਂ ਇਹ ਕਹਾਣੀਆਂ ਇਤਿਹਾਸਕ ਨਹੀਂ, ਪਰੰਤੂ ਇਨ੍ਹਾਂ ਵਿਚ ਇਤਿਹਾਸਕਤਾ ਦਾ ਅੰਸ਼ ਜ਼ਰੂਰ ਹਾਜ਼ਰ ਹੈ। ਸਾਡੇ ਇਤਿਹਾਸਕਾਰਾਂ ਨੇ ਇਸੇ ਮਿਥਿਹਾਸ ਦਾ ਅਧਿਅਨ ਕਰ ਕੇ ਇਸ ਖਿੱਤੇ ਦੇ ਲੋਕਾਂ ਦੇ ਰਹਿਣ-ਸਹਿਣ ਅਤੇ ਸਮਾਜ ਦੀ ਉਣਤਰ-ਬਣਤਰ ਬਾਰੇ ਕਿਆਸਰਾਈਆਂ ਲਾਈਆਂ, ਜਿਨ੍ਹਾਂ ਦੀ ਮਗਰੋਂ ਆ ਕੇ ਪੁਰਾਤੱਤਵੀ ਅਤੇ ਮਾਨਵ ਵਿਗਿਆਨਕ ਖੋਜਾਂ ਰਾਹੀਂ ਪੁਸ਼ਟੀ ਹੋਈ।

ਇਸ ਗੁਫਾ ਦੇ ਅਖੀਰ ਵਿਚ ਬਣੀ ਮਹਾਤਮਾ ਬੁੱਧ ਦੀ ਵੱਡ ਅਕਾਰੀ ਮੂਰਤੀ ਮੂਹਰੇ ਝੁਕ ਕੇ ਕਈ ਸ਼ਰਧਾਲੂ ਪ੍ਰਾਰਥਨਾ ਕਰ ਰਹੇ ਹਨ। ਹਰ ਬੋਧੀਸਤਵ ਨੂੰ ਵੀ ਸ਼ਰਧਾਲੂ ਮੱਥਾ ਟੇਕ ਕੇ ਲੰਘਦੇ ਹਨ। ਇਨ੍ਹਾਂ ਵਿਚ ਕਈ ਵਿਦੇਸ਼ੀ ਸ਼ਰਧਾਲੂ ਵੀ ਦਿਸ ਰਹੇ ਹਨ, ਜਿਹੜੇ ਸ਼ਾਇਦ

ਜਪਾਨ ਜਾਂ ਕੋਰੀਆ ਤੋਂ ਆਏ ਹਨ! ਮੈਂ ਸੋਚਣ ਲਗਦਾ ਹਾਂ ਕਿ ਸ਼ਰਧਾ ਵਿਚ ਡੁੱਬੇ ਇਨ੍ਹਾਂ ਸ਼ਰਧਾਲੂਆਂ ਦੀ ਇਕ ਕਲਾ ਪ੍ਰੇਮੀ ਵਾਲੀ ਅੱਖ ਪਤਾ ਨਹੀਂ ਖੁੱਲ੍ਹੀ ਹੈ ਕਿ ਬੰਦ! ਕਿਤੇ ਇਨ੍ਹਾਂ ਦਾ ਹਾਲ ਵੀ ਉਨ੍ਹਾਂ ਹਿੰਦੂ ਤੇ ਸਿੱਖ ਸ਼ਰਧਾਲੂਆਂ ਵਰਗਾ ਤਾਂ ਨਹੀਂ, ਜਿਨ੍ਹਾਂ ਨੂੰ ਮੈਂ ਹਿਮਾਲਿਆ ਦੇ ਦੂਰ ਦੁਰਾਡੇ ਧਾਰਮਿਕ ਸਥਾਨਾਂ ਤੱਕ ਅੱਪੜਦੇ ਤਾਂ ਵੇਖਿਆ ਹੈ, ਪਰੰਤੂ ਉਨ੍ਹਾਂ ਦੇ ਮੂੰਹੋਂ ਪਹਾੜਾਂ ਦੇ ਸੁਹੱਪਣ ਦੀਆਂ ਸਿਫਤਾਂ ਕਦੇ ਨਹੀਂ ਸੁਣੀਆਂ!

# 8.ਰੀਝ ਪੂਰੀ ਹੋਈ



ਅਜੰਤਾ ਦੀ ਪਹਿਲੀ ਗੁਫਾ ਵੇਖ ਕੇ ਬਾਹਰ ਨਿਕਲੇ ਤਾਂ ਇਕ ਨੌਜੁਆਨ ਸਾਡੇ ਕੋਲ ਆਇਆ। ਉਸਨੇ ਸਾਡੇ ਗਾਈਡ ਨੂੰ ਬੇਨਤੀ ਕੀਤੀ ਕਿ ਉਹ ਉਸਨੂੰ ਵੀ ਸਾਡੇ ਗਰੁੱਪ ਦੇ ਨਾਲ ਰਲ਼ਾ ਲਵੇ। ਇਸ ਦੇ ਇਵਜ਼ ਵਿਚ ਉਹ ਬਣਦੀ ਫੀਸ ਦੇਣ ਨੂੰ ਤਿਆਰ ਹੈ। ਗਾਈਡ ਨੇ ਸਾਡੀ 'ਹਾਂ' ਸੁਣ ਕੇ ਬੇਨਤੀ ਸਵੀਕਾਰ ਕਰ ਲਈ। ਮੇਰੇ ਹਿਸਾਬ ਨਾਲ ਉਸ ਮੁੰਡੇ ਨੇ ਚੰਗਾ ਤਰੀਕਾ ਅਪਣਾਇਆ। ਇਕ ਤਾਂ ਸਾਡੇ ਨਾਲ ਰਲ਼ ਕੇ ਉਸਨੂੰ ਪੂਰੇ ਗਾਈਡ ਦੀ ਫੀਸ ਨਹੀਂ ਦੇਣੀ ਪਵੇਗੀ, ਤੇ ਦੂਜਾ ਪਹਿਲੀ ਗੁਫਾ ਵਿਚ ਸਾਡੇ ਨਾਲ-ਨਾਲ ਰਹਿ ਕੇ ਉਹ ਪਹਿਲਾਂ ਹੀ ਜਾਣ ਚੁੱਕਿਆ ਹੈ ਕਿ ਐਸ.ਏ.ਪਾਟਿਲ ਸਾਹਬ ਵਧੀਆ ਗਾਈਡ ਹਨ। ਇਸ ਮਾਮਲੇ ਵਿਚ ਇਹ ਨੌਜਵਾਨ ਤਜਰਬੇਕਾਰ ਜਾਪਦਾ ਹੈ! ਮਗਰੋਂ ਆ ਕੇ ਉਸਨੇ ਦੱਸਿਆ ਕਿ ਉਹ 'ਗੋ ਯੂਨੈਸਕੋ' ਨਾਂਅ ਦੇ ਇਕ ਗਰੁੱਪ ਦਾ ਹਿੱਸਾ ਹੈ, ਜਿਸਦਾ ਮਕਸਦ ਹੈ ਕਿ ਇਸਦੇ ਮੈਂਬਰ ਆਪਣੇ ਤੌਰ 'ਤੇ, ਜਿਥੋਂ ਤੱਕ ਹੋ ਸਕੇ,ਵੱਧ ਤੋਂ ਵੱਧ 'ਵਿਸ਼ਵ ਵਿਰਾਸਤ ਸਥੱਲ' ਵੇਖਣ ਲਈ ਜਾਣ। ਦੁਨੀਆਂ ਭਰ ਵਿਚ ਹੁਣ ਤੱਕ ਯੂਨੈਸਕੋ ਵੱਲੋਂ 158 ਦੇਸ਼ਾਂ ਵਿਚ 981 ਅਜਿਹੇ ਸਥੱਲ ਘੋਸ਼ਿਤ ਕੀਤੇ ਹੋਏ ਹਨ। ਇਸੇ ਸਿਲਸਲੇ ਵਿਚ ਉਮਰ ਦੇ ਤੀਹਵਿਆਂ ਵਿਚ ਜਾਪਦਾ ਆਂਧਰਾ ਦਾ ਇਹ ਮੁੰਡਾ, ਸਿਰੀਰਾਮ, ਹੁਣ ਤੱਕ

ਭਾਰਤ, ਅਮਰੀਕਾ, ਅਫਰੀਕਾ ਤੇ ਯੋਰਪ ਦੇ ਚਾਲੀਆਂ ਤੋਂ ਉੱਪਰ ਅਜਿਹੇ ਸਥੱਲਾਂ ਦੀ ਸੈਰ ਕਰ ਚੁੱਕਾ ਹੈ।

ਗਾਈਡ (ਹੁਣ ਸਾਡਾ ਤਿੰਨਾਂ ਦਾ) ਅਗਲੀਆਂ ਗੁਫਾਵਾਂ ਵੱਲ ਜਾਂਦਾ-ਜਾਂਦਾ ਅਜੰਤਾ ਬਾਰੇ ਕੁਝ ਹੋਰ ਜਾਣਕਾਰੀ ਦੇਣੀ ਸ਼ੁਰੂ ਕਰਦਾ ਹੈ। ਤੀਹਾਂ ਗੁਫਾਵਾਂ ਵਿਚੋਂ ਪੰਦਰਾਂ ਅਧੂਰੀਆਂ ਹਨ। ਬਾਕੀ ਪੰਦਰਾਂ ਵਿਚੋਂ ਪੰਜ ਛੇ ਅਸੀਂ ਅਗਲੇ ਦੋ ਘੰਟਿਆਂ ਵਿਚ ਵੇਖਾਂਗੇ, ਤਾਂਕਿ ਸਾਨੂੰ ਹਰ ਪਾਸੇ ਦਾ ਮੋਟਾ-ਮੋਟਾ ਅੰਦਾਜ਼ਾ ਹੋ ਜਾਵੇ। ਤਸੱਲੀ ਨਾਲ ਸਾਰੀਆਂ ਗੁਫਾਵਾਂ ਵੇਖਣੀਆਂ ਹੋਣ ਤਾਂ ਕੁਝ ਘੰਟੇ ਨਹੀਂ, ਕੁਝ ਦਿਨ ਚਾਹੀਦੇ ਹਨ। ਪੰਜ ਗੁਫਾਵਾਂ (9, 10, 19, 26 ਤੇ 29) ਚੈਅਤਿਆ, ਯਾਨੀ ਪੂਜਾ ਮੰਦਰ ਹਨ। ਬਾਕੀ ਸਾਰੀਆਂ ਗੁਫਾਵਾਂ ਵਿਹਾਰ, ਯਾਨੀ ਧਾਰਮਿਕ ਪੜ੍ਹਾਈ ਤੇ ਰਿਹਾਇਸ਼ ਲਈ ਬਣੇ ਮੱਠ ਹਨ। ਸਾਰੀਆਂ ਗੁਫਾਵਾਂ ਬਸਾਲਟਿਕ ਚੱਟਾਨ ਦੇ ਇਸ ਪਹਾੜ ਨੂੰ ਕੱਟ ਕੇ ਬਣਾਈਆਂ ਹੋਈਆਂ ਹਨ। "ਸਾਨੂੰ ਤਾਂ ਇਹ ਗ੍ਰੇਨਾਈਟ ਵਰਗਾ ਪੱਥਰ ਹੀ ਜਾਪਦਾ ਹੈ", ਆਪਣਾ ਸੀਮਤ ਗਿਆਨ ਝਾੜਦੇ ਹੋਏ ਮੈਂ ਅਸਲ ਵਿਚ ਉਸਨੂੰ ਸਵਾਲ ਪਾਇਆ ਹੈ। "ਹਾਂਜੀ, ਆਮ ਆਦਮੀ ਨੂੰ ਇਹ ਦੋਵੇਂ ਪੱਥਰ ਇਕੋ ਜਿਹੇ ਜਾਪਦੇ ਹਨ। ਹਾਲਾਂਕਿ ਬਸਾਲਟਿਕ ਪੱਥਰ ਗ੍ਰੇਨਾਈਟ ਨਾਲੋਂ ਜ਼ਿਆਦਾ ਗੂੜ੍ਹਾ ਦਿਸਦਾ ਹੈ। ਦੋਵੇਂ ਪੱਥਰ ਧਰਤੀ ਵਿਚ ਉਪਜੀ ਤਪਸ਼ ਨਾਲ ਬਣਦੇ ਹਨ। ਪਰੰਤੂ ਇਨ੍ਹਾਂ ਦੋਵਾਂ ਦੀ ਬਣਨ ਪ੍ਰਕਿਰਿਆ ਵਿਚ ਵੱਡਾ ਫਰਕ ਇਹ ਹੈ ਕਿ ਜਦਕਿ ਗ੍ਰੇਨਾਈਟ ਧਰਤੀ ਦੇ ਹੇਠਾਂ-ਹੇਠਾਂ ਰਹਿੰਦਾ ਹੈ, ਬਸਾਲਟਿਕ ਧਰਤੀ ਤੋਂ ਬਾਹਰ ਨਿਕਲ ਆਉਂਦੇ ਲਾਵੇ ਤੋਂ ਬਣਦਾ ਹੈ।" ਮੇਰੇ ਸੁਆਲ ਦਾ ਜੁਆਬ ਦਿੰਦੇ-ਦਿੰਦੇ ਵਿੱਚੇ ਰੁਕ ਕੇ ਪਾਟਿਲ ਸਾਹਬ ਗੁਫਾ ਨੰਬਰ: 6 ਵੱਲ ਇਸ਼ਾਰਾ ਕਰ ਕੇ ਦੱਸਦੇ ਹਨ ਕਿ ਇਹ ਅਜੰਤਾ ਦੀ ਇਕੋ ਇਕ ਦੁਮੰਜ਼ਲੀ ਗੁਫਾ ਹੈ। ਪਰੰਤੂ ਰੁਕਦੇ ਉਹ ਗੁਫਾ ਨੰਬਰ: 9 ਕੋਲ ਆ ਕੇ ਹਨ। ਇਹ ਪਹਿਲੀ ਸਦੀ ਈਸਾ ਪੂਰਵ ਵਿਚ ਬਣਿਆ ਹਿਨੀਆਨ ਬੋਧੀ ਚੈਅਤਿਆ ਹੈ। ਲੰਮੇ ਹਾਲ ਦੀ ਛੱਤ ਗੋਲਾਕਾਰ ਹੈ। ਛੱਤ ਉੱਤੇ ਕੇਵਲ ਸ਼ੋਅ ਖਾਤਿਰ ਲੱਕੜ ਦੇ ਛਤੀਰੀਆਂ ਤੇ ਬਾਲੇ ਪਾਏ ਗਏ ਸਨ, ਜਿਹੜੇ ਹੁਣ ਬਚੇ ਨਹੀਂ, ਪਰੰਤੂ ਜਿਥੋਂ ਉਹ ਡਿੱਗੇ, ਓਥੇ ਮਘੋਰੇ ਦਿਖਾਈ ਦੇਂਦੇ ਹਨ। ਹਿਨੀਆਨ ਬੋਧੀ ਮੂਰਤੀ ਪੂਜਾ ਨਹੀਂ ਸਨ ਕਰਦੇ, ਇਸਲਈ ਏਥੇ ਕੋਈ ਮੂਰਤੀ ਮੌਜੂਦ ਨਹੀਂ। ਇਥੇ ਬੋਧੀ ਸਤੂਪ ਦਾ ਇਕ ਪ੍ਰਤਿਰੂਪ ਮੌਜੂਦ ਹੈ, ਤੇ ਸ਼ਰਧਾਲੂ ਇਸੇ ਨੂੰ ਮੱਥਾ ਟੇਕਦੇ ਸਨ। ਅੱਜ ਵੀ ਕੁਝ ਸ਼ਰਧਾਲੂਆਂ ਨੂੰ ਅਸੀਂ ਇਸਦੇ ਸਾਹਮਣੇ ਗੋਡਿਆਂ ਭਾਰ ਬਹਿ ਕੇ ਪੂਜਾ ਕਰਦਿਆਂ ਵੇਖ ਰਹੇ ਹਾਂ। ਇਕ ਵਿਦੇਸ਼ੀ

ਮੁਟਿਆਰ ਤਾਂ ਲੇਟ ਕੇ ਡੰਡ ਕੱਢ ਰਹੀ ਹੈ। ਹਾਂ, ਜਿਹੜੇ ਚਿੱਤਰ ਏਥੇ ਪੰਜ ਸਦੀਆਂ ਉਪਰੰਤ ਵਾਹੇ ਗਏ, ਉਨ੍ਹਾਂ ਵਿਚ ਮਹਾਤਮਾ ਬੁੱਧ ਦੀਆਂ ਤਸਵੀਰਾਂ ਜ਼ਰੂਰ ਸ਼ਾਮਲ ਹੋ ਗਈਆਂ। ਇਸਤੋਂ ਇਕ ਗੱਲ ਬਿਲਕੁਲ ਸਾਫ ਦਿਸਦੀ ਹੈ ਕਿ ਮਹਾਤਮਾ ਬੁੱਧ ਦੀ ਮੌਤ ਤੋਂ ਘੱਟੋਘੱਟ ਛੇ ਸਦੀਆਂ ਤਾਈਂ ਇਸ ਧਰਮ ਵਿਚ ਮੂਰਤੀ ਪੂਜਾ ਦਾ ਨਾਂਅ ਨਿਸ਼ਾਨ ਨਹੀਂ ਸੀ। ਮੂਰਤੀ ਪੂਜਾ, ਪੁਨਰ ਜਨਮ, ਤੰਤਰ-ਮੰਤਰ ਤੇ ਇਹੋ ਜਿਹੇ ਹੋਰ ਲੱਛਣ ਇਸ ਵਿਚ ਮਹਾਯਾਨੀ ਬੋਧੀ ਲੈ ਕੇ ਆਉਂਦੇ ਹਨ। ਇਹਦੇ ਲਈ ਕਾਫੀ ਹੱਦ ਤੀਕ ਹਿੰਦੂ ਧਰਮ ਦਾ ਮੁੜ-ਉਭਾਰ ਜ਼ਿੰਮੇਵਾਰ ਸੀ। ਇਸ ਗੁਫਾ ਵਿਚ ਕੁਝ ਦੋ-ਪਰਤੀ ਚਿੱਤਰ ਵੀ ਦਿਖਾਈ ਦੇਂਦੇ ਹਨ। ਹੇਠਾਂ ਗੁਫਾ ਦੇ ਬਣਨ ਵੇਲੇ ਦਾ ਮੌਲਿਕ ਚਿੱਤਰ ਹੈ, ਤੇ ਉਸੇ ਦੇ ਉੱਪਰ ਛੇਵੀਂ ਸਦੀ ਵਿਚ ਦੂਜਾ ਚਿੱਤਰ ਵਾਹ ਦਿੱਤਾ ਗਿਆ। ਦੋਵਾਂ ਸਮਿਆਂ ਦੇ ਚਿੱਤਰਾਂ ਵਿਚ ਰੰਗਾਂ ਦੇ ਇਸਤੇਮਾਲ, ਸ਼ੈਲੀ ਤੇ ਹੁਨਰਮੰਦੀ ਦਾ ਫਰਕ ਸਾਫ ਵੇਖਿਆ ਜਾ ਸਕਦਾ ਹੈ। ਇਸ ਗੁਫਾ-ਮੰਦਿਰ ਦੇ ਅੰਦਰ ਵਿਚਰਦੇ ਹੋਏ ਮੈਂ ਉਨ੍ਹਾਂ ਵੇਲਿਆਂ ਦੇ ਮਹਾਨ ਚਿੱਤਰਕਾਰਾਂ ਤੇ ਕਾਰੀਗਰਾਂ ਦੀ ਲਿਆਕਤ ਦੇ ਵਾਰੇ ਨਿਆਰੇ ਵੀ ਜਾ ਰਿਹਾ ਹਾਂ, ਤੇ ਧਰਮਾਂ ਦੀ ਉਤਪਤੀ/ਵਿਕਾਸ/ਨਿਘਾਰ ਬਾਰੇ ਵੀ ਮੰਥਨ ਕਰ ਰਿਹਾ ਹਾਂ, ਜਦੋਂ ਅਚਾਨਕ ਮੇਰੀ ਨਜ਼ਰ ਇਕ ਕੰਧ ਉੱਤੇ ਸੈਲਾਨੀਆਂ ਵਲੋਂ ਕੀਤੇ ਦਸਤਖਤਾਂ ਵੱਲ ਜਾਂਦੀ ਹੈ। ਪਾਟਿਲ ਸਾਹਬ ਮੇਰੀ ਨਜ਼ਰ ਅਤੇ ਚਿਹਰੇ ਤੋਂ ਨਰਾਜ਼ਗੀ ਤੇ ਗੁੱਸਾ ਪੜ੍ਹ ਲੈਂਦੇ ਹਨ, ਤੇ ਬਿਨਾ ਪੁੱਛਿਆਂ ਹੀ ਦੱਸਣਾ ਸ਼ੁਰੂ ਕਰਦੇ ਹਨ, ਕਿ ਕੁਝ ਮਜਨੂਆਂ-ਮਤਵਾਲਿਆਂ ਦਾ ਇਹ ਕਾਰਨਾਮਾ ਬਹੁਤ ਪਹਿਲਾਂ ਦਾ ਹੈ। ਹੁਣ ਤਾਂ ਅਸੀਂ ਇਸ ਵਿਰਸੇ ਨੂੰ ਬਚਾਉਣ ਦੀ ਪੂਰੀ ਕੋਸ਼ਿਸ਼ ਕਰਦੇ ਹਾਂ। ਇਨ੍ਹਾਂ ਦੀ ਸੁਰੱਖਿਆ ਲਈ ਗਾਰਡ ਵੀ ਤੈਨਾਤ ਹਨ, ਜੰਗਲੇ ਵੀ ਲਾਏ ਹਨ, ਤਾਂਕਿ ਲੋਕ ਤਸਵੀਰਾਂ ਨੂੰ ਨੇੜੇ ਜਾ ਕੇ ਛੂਹ ਨਾ ਸਕਣ। ਫੇਰਵੀ ਲੋਕਾਂ ਦੀ ਆਵਾਜਾਈ ਨਾਲ ਤਸਵੀਰਾਂ ਖਰਾਬ ਹੋ ਰਹੀਆਂ ਹਨ। ਏਨੇ ਲੋਕਾਂ ਵਲੋਂ ਗੁਫਾ ਦੇ ਅੰਦਰ ਆ ਕੇ ਸਾਹ ਲੈਣਾ ਵੀ ਤਸਵੀਰਾਂ ਲਈ ਗਵਾਰਾ ਨਹੀਂ। ਚਲੋ ਆਪਾਂ ਵੀ ਬਾਹਰ ਚਲੀਏ! ਪਾਟਿਲ ਸਾਹਬ ਅਗਲੀ ਗੁਫਾ ਨੰਬਰ: 10 ਦੇ ਅੰਦਰ ਨਹੀਂ ਲੈ ਕੇ ਜਾਂਦੇ, ਬਸ ਸਰਸਰੀ ਜਿਹਾ ਦੱਸਦੇ ਹਨ ਕਿ ਇਹ ਅਜੰਤਾ ਦੀ ਸਭ ਤੋਂ ਪੁਰਾਣੀ ਗੁਫਾ ਹੈ, ਈਸਾ ਤੋਂ 200 ਵਰ੍ਹੇ ਪੂਰਵ ਦੀ ਬਣੀ ਹੋਈ। ਇਹੋ ਹੀ ਇਥੋਂ ਦਾ ਸਭ ਤੋਂ ਵੱਡਾ ਚੈਅਤਿਆ ਵੀ ਹੈ। ਤੇ ਇਹੋ ਉਹ ਗੁਫਾ ਹੈ, ਜਿਸ ਉੱਤੇ ਜੌਹਨ ਸਮਿੱਥ ਦੀ ਸਭ ਤੋਂ ਪਹਿਲਾਂ ਨਿਗਾਹ ਪਈ ਸੀ। ਇਸਦੇ ਅੰਦਰ ਇਕ ਸਤੰਭ ਉੱਤੇ ਜੌਹਨ ਸਮਿੱਥ ਨੇ ਦਸਤਖਤ ਵੀ ਕੀਤੇ ਹੋਏ ਹਨ।

ਅਸੀਂ ਗੁਫਾ ਨੰਬਰ: 16 ਮੂਹਰੇ ਆ ਰੁਕੇ ਹਾਂ। ਇਹ ਅਜੰਤਾ ਦਾ ਸਭ ਤੋਂ ਵੱਡਾ ਵਿਹਾਰ ਹੈ। ਇਸ ਗੁਫਾ ਦੀ ਮਹੱਤਤਾ ਇਸਲਈ ਵੀ ਹੈ ਕਿ ਏਥੇ ਇਸਦੇ ਘੜਨ ਇਤਿਹਾਸ ਬਾਰੇ ਸ਼ਿਲਾਲੇਖ ਮੌਜੂਦ ਹੈ। ਇਹ ਗੁਫਾ ਵਾਕਾਟਕ ਰਾਜੇ ਹਰੀਸ਼ੇਨ ਦੇ ਵਜ਼ੀਰ ਵਰਾਹਦੇਵ ਨੇ ਪੰਜਵੀਂ ਸਦੀ ਈਸਵੀ ਵਿਚ ਬਣਵਾਈ। ਏਥੇ ਵੀਹਾਂ ਪੀਲਪਾਵਿਆਂ ਉੱਤੇ ਖੜੋਤਾ ਹਾਲ ਹੈ, ਜਿਸਦੇ ਪਾਸਿਆਂ ’ਤੇ 14 ਰਿਹਾਇਸ਼ੀ ਕੋਠੜੀਆਂ ਹਨ। ਜਦੋਂ ਅਸੀਂ ‘ਪੀਲਪਾਵਿਆਂ ’ਤੇ ਖੜੋਤਾ’ ਆਖਦੇ ਹਾਂ, ਤਾਂ ਅਸਲ ਵਿਚ ਅਸੀਂ ਗਲਤ ਗੱਲ ਆਖਦੇ ਹਾਂ। ਅਜੰਤਾ ਜਾਂ ਏਲੋਰਾ ਵਿਚ ਸਾਰੀਆਂ ਗੁਫਾਵਾਂ ਅਸਲ ਵਿਚ ਇਕਪੱਥਰੀ ਹਨ। ਛੱਤ ਅਤੇ ਪੀਲਪਾਵੇ ਇਕੋ ਪੱਥਰ ਵਿਚੋਂ ਘੜੇ ਹੋਏ ਹਨ, ਉਨ੍ਹਾਂ ਨੂੰ ਛੱਤ ਦੇ ਸਹਾਰੇ ਲਈ ਅਲੱਗ ਤੌਰ ’ਤੇ ਖੜ੍ਹਾ ਨਹੀਂ ਕੀਤਾ ਗਿਆ। ਛੱਤ ਉੱਤੇ ਦਿਖਾਵੇ ਖਾਤਿਰ ਸ਼ਤੀਰੀਆਂ, ਬਾਲੇ ਵੀ ਪਾਏ ਗਏ ਹਨ, ਜਿਹੜੇ ਹੈਨ ਤਾਂ ਉਸੇ ਪੱਥਰ ’ਚੋਂ ਘੜੇ ਹੋਏ, ਪਰੰਤੂ ਭੁਲੇਖਾ ਲੱਕੜੀ ਦਾ ਪਾਉਂਦੇ ਹਨ। ਜਿਥੇ ਜਾ ਕੇ ਸ਼ਤੀਰੀਆਂ ਕੰਧਾਂ ਵਿਚ ਟਿਕਦੀਆਂ ਹਨ, ਉਥੇ ਗਣਾਂ ਤੇ ਗੰਧਰਵਾਂ ਦੀਆਂ ਮੂਰਤੀਆਂ ਇੰਝ ਬਣਾਈਆਂ ਗਈਆਂ ਹਨ, ਜਿਵੇਂ ਸ਼ਤੀਰੀਆਂ ਉਨ੍ਹਾਂ ਨੇ ਚੁੱਕੀਆਂ ਹੋਈਆਂ ਹੋਣ! ਇਨ੍ਹਾਂ ਦੇ ਹਾਵ-ਭਾਵ ਵੱਖੋ-ਵੱਖਰੇ ਹਨ: ਕੁਝ ਭਾਰ ਥੱਲੇ ਦੱਬੇ ਮਹਿਸੂਸ ਕਰਦੇ ਹਨ, ਕੁਝ ਗੰਭੀਰ ਮੁਦਰਾ ਵਿਚ ਹਨ, ਕੁਝ ਇਸਨੂੰ ਭਾਰ ਹੀ ਨਹੀਂ ਸਮਝਦੇ, ਤੇ ਕੁਝ ਇਸ ਭਾਰ ਨੂੰ ਚੁੱਕਣ ਦਾ ਜਿਵੇਂ ਮਜ਼ਾ ਲੈ ਰਹੇ ਹੋਣ! ਇਨ੍ਹਾਂ ਨੂੰ ਵੇਖ ਕੇ ਮੈਂ ਸੋਚ ਰਿਹਾ ਹਾਂ ਕਿ ਕਿੰਨਾ ਵੱਡਾ ਜੀਵਨ ਫਲਸਫਾ ਇਨ੍ਹਾਂ ਰਾਹੀਂ ਦਰਸਾਇਆ ਹੈ ਬੁੱਤਘਾੜੇ ਨੇ! ਅਸੀਂ ਅਕਸਰ ਵੇਖਦੇ ਹਾਂ ਕਿ ਇਕੋ ਜਿਹੇ ਹਾਲਾਤ ਨੂੰ ਜੁਦੇ-ਜੁਦੇ ਲੋਕ ਕਿਵੇਂ ਆਪੋ-ਆਪਣੇ ਢੰਗ ਨਾਲ ਲੈਂਦੇ ਹਨ! ਗੁਫਾ ਦੀ ਛੱਤ ਬਿਲਕੁਲ ਸ਼ਾਮਿਆਨੇ ਵਰਗੀ ਲਗਦੀ ਹੈ, ਜਿਸ ਵਿਚ ਜਿਵੇਂ ਵਗਦੀ ਹਵਾ ਨਾਲ ਵਲ਼ ਵੀ ਪਏ ਹੋਏ ਹੋਣ! ਬੁੱਧ ਦੀ ਮੂਰਤੀ ਪ੍ਰਾਲੰਭਪਾਦ ਮੁਦਰਾ ਵਿਚ ਹੈ, ਜਿਸਦੇ ਦੋਵੀਂ ਪਾਸੀਂ ਬੋਧੀਸਤਵ ਚੌਰ ਝੁਲਾ ਰਹੇ ਹਨ। ਕੰਧਾਂ ਉੱਤੇ ਬੁੱਧ ਦੇ ਪਹਿਲੇ ਜਨਮਾਂ ਨੂੰ ਦਰਸਾਂਦੇ ਚਿੱਤਰ ਬਹੁਤ ਆਹਲਾ ਕਿਸਮ ਦੇ ਹਨ। ਇਸ ਗੁਫਾ ਦੀ ਸਭ ਤੋਂ ਮਹੱਤਵਪੂਰਨ ਤਸਵੀਰ ਹੈ ਆਖਰੀ ਸਾਹਾਂ ’ਤੇ ਆਈ ਰਾਜਕੁਮਾਰੀ ਦੀ। ਜਦੋਂ ਮਹਾਤਮਾ ਬੁੱਧ ਦੇ ਭਰਾ ਨੰਦ ਉੱਤੇ ਦਬਾਅ ਪਾ ਕੇ ਉਸਨੂੰ ਭਿਕਸ਼ੂ ਬਣਾ ਲਿਆ ਜਾਂਦਾ ਹੈ, ਤਾਂ ਉਸਦੀ ਬੀਵੀ ਤੋਂ ਇਹ ਖ਼ਬਰ ਸਹਿ ਨਹੀਂ ਹੁੰਦੀ। ਅਜਿਹੀ ਤਸਵੀਰ ਅਸੀਂ ਪਹਿਲਾਂ ਗੁਫਾ ਨੰਬਰ: 1 ਵਿਚ ਵੀ ਵੇਖ ਚੁੱਕੇ ਹਾਂ, ਪਰੰਤੂ ਇਹ ਤਸਵੀਰ ਉਸ ਨਾਲੋਂ ਕਿਤੇ ਬਿਹਤਰ ਜਾਪਦੀ ਹੈ। ਔਰਤ ਦਾ ਸਿਰ ਅੱਗੇ ਨੂੰ ਝੁਕਿਆ ਹੋਇਆ

ਹੈ ਤੇ ਸਾਰਾ ਸਰੀਰ ਢੈਲਾ ਪਿਆ ਹੋਇਆ ਹੈ। ਇਕ ਗੋਲੀ ਨੇ ਉਸਨੂੰ ਪਿਛਿਉਂ ਸਹਾਰਾ ਦਿੱਤਾ ਹੋਇਆ ਹੈ, ਇਕ ਹੋਰ ਗੋਲੀ ਮਰੀਜ਼ ਦਾ ਚਿਹਰਾ ਪੜ੍ਹਨ ਦੀ ਕੋਸ਼ਿਸ਼ ਕਰ ਰਹੀ ਹੈ, ਤੇ ਤੀਸਰੀ ਗੋਲੀ ਅਸਹਾਈ ਹਾਲਤ ਵਿਚ ਖੜ੍ਹੀ ਦਿਸਦੀ ਹੈ। ਦੋ ਨੌਕਰ ਹੜਬੜੀ ’ਚ ਅੰਦਰ ਵੜੇ ਹਨ, ਤੇ ਨਾਲ ਦੀ ਬਾਲਕੋਨੀ ਵਿਚ ਦੋ ਪਰੇਸ਼ਾਨ ਔਰਤਾਂ ਖੜ੍ਹੀਆਂ ਹਨ। ਇਸ ਚਿੱਤਰ ਵਿਚ ਸਾਰਾ ਮਹੌਲ ਏਨੀ ਬਾਖੂਬੀ ਚਿਤਰਿਆ ਗਿਆ ਹੈ ਕਿ ਕਲਾ-ਆਲੋਚਕ ਇਸਨੂੰ ਪ੍ਰਗਟਾਉਵਾਦ ਦੇ ਆਹਲਾ ਨਮੂਨੇ ਵਜੋਂ ਮਾਨਤਾ ਦੇਂਦੇ ਹਨ।

ਅਗਲੀ ਗੁਫਾ (ਨੰਬਰ: 17) ਦੇ ਬਾਹਰਲੇ ਦਰਵਾਜ਼ੇ ਦੇ ਉਪਰਲੇ ਲੈਂਟਰ ਉੱਤੇ ਬੁੱਧ ਦੇ ਸੱਤ ਪਹਿਲੇ ਅਵਤਾਰਾਂ ਅਤੇ ਇਕ ਭਵਿਖੀ ਅਵਤਾਰ, ਮੈਤਰਿਆ ਨੂੰ ਚਿਤ੍ਰਿਰਤ ਕੀਤਾ ਹੋਇਆ ਹੈ। ਇਸ ਮਹਾਯਾਨੀ ਵਿਹਾਰ ਦੇ ਅੰਦਰ ਸਭ ਤੋਂ ਵਧੇਰੇ ਚਿੱਤਰਾਂ ਦੀ ਨੁਮਾਇਸ਼ ਹੈ। ਲੜਾਈ ਦੇ ਦ੍ਰਿਸ਼ ਨੂੰ ਦਰਸਾਉਂਦੀ ਇਕ ਚਿੱਤਰ-ਪੱਟੀ ਵਿਚ ਔਰਤਾਂ ਦੇ ਹੱਥਾਂ ਵਿਚ ਤੀਰ ਅਤੇ ਭਾਲੇ ਵਿਖਾਏ ਗਏ ਹਨ, ਜਿਸਤੋਂ ਇਹ ਸਿੱਟਾ ਕੱਢਿਆ ਜਾਂਦਾ ਹੈ ਕਿ ਉਨ੍ਹਾਂ ਵੇਲਿਆਂ ਵਿਚ ਔਰਤਾਂ ਵੀ ਜੰਗ-ਏ-ਮੈਦਾਨ ਵਿਚ ਬਰਾਬਰ ਦਾ ਹਿੱਸਾ ਪਾਓੁਦੀਆਂ ਸਨ। ਵੀਹ ਅੱਠਭੁਜੀ ਥਮ੍ਹਲੇ ਵੀ ਪੂਰੀ ਤਰ੍ਹਾਂ ਤਸਵੀਰਕਸ਼ੀ ਨਾਲ ਭਰੇ ਹੋਏ ਹਨ। ਕਾਫੀ ਸਾਰੇ ਚਿੱਤਰ ਚੰਗੀ ਹਾਲਤ ਵਿਚ ਹਨ। ਕੁਝ ਚਿੱਤਰ ਤਾਂ ਇੰਝ ਚਮਕ ਰਹੇ ਹਨ, ਜਿਵੇਂ ਹੁਣੇ-ਹੁਣੇ ਚਿਤਰੇ ਗਏ ਹੋਣ! ਅਸੀਂ ਵੇਖਦੇ ਹਾਂ ਕਿ ਉਨ੍ਹਾਂ ਦੇ ਨੇੜੇ ਹੀ ਕੁਝ ਹੋਰ ਤਸਵੀਰਾਂ ਉੱਤੇ ਕੰਮ ਕੀਤਾ ਜਾ ਰਿਹਾ ਹੈ। "ਕੀ ਇਹ ਮੁੜ ਬਹਾਲੀ ਦਾ ਕੰਮ ਹੋ ਰਿਹੈ?" ਅਸੀਂ ਉਤਸੁਕਤਾ ਭਰਿਆ ਸਵਾਲ ਕਰਦੇ ਹਾਂ। "ਨਹੀਂ, ਅਜੰਤਾ ਵਿਚ ਮੁੜ ਬਹਾਲੀ ਦਾ ਕੰਮ ਨਹੀਂ ਕੀਤਾ ਜਾ ਰਿਹਾ, ਏਥੇ ਸਿਰਫ ਸੰਭਾਲ ਦਾ ਕੰਮ ਕੀਤਾ ਜਾ ਰਿਹੈ। ਮਾਹਰਾਂ ਨੇੇ ਸਿਰਫ ਚਿੱਤਰਾਂ ਦੇ ਉੱਪਰ ਜੰਮੀ ਹੋਈ ਪ੍ਰਦੂਸ਼ਣ ਦੀ ਪਰਤ ਹਟਾਈ ਹੈ, ਤੇ ਹੇਠੋਂ ਇੱਦਾਂ ਦੀਆਂ ਸੱਜਰੀਆਂ ਤਸਵੀਰਾਂ ਨਿਕਲ ਆਈਆਂ ਹਨ। ਇਸਤੋਂ ਬਾਅਦ ਅਸੀਂ ਗੁਫਾ ਨੰਬਰ: 19 ਵੇਖਦੇ ਹਾਂ। ਇਹ ਮਹਾਯਾਨੀ ਚੈਅਤਿਆ ਹੈ। ਇਸਦਾ ਮੱਥਾ ਕਮਾਲ ਦਾ ਹੈ; ਇਹੋ ਜਿਹਾ ਅਸੀਂ ਪਹਿਲਾਂ ਨਾ ਏਥੇ ਵੇਖਿਐ ਤੇ ਨਾ ਹੀ ਏਲੋਰਾ ਵਿਚ! ਦਰਵਾਜ਼ੇ ਦੇ ਦੋਵੀਂ ਪਾਸੀਂ ਗੋਲ ਪੀਲਪਾਵੇ, ਉੱਪਰਲੇ ਪਾਸੇ ਏਨੀ ਹੀ ਵੱਡੀ ਗੋਲਾਕਾਰ ਖਿੜਕੀ, ਬਾਕੀ ਸਾਰਾ ਮੱਥਾ ਵੱਡੀਆਂ-ਨਿੱਕੀਆਂ ਮੂਰਤੀਆਂ ਨਾਲ ਭਰਿਆ ਹੋਇਆ। ਅੰਦਰ ਗੋਲ ਪੀਲਵਾਵਿਆਂ ਉੱਤੇ ਗੋਲਾਕਰ ਛੱਤ ਹੈ, ਤੇ ਵਰਾਂਡੇ ਦੇ ਅਖੀਰ ਨੂੰ ਵੀ ਗੋਲਾਈ ਦਿੱਤੀ ਗਈ ਹੈ। ਅਖੀਰ ਵਿਚ ਫਰਸ਼

ਤੋਂ ਛੱਤ ਤੱਕ ਉੱਚਾ ਸਤੂਪ ਹੈ, ਸਤੂਪ ਦੇ ਉੱਤੇ ਮਹਾਤਮਾ ਬੁੱਧ ਦੀ ਦਿਓਕੱਦ ਮੂਰਤੀ ਉਕਰੀ ਹੋਈ ਹੈ। ਇਸ ਗੁਫਾ ਵਿਚ ਆਵਾਜ਼ ਦੀ ਕੰਪਨ ਤੇ ਗੂੰਜ ਅਜਿਹੀ ਹੈ ਕਿ ਜਦੋਂ ਏਥੇ ਮੰਤਰ ਪੜ੍ਹੇ ਜਾਂਦੇ ਸਨ, ਤਾਂ ਉਨ੍ਹਾਂ ਦਾ ਅਲੋਕਾਰੀ ਪ੍ਰਭਾਵ ਪੈਂਦਾ ਸੀ। ਇਸਤੋਂ ਬਾਅਦ ਇਕ ਪਤਲਾ ਜਿਹਾ ਪੁਲ ਪਾਰ ਕਰ ਕੇ ਅਤੇ ਕਈ ਪੌੜੀਆਂ ਚੜ੍ਹ-ਉਤਰ ਕੇ ਅਸੀਂ ਸਿੱਧੇ ਗੁਫਾ ਨੰਬਰ: 26 ਵਿਚ ਪਹੁੰਚ ਜਾਂਦੇ ਹਾਂ। ਇਹ ਮਹਾਯਾਨ ਚੈਅਤਿਆ ਹੈ। ਇਥੇ ਚਿੱਤਰਕਾਰੀ ਘੱਟ, ਤੇ ਬੁੱਤ-ਤਰਾਸ਼ੀ ਵਧੇਰੇ ਹੈ। ਅੰਦਰ ਵੜਦਿਆਂ ਹੀ ਸਭ ਤੋਂ ਪਹਿਲਾਂ ਸਾਡਾ ਧਿਆਨ ਲੇਟੇ ਹੋਏ ਮਹਾਤਮਾ ਬੁੱਧ ਦੀ ਅੱਠ ਮੀਟਰ ਲੰਮੀ ਮੂਰਤੀ ਵੱਲ ਜਾਂਦਾ ਹੈ। ਇਸ ਮੁਦਰਾ ਨੂੰ ਮਹਾਪਰਿਨਿਰਵਾਨ ਆਖਿਆ ਜਾਂਦਾ ਹੈ। ਆਪਣਾ ਸੱਜਾ ਹੱਥ ਸਿਰ ਹੇਠਾਂ ਰੱਖ ਕੇ ਪਾਸਾ ਵੱਟੀ ਪਿਆ, ਮੁਸਕਰਾਂਦਾ ਹੋਇਆ ਮਹਾਤਮਾ ਬੁੱਧ ਨਿਰਵਾਣ ਪ੍ਰਾਪਤ ਕਰਨ ਲਈ ਤਿਆਰ ਹੈ। ਇਸ ਗੁਫਾ ਵਿਚ ਜੰਗਲਾ ਨਹੀਂ ਲੱਗਿਆ ਹੋਇਆ; ਇਸਲਈ ਇਸਦੀ ਪਰਿਕਰਮਾ ਕਰਨੀ ਸੰਭਵ ਹੈ। ਪਰਿਕਰਮਾ ਪੂਰੀ ਕਰਨ ਤੋਂ ਬਾਅਦ ਬਾਹਰ ਆਉਂਦੇ ਹਾਂ ਤਾਂ ਗਾਈਡ ਆਖਦਾ ਹੈ ਕਿ ਇਸ ਗੁਫਾ ਵਿਖਾਣ ਦੇ ਨਾਲ ਹੀ ਉਸਦਾ ਕੰਮ ਖਤਮ ਹੋ ਗਿਐ; ਫੇਰਵੀ ਜੇ ਕੋਈ ਸਵਾਲ ਹੋਵੇ ਤਾਂ ਪੁੱਛ ਲਵੋ। ਸਾਡਾ ਸਾਥੀ ਸਿਰੀਰਾਮ ਸਵਾਲ ਪੁੱਛਦਾ ਹੈ ਕਿ ਅਜੰਤਾ ਦੇ ਨਾਂਅ ਦਾ ਪਿਛੋਕੜ ਕੀ ਹੈ। ਜੁਆਬ ਵਿਚ ਗਾਈਡ ਦੱਸਦਾ ਹੈ ਕਿ ਇਥੋਂ ਬਾਰਾਂ ਕੁ ਕਿਲੋਮੀਟਰ ਦੂਰ ਪਿੰਡ 'ਅਜਿੰਠਾ' ਹੈ, ਉਸੇ ਤੋਂ ਇਨ੍ਹਾਂ ਗੁਫਾਵਾਂ ਦਾ ਨਾਂਅ ਆਇਆ ਜਾਪਦਾ ਹੈ। ਤੇ ਅਗਲਾ ਸਵਾਲ ਰੀਟਾ ਅਜੰਤਾ ਦੇ ਓਸ ਪ੍ਰਤਿਰੂਪ ਬਾਰੇ ਪੁੱਛਦੀ ਹੈ, ਜਿਹਦੀ ਖ਼ਬਰ ਨੇ ਸਾਨੂੰ ਇਸਦੀ ਸੈਰ ਲਈ ਉਕਸਾਇਆ ਸੀ। ਜੁਆਬ ਤੋਂ ਪਤਾ ਲਗਦਾ ਹੈ ਕਿ ਕਾਰ ਪਾਰਕਿੰਗ ਨੇੜੇ 11 ਕਰੋੜ ਦੀ ਲਾਗਤ ਨਾਲ ਬਣਿਆ ਚਾਰ ਗੁਫਾਵਾਂ (ਨੰਬਰ 1, 2, 16 ਤੇ 17) ਦਾ ਇਹ ਪ੍ਰਤਿਰੂਪ ਲਗਭਗ ਤਿਆਰ ਹੈ। (ਸਾਡੀ ਏਸ ਫੇਰੀ ਤੋਂ ਅੱਠ ਮਹੀਨੇ ਬਾਅਦ, ਯਾਨੀ 16 ਸਿਤੰਬਰ 2013 ਨੂੰ ਇਸ ਪ੍ਰਤਿਰੂਪ ਦਾ ਉਦਘਾਟਨ ਹੋ ਗਿਆ।) ਪ੍ਰਸ਼ਾਸਨ ਦਾ ਸੁਝਾਅ ਹੈ ਕਿ ਆਮ ਸੈਲਾਨੀਆਂ ਨੂੰ ਅਸਲੀ ਗੁਫਾਵਾਂ ਤਾਈਂ ਆਉਣ ਤੋਂ, ਜਿਥੋਂ ਤੱਕ ਹੋ ਸਕੇ, ਵਰਜਿਆ ਜਾਵੇ। ਪ੍ਰਤਿਰੂਪ ਵਿਚ ਜਿੰਨਾ ਮਰਜ਼ੀ ਸਮਾਂ ਬਿਤਾ ਕੇ ਸੈਲਾਨੀ ਚਿੱਤਰਾਂ ਦਾ ਅਧਿਅਨ ਕਰ ਸਕਦਾ ਹੈ, ਤੇ ਫੇਰ ਜੇ ਲੋੜ ਸਮਝੇ ਤਾਂ ਹੀ ਅਸਲੀ ਗੁਫਾਵਾਂ ਵੇਖਣ ਆਵੇ। ਟੂਰਿਸਟਾਂ ਵਲੋਂ ਸਾਹ ਰਾਹੀਂ ਛੱਡੀ ਜਾਂਦੀ ਕਾਰਬਨ ਡਾਇਆਕਸਾਈਡ ਨਾਲ ਅਸਲੀ ਚਿੱਤਰਾਂ ਦਾ ਜਿਹੜਾ ਨੁਕਸਾਨ ਹੁੰਦਾ ਹੈ, ਉਹ ਕਾਫੀ ਹੱਦ ਤੀਕ ਘਟੇਗਾ। ਹਾਲੇ ਤਾਂ ਸੈਲਾਨੀਆਂ ਦੀ

ਸੰਖਿਆ ਘਟਾਉਣ ਦਾ ਹੀ ਸੁਝਾਅ ਹੈ, ਬਾਅਦ ਵਿਚ ਇਨ੍ਹਾਂ ਚਾਰ ਗੁਫਾਵਾਂ ਨੂੰ ਬੰਦ ਵੀ ਕੀਤਾ ਜਾ ਸਕਦਾ ਹੈ। ਗਾਈਡ ਨੇ ਆਪਣੀ ਗੱਲ ਮੁਕਾਈ ਤਾਂ ਅਸੀਂ ਉਸਦੀ ਪੂਰੀ ਫੀਸ ਚੁਕਾ ਦਿੱਤੀ। ਸਿਰੀਰਾਮ ਨੇ ਆਪਣਾ ਹਿੱਸਾ ਉਸ ਵਿਚ ਵਾਧੂ ਜੋੜ ਦਿੱਤਾ। ਅਸੀਂ ਗਾਈਡ ਤੋਂ ਖੁਸ਼ ਸਾਂ। ਗਾਈਡ ਸਾਡੇ ਤੋਂ ਖੁਸ਼ ਸੀ।

ਆਪਣੀ ਗਾਈਡ-ਪੁਸਤਕ ਵਿਚ ਅਸੀਂ ਪੜ੍ਹਿਆ ਸੀ ਕਿ ਅਜੰਤਾ ਤੋਂ ਔਰੰਗਾਬਾਦ ਦੀ ਸੜਕ ਉੱਤੇ ਜਾਂਦਿਆਂ ਦਸ ਕੁ ਕਿਲੋਮੀਟਰ ਦੂਰ ਗੁਫਾਵਾਂ ਨੂੰ ਵੇਖਣ ਲਈ 'ਵਿਊ ਪੁਆਇੰਟ' ਬਣਾਇਆ ਹੋਇਆ ਹੈ। ਇਹ ਉਹ ਸਥਾਨ ਹੈ, ਜਿਥੋਂ ਜੌਹਨ ਸਮਿੱਥ ਨੂੰ ਇਨ੍ਹਾਂ ਗੁਫਾਵਾਂ ਦੀ ਪਹਿਲੀ ਝਲਕ ਦਿਸੀ ਸੀ। ਅਸੀਂ ਅਬਦੁਲ ਅਜੀਜ਼ ਨੂੰ ਉਥੇ ਚਲਣ ਲਈ ਆਖਦੇ ਹਾਂ, ਤਾਂ ਉਹ ਦੱਸਦਾ ਹੈ ਕਿ ਅਸਲ ਵਿਚ ਇਹ ਸਥਾਨ ਸੜਕ ਤੋਂ ਅੱਠ-ਦਸ ਕਿਲੋਮੀਟਰ ਹਟਵਾਂ ਹੈ; ਇਸ ਵਾਧੂ ਸਫਰ ਦੇ ਮਾਲਕ ਹੋਰ ਪੈਸੇ ਮੰਗੇਗਾ। "ਬਣਦੇ ਹੋਣਗੇ ਤਾਂ ਦਵਾਂਗੇ, ਬਾਰ-ਬਾਰ ਥੋੜ੍ਹੀਂ ਆਇਆ ਜਾਂਦਾ!" ਤੇ ਵਿਓੁ ਪੁਆਇੰਟ ’ਤੇ ਪਹੁੰਚ ਕੇ ਇਸ ਗੱਲ ਦੀ ਪੁਸ਼ਟੀ ਝੱਟ ਹੋ ਜਾਂਦੀ ਹੈ ਕਿ ਸਾਡਾ ਫੈਸਲਾ ਕਿੰਨਾ ਸਹੀ ਸੀ! ਜਿਹੜੀ ਝਲਕ ਗੁਫਾਵਾਂ ਦੀ ਅਸੀਂ ਇਥੋਂ ਵੇਖੀ, ਉਹ ਸਾਨੂੰ ਸੰਮੋਹਿਤ ਕਰਨ ਲਈ ਕਾਫੀ ਸੀ! ਪਹਾੜੀ ਨੂੰ ਕੱਟ ਕੇ ਖੁਰੀ ਦੀ ਸ਼ਕਲ ਵਿਚ ਇਕ ਕਤਾਰ ਵਿਚ ਬਣਾਈਆਂ ਹੋਈਆਂ ਗੁਫਾਵਾਂ ਹੁਣ ਪੂਰੀਆਂ ਦੀਆਂ ਪੂਰੀਆਂ ਵਿਖਾਈ ਦੇ ਰਹੀਆਂ ਸਨ। ਅਸੀਂ ਪਹਾੜੀ ਦੇ ਇਧਰਲੇ ਸਿਰੇ ’ਤੇ ਖੜੋਤੇ ਸਾਂ, ਜਿਹੜਾ ਗੁਫਾਵਾਂ ਤੋਂ ਉੱਚੀ ਥਾਂ ’ਤੇ ਹੈ। ਇਥੋਂ ਪੰਛੀ-ਉਡਾਰੀ ਦੂਰੀ ਹੋਵੇਗੀ ਮਹਿਜ਼ ਇਕ ਕਿਲੋਮੀਟਰ। ਵਿਚਕਾਰ ਖਾਈ ਹੋਣ ਕਰਕੇ ਸਾਡੀਆਂ ਅੱਖਾਂ ਤੇ ਗੁਫਾਵਾਂ ਵਿਚਾਲੇ ਕੋਈ ਰੁਕਾਵਟ ਨਹੀਂ। ਤੇ ਗੁਫਾਵਾਂ ਦੀ ਜਿਹੋ ਜਿਹੀ ਝਲਕ ਇਥੋਂ ਦਿਸਦੀ ਹੈ, ਹੋਰ ਕਿਤਿਉਂ ਨਹੀਂ ਦਿਸ ਸਕਦੀ! ਇਹੋ ਜਿਹਾ ਝਾਕੀ-ਝਾਤ ਸਥੱਲ ਹੀ ਆਪਣੇ ਆਪ ਵਿਚ ਵਿਲੱਖਣ ਹੈ। ਮੈਂ ਤਾਂ ਇਸ ਤੋਂ ਪਹਿਲਾਂ ਕੋਈ ਅਜਿਹਾ ਸਥੱਲ ਨਹੀਂ ਵੇਖਿਆ ਜਿਥੋਂ ਕਿਸੇ ਏਨੇ ਵੱਡੇ ਅਜੂਬੇ ਦੀ ਪੂਰੀ ਦੀ ਪੂਰੀ ਪੰਛੀ-ਝਾਤ ਵੇਖੀ ਜਾ ਸਕੇ! ਸਾਡਾ ਡਰਾਈਵਰ ਦੱਸਦਾ ਹੈ ਕਿ ਕਈ ਲੋਕ ਇਥੋਂ ਸਿੱਧਾ ਵੀ ਹੇਠਾਂ ਗੁਫਾਵਾਂ ਤੱਕ ਉਤਰ ਜਾਂਦੇ ਹਨ। ਅੱਧਾ ਕੁ ਘੰਟਾ ਲਗਦੈ। ਗੁਫਾਵਾਂ ਦੀਆਂ ਫੋਟੋਆਂ ਦੀ ਸਾਡੀ ਐਲਬਮ ਵੀ ਅਸਲ ਵਿਚ ਇਥੋਂ ਖਿੱਚੀਆਂ ਫੋਟੋਆਂ ਨੂੰ ਨਾਲ ਮਿਲਾ ਕੇ ਹੀ ਪੂਰੀ ਹੋਈ ਹੈ। ਹਰ ਸੰਭਵ ਕੋਨੇ ਤੋਂ ਗੁਫਾਵਾਂ ਵੇਖ ਲਈਆਂ ਹਨ। ਹੁਣ ਹੋਰ ਕੋਈ ਤਮੰਨਾ ਬਾਕੀ ਨਹੀਂ। ਇਹੋ ਇਹਸਾਸ ਮਨੀਂ ਵਸਾਈ ਮੁੜ ਕਾਰ ਵਿਚ ਆ ਬੈਠਦੇ ਹਾਂ।

ਤਿੰਨ-ਚਾਰ ਕਿਲੋਮੀਟਰਾਂ ਬਾਅਦ ਇਕ ਨਿੱਕੇ ਜਿਹੇ ਪਿੰਡ ਵਿਚ ਡਰਾਈਵਰ ਕਾਰ ਰੋਕਦਾ ਹੈ ਤੇ ਬੇਨਤੀ ਦੇ ਲਹਿਜ਼ੇ ਵਿਚ ਆਖਦਾ ਹੈ ਕਿ ਉਹ ਸਾਹਮਣੇ ਦਿਸਦੀ ਮਸਜਿਦ ਵਿਚ ਜਾ ਕੇ ਨਮਾਜ਼ ਪੜ੍ਹਨੀ ਚਾਹੁੰਦਾ ਹੈ। ਉਹ ਚਲੇ ਜਾਂਦਾ ਹੈ ਤਾਂ ਅਸੀਂ ਸੜਕ ਕਿਨਾਰੇ ਖੜ੍ਹੇ-ਖੜ੍ਹੇ ਹੀ ਪਿੰਡ ਦਾ ਮੁਆਇਨਾ ਕਰਦੇ ਹਾਂ। ਅੱਧੇ ਕੱਚੇ, ਅੱਧੇ ਪੱਕੇ ਘਰ ਹਨ। ਕਿਤੇ ਕੋਈ ਬੱਕਰੀ ਬੱਝੀ ਹੋਈ ਹੈ ਤੇ ਕਿਤੇ ਮੁਰਗੀਆਂ ਚੋਗਾ ਚੁਗ ਰਹੀਆਂ ਹਨ। ਇਕ ਮੁਟਿਆਰ ਕੁੱਛੜ ਨਿਆਣਾ ਚੁੱਕੀ-ਚੁੱਕੀ ਘਰ ਦੇ ਬਾਹਰ ਕੱਚੀ ਥਾਂ ਵਿਚ ਬੁਹਾਰੀ ਫੇਰ ਰਹੀ ਹੈ। ਪੰਜ ਸੱਤ ਔਰਤਾਂ ਸਿਰ ’ਤੇ ਪਾਣੀ ਦੀਆਂ ਗਾਗਰਾਂ ਚੁੱਕੀ ਸੜਕੇ-ਸੜਕੇ ਆ ਰਹੀਆਂ ਹਨ। ਸਾਰੇ ਮਹੌਲ ਤੋਂ ਮੈਨੂੰ ਇਹ ਪਿੰਡ ਚਾਲੀ-ਪੰਜਾਹ ਵਰ੍ਹੇ ਪਹਿਲਾਂ ਦੇ ਆਪਣੇ ਪਿੰਡ ਵਰਗਾ ਲਗਦਾ ਹੈ। ਪੰਜਾਹਵਿਆਂ ’ਚ ਬਣੀਆਂ ਫਿਲਮਾਂ ਵਿਚ ਇਹੋ ਜਿਹੇ ਪਿੰਡ ਵਿਖਾਏ ਜਾਂਦੇ ਸਨ! ਜਿਹੜੇ ਵਿਸ਼ਵੀਕਰਨ ਦਾ ਅਸੀਂ ਏਨਾ ਰੌਲਾ ਪਾਉਂਦੇ ਹਾਂ, ਉਸਤੋਂ ਇਹ ਪਿੰਡ ਅਜੇ ਵੀ ਅਭਿਜ ਜਾਪ ਰਿਹਾ ਹੈੈ!

ਨਮਾਜ਼ੇ ਦੀਗਰ ਪੜ੍ਹ ਕੇ ਅਬਦੁਲ ਅਜੀਜ਼ ਜਲਦੀ ਵਾਪਸ ਆ ਗਿਆ ਹੈ। ਹੁਣ ਉਹ ਕਾਰ ਵਾਪਸ ਔਰੰਗਾਬਾਦ ਵੱਲ ਭਜਾਈ ਲਿਜਾ ਰਿਹਾ ਹੈ। ਮੈਂ ਰੀਟਾ ਨੂੰ ਕਹਿ ਰਿਹਾਂ ਕਿ ਵਾਪਸ ਜਾਣ ਨੂੰ ਜੀਅ ਨਹੀਂ ਕਰ ਰਿਹਾ। ਇੰਝ ਮਹਿਸੂਸ ਹੋ ਰਿਹੈ ਜਿਵੇਂ ਅਧੁਨਿਕਤਾ ਦੀ ਪ੍ਰਤੀਕ ਇਹ ਕਾਰ ਸਾਨੂੰ ਸਾਡੇ ਵਿਰਸੇ ਤੋਂ ਦੂਰ ਭਜਾਈ ਲਿਜਾ ਰਹੀ ਹੋਵੇ! ਪਰੰਤੂ ਰੀਟਾ ਦੇ ਚਿਹਰੇ ’ਤੇ ਸਕੂਨ ਤੇ ਤਸੱਲੀ ਦੀ ਝਲਕ ਹੈ। ਇਸ ਵਿਰਸੇ ਨੂੰ ਤੱਕਣ ਦੀ ਉਸਦੀ ਚਿਰੋਕਣੀ ਰੀਝ ਪੂਰੀ ਹੋ ਗਈ ਹੈ। ਤੇ ਆਭਾਰ ਜਤਾਉਣ ਲਈ ਜਿਵੇਂ ਉਹ ਅਕਸਰ ਕਰਦੀ ਹੈ, ਉਸਨੇ ਮੇਰੀ ਬਾਂਹ ਵਿਚ ਬਾਂਹ ਪਾਈ ਤੇ ਦੋ ਲਫਜ਼ਾਂ ਵਿਚ ਸਭ ਕੁਝ ਕਹਿ ਦਿੱਤਾ: "ਥੈਂਕ ਯੂ!"



# 9.ਕੁਦਰਤੀ ਅਜੂਬਾ ਲੋਣਾਰ ਕਰੇਟਰ

ਪਿੰਡ ਵਾਲਾ ਸਾਡਾ ਘਰ। ਖੁੱਲ੍ਹੀ ਛੱਤ ਉੱਤੇ ਸੁੱਤੇ ਅਸੀਂ ਨਿੱਕੇ-ਨਿੱਕੇ ਬਾਲ। ਤਾਰਿਆਂ ਲੱਦੇ ਆਕਾਸ਼ ਵਿਚ ਤੇਜ਼ੀ ਨਾਲ ਵਗਦੀ ਇਕ ਰੋਸ਼ਨ ਲੀਕ ਅਕਸਰ ਦਿਸ ਪੈਂਦੀ ਸੀ। ਮਾਂ ਨੂੰ ਪੁੱਛਿਆ ਇਹ ਕੀ ਏ, ਤਾਂ ਜੁਆਬ ਮਿਲਿਆ ਕਿ "ਤਾਰਾ ਟੁੱਟਿਐ"। ਨਾਲ ਹੀ ਇਹ ਵੀ ਦੱਸਿਆ ਗਿਆ ਕਿ ਤਾਰਾ ਟੁੱਟਦਾ ਵੇਖਣਾ ਚੰਗਾ ਨਹੀਂ ਹੁੰਦਾ। ਜੇ ਵੇਖ ਲਿਐ ਤਾਂ ਇਹਦਾ ਫੌਰੀ ਤੋੜ-ਤਿਰਿਆਕ ਹੈ ਪਾਸਾ ਵੱਟ ਕੇ ਭੁੰਜੇ ਥੁੱਕ ਦੇਣਾ। ਮੈਨੂੰ ਤਾਰਾ ਟੁਟਦਾ ਵੇਖਣਾ ਚੰਗਾ ਲਗਦਾ ਸੀ। ਇਕ ਅਦਭੁਤ ਕ੍ਰਿਸ਼ਮਾ ਜਿਹਾ! ਬਾਅਦ ਵਿਚ ਜ਼ਰਾ ਜਿੰਨਾ ਥੁਕ ਦੇਣਾ ਕੋਈ ਔਖਾ ਕੰਮ ਨਹੀਂ ਸੀ ਜਾਪਦਾ! ਇਹ ਗੱਲ ਤਾਂ ਕਈ ਵਰ੍ਹੇ ਮਗਰੋਂ ਜਾ ਕੇ ਪਤਾ ਲੱਗੀ ਕਿ ਏਸੇ ਦੁਨੀਆਂ ਦੇ ਕੁਝ ਲੋਕਾਂ ਦਾ ਉਲਟਾ ਵਿਸ਼ਵਾਸ ਹੈ ਕਿ ਟੁਟਦੇ ਤਾਰੇ ਦੇ ਮੌਕੇ ਵੇਲੇ ਜਿਹੜੀ ਵੀ ਇੱਛਾ ਮਨ ਵਿਚ ਧਾਰੋ, ਉਹ ਪੂਰੀ ਹੋ ਜਾਂਦੀ ਹੈ। ਵੱਡੀ ਗੱਲ ਇਹ ਪਤਾ ਲੱਗੀ ਕਿ ਇਹ ਜੋ ਟੁਟਦਾ ਸੀ, ਉਹ ਤਾਰਾ ਸੀ ਹੀ ਨਹੀਂ, ਇਸਨੂੰ ਉਲਕਾ ਪਿੰਡ ਆਖਦੇ ਹਨ। ਪਤਾ ਲੱਗਾ ਕਿ ਪੱਥਰ ਜਾਂ ਧਾਤੂ ਦੇ ਅਣਗਿਣਤ ਨਿੱਕੇ ਵੱਡੇ ਟੁਕੜੇ ਸਾਡੇ ਪੁਲਾੜ ਵਿਚ ਘੁੰਮਦੇ ਪਏ ਨੇ। ਗਾਹੇ ਬਗਾਹੇ ਇਨਾਂ ਵਿਚੋਂ ਕੋਈ ਇਕ ਆਪਣੇ ਰਾਹ ਤੋਂ ਉੱਖੜ ਕੇ ਸਾਡੀ ਧਰਤੀ ਵੱਲ ਆ ਡਿਗਦਾ ਹੈ। ਆਮ ਬੋਲਚਾਲ ਵਿਚ ਅਸੀਂ ਇਸਨੂੰ ਟੁੱਟਦਾ ਤਾਰਾ ਆਖ ਦੇਂਦੇ ਹਾਂ, ਹਾਲਾਂਕਿ ਤਾਰਾ ਤਾਂ ਕੀ, ਇਸਨੂੰ ਤਾਂ ਉਪਗ੍ਰਹਿ ਦਾ ਰੁਤਬਾ ਦੇਣਾ ਵੀ ਸਰਾਸਰ ਗਲ਼ਤ ਹੈ। ਆਮ ਤੌਰ ’ਤੇ ਇਹ ਟੁਕੜੇ ਧਰਤੀ ਤਾਈਂ ਪੁੱਜਣ ਤੋਂ ਪਹਿਲਾਂ ਪੁਲਾੜ ਵਿਚ ਹੀ ਸੜ ਕੇ ਸੁਆਹ ਹੋ ਜਾਂਦੇ ਹਨ। ਪਰੰਤੂ ਕਦੇ ਕਦਾਈਂ, ਕੋਈ ਵਿਰਲਾ ਟਾਵਾਂ ਧਰਤੀ ਵਿਚ ਆ ਵੀ ਵੱਜਦਾ ਹੈ। ਇਸੇ ਨੂੰ ਅਸੀਂ ਉਲਕਾ ਪਿੰਡ ਆਖਦੇ ਹਾਂ। ਕਈ ਵਾਰ ਉਲਕਾ ਪਿੰਡ ਧਰਤੀ ਵਿਚ ਏਨੀ ਜ਼ੋਰ ਨਾਲ ਆ ਕੇ ਵੱਜਦਾ ਹੈ, ਕਿ ਧਰਤੀ ਵਿਚ ਵੱਡਾ ਟੋਆ ਪੁੱਟਿਆ ਜਾਂਦਾ ਹੈ। ਕਦੇ-ਕਦੇ ਖੂਹ ਵਾਂਗ ਇਸ ਟੋਏ ਵਿਚੋਂ ਪਾਣੀ ਵੀ ਨਿਕਲ ਆਂਦਾ ਹੈ। ਕਈ ਟੋਏ ਮੀਂਹ ਨਾਲ ਜਾਂ ਆਲੇ ਦੁਆਲੇ ਦੇ ਚਸ਼ਮਿਆਂ, ਝਰਨਿਆਂ ’ਚੋਂ ਵਗਦੇ ਪਾਣੀ ਨਾਲ ਵੀ ਭਰ ਜਾਂਦੇ ਹਨ। ਕਈ ਸੁੱਕੇ ਵੀ ਰਹਿ ਜਾਂਦੇ ਹਨ। ਅਜਿਹੇ ਖੱਡਿਆਂ ਨੂੰ ਕਰੇਟਰ ਆਖਦੇ ਹਨ। ਫੇਰ ਪਤਾ ਲੱਗਾ ਕਿ ਖੁਦ ਸਾਡੇ ਦੇਸ਼ ਵਿਚ ਹੀ ਚਾਰ ਕਰੇਟਰਾਂ ਬਾਰੇ ਜਾਣਕਾਰੀ ਮੌਜੂਦ ਹੈ। ਇਹ ਹਨ ਮੱਧ ਪ੍ਰਦੇਸ਼ ਵਿਚ ਢਾਲਾ ਕਰੇਟਰ, ਮੁੰਬਈ ਦੇ ਨੇੜੇ ਸਮੁੰਦਰ ਵਿਚ ਸ਼ਿਵ ਕਰੇਟਰ, ਰਾਜਸਥਾਨ ਵਿਚ ਰਾਮਗੜ੍ਹ ਕਰੇਟਰ, ਮਹਾਰਾਸ਼ਟਰ ਵਿਚ ਲੋਣਾਰ ਕਰੇਟਰ।

ਔਰੰਗਾਬਾਦ ਨੇੜਲੇ ਅਜੰਤਾ, ਏਲੋਰਾ ਦੇ ਅਜੂਬੇ ਵੇਖਣ ਤਾਂ ਹਰ ਸਾਲ ਤਕਰੀਬਨ 10 ਲੱਖ ਸੈਲਾਨੀ ਜਾਂਦੇ ਨੇ, ਪਰ ਉਥੋਂ ਕੇਵਲ ਡੇਢ ਕੁ ਸੌ ਕਿਲੋਮੀਟਰ ਦੂਰ ਲੋਣਾਰ ਵਿਚਲੇ ਕੁਦਰਤੀ ਅਜੂਬੇ ਤਾਈਂ ਕੋਈ ਵਿਰਲਾ ਟਾਵਾਂ ਹੀ ਅਪੜਦਾ ਹੈ। ਅਸੀਂ ਜਦੋਂ ਅਜੰਤਾ-ਏਲੋਰਾ ਦੀ ਸੈਰ ਦੀ ਯੋਜਨਾ ਬਣਾਈ ਸੀ, ਉਦੋਂ ਹੀ ਇਹਦੇ ਵਿਚ ਲੋਣਾਰ ਨੂੰ ਵੀ ਜੋੜ ਲਿਆ ਸੀ। ਇਕ ਰਾਤ ਜੋਗਾ ਸਮਾਨ ਨਿੱਕੇ ਪਿੱਠੂ ਵਿਚ ਭਰਿਆ, ਤੇ ਬਾਕੀ ਦਾ ਸਮਾਨ ਔਰੰਗਾਬਾਦ ਵਿਚਲੇ ਆਪਣੇ ਹੋਟਲ ਵਾਲਿਆਂ ਕੋਲ ਜਮਾ ਕਰਵਾ ਦਿੱਤਾ। ਸਾਝਰੇ ਉੱਠ ਕੇ ਜਦੋਂ ਅਸੀਂ ਸਿਡਕੋ ਬੱਸ ਅੱਡੇ ਪਹੁੰਚੇ, ਤਾਂ ਪੌਣੇ ਅੱਠ ਵੱਜੇ ਸਨ। ਪੁੱਛਗਿੱਛ ਖਿੜਕੀ ਤੋਂ ਬੱਸ ਦਾ ਪਤਾ ਕੀਤਾ, ਤਾਂ ਬੜੀ ਸ਼ਸ਼ੋਪੰਜ ਤੋਂ ਬਾਅਦ ਉਨਾਂ ਦੱਸਿਆ ਕਿ ਅਗਲੀ ਬੱਸ ਦਾ ਸਮਾਂ 9 ਵਜੇ ਦਾ ਹੈ। ਉਨਾਂ ਦੀ ਜੱਕ-ਤੱਕ ਸਾਡੇ ਲਈ ਸੰਸਾ ਬਣ ਗਈ। "ਇਨਾਂ 'ਤੇ ਯਕੀਨ ਕਰ ਕੇ ਅਵੇਸਲੇ ਨਹੀਂ ਹੋਣਾ!", ਰੀਟਾ ਦੀ ਸਲਾਹ ਸੀ।"ਆਪਾਂ ਨੂੰ ਚੁਕੰਨੇ ਰਹਿਣਾ ਪਵੇਗਾ!" ਉਹਦੀ ਗੱਲ ਬਿਲਕੁਲ ਠੀਕ ਸੀ। ਮੇਰੇ ਨਾਲ ਇੰਝ ਦੇ ਵਾਕਿਆ ਵਾਪਰ ਚੁੱਕੇ ਨੇ। ਇਕ ਵਾਰੀ ਰੇਲਵੇ ਸਟੇਸ਼ਨ 'ਤੇ ਪਹੁੰਚੇ ਤਾਂ ਦੱਸਿਆ ਗਿਆ ਕਿ ਰੇਲ ਗੱਡੀ ਤਿੰਨ ਘੰਟੇ ਦੇਰੀ ਨਾਲ ਚੱਲ ਰਹੀ ਹੈ, ਪਰ ਗੱਡੀ ਡੇਢ ਘੰਟੇ ਬਾਅਦ ਹੀ ਆ ਪਹੁੰਚੀ ਸੀ! ਇੰਝ ਹੀ ਇਕ ਵਾਰ ਹਵਾਈ ਜਹਾਜ਼ ਵਾਲਿਆਂ ਦਾ ਪਹਿਲਾਂ ਫੋਨ ਆਇਆ ਕਿ ਉਡਾਨ ਦੋ ਘੰਟੇ ਦੇਰੀ ਨਾਲ ਉਡੇਗੀ, ਤੇ ਫੇਰ ਫੋਨ ਆ ਗਿਆ ਕਿ ਸੌਰੀ ਸਰ, ਉਡਾਨ ਸਮੇਂ ਸਿਰ ਹੀ ਜਾ ਰਹੀ ਹੈ। ਹੁਣ, ਔਰੰਗਾਬਾਦ ਦੇ ਬੱਸ ਅੱਡੇ 'ਤੇ ਅਸੀਂ ਟਿਕਟਿਕੀ ਲਾ ਕੇ ਖੜੋਤੇ ਸਾਂ (ਕਿਉਂਕਿ ਬੈਠਣ ਵਾਲੀ ਕੋਈ ਖਾਲੀ ਥਾਂ ਹੈ ਨਹੀਂ ਸੀ), ਤੇ ਬੱਸ ਅੱਡੇ 'ਤੇ ਲੱਗਣ ਵਾਲੀ ਹਰ ਬੱਸ ਦਾ ਬੋਰਡ ਬਿਨਾ ਖੁੰਝਾਏ ਪੜ੍ਹ ਰਹੇ ਸਾਂ। ਟੀ-ਸਟਾਲ ਤੋਂ ਮੈਂ ਚਾਹ ਦੀਆਂ ਦੋ ਗਲਾਸੀਆਂ ਲੈ ਆਇਆ, ਤੇ ਨਾਲ ਦੋ ਅਖਬਾਰਾਂ ਵੀ ਫੜੀ ਲਿਆਇਆ। ਜੇ ਬੱਸ ਜਾਣ ਵਿਚ ਸਮਾਂ ਘੱਟ ਹੁੰਦਾ, ਤਾਂ ਅਸੀਂ ਚਾਹ ਨਹੀਂ ਸੀ ਪੀਣੀ, ਕਿਉਂਕਿ ਬੱਸ ਵਾਲੇ ਦਾ ਕੀ ਪਤਾ ਰਾਹ ਵਿਚ ਕਿਤੇ ਰੋਕੇ ਕਿ ਨਾ, ਤੇ ਚਾਹ ਤੋਂ ਬਾਅਦ ਚਾਰ-ਪੰਜ ਘੰਟਿਆਂ ਤਾਈਂ ਪਿਸ਼ਾਬ ਰੋਕੀ ਰੱਖਣਾ, ਸਾਡੀ ਉਮਰੇ ਬੜਾ ਔਖਾ ਕੰਮ ਹੈ। ਪਰ ਅੱਜ ਪੂਰਾ ਮਜ਼ਾ ਲੈਣ ਦਾ ਮੌਕਾ ਸੀ, ਤੇ ਬੱਸ ਦਾ ਇੰਤਜ਼ਾਰ ਅਸੀਂ ਪੂਰੀ ਐਸ਼ਪ੍ਰਸਤੀ ਵਿਚ ਕਰ ਰਹੇ ਸਾਂ। ਸਵੇਰ ਦੇ ਵੇਲੇ ਚਾਹ ਦੀਆਂ ਚੁਸਕੀਆਂ ਨਾਲ ਤਾਜ਼ਾ ਅਖਬਾਰ ਪੜ੍ਹਨ ਨੂੰ ਮਿਲ ਜਾਵੇ, ਇਸ ਤੋਂ ਵੱਡੀ ਐਸ਼ ਹੋਰ ਕੀ ਹੋ ਸਕਦੀ ਏ! ਨਾਲੇ ਕੁਝ ਸਵਾਰੀਆਂ ਦੇ ਚਲੇ ਜਾਣ ਨਾਲ ਹੁਣ ਤਾਈਂ ਸਾਨੂੰ ਸੀਮੈਂਟ ਦੇ ਬੈਂਚ ਉੱਤੇ ਬਹਿਣ ਜੋਗੀ ਥਾਂ ਵੀ ਮਿਲ ਚੁੱਕੀ ਸੀ।

ਹੋਇਆ ਉਹੀ, ਜਿਸਦਾ ਸਾਨੂੰ ਸੰਸਾ ਸੀ! ਲੋਣਾਰ ਦੀ ਬੱਸ ਸਵਾ ਅੱਠ ਵਜੇ ਹੀ ਅੱਡੇ ’ਤੇ ਆ ਲੱਗੀ, ਤੇ ਠੀਕ ਸਾਢੇ ਅੱਠ ਵਜੇ ਤੁਰ ਵੀ ਪਈ। ਸਰਕਾਰੀ ਬੱਸ ਸੀ। ਠੀਕ ਹੀ ਸੀ। ਨਾ ਬਹੁਤੀ ਮਾੜੀ, ਤੇ ਨਾ ਹੀ ਆਲੀਸ਼ਾਨ! ਬੱਸ ’ਚ ਮੈਂ ਬਹੁਤਾ ਸਫਰ ਨਹੀਂ ਕਰਦਾ, ਪਰ ਜਿੰਨਾ ਕੁ ਕਰਦਾ ਹਾਂ, ਉਸਤੋਂ ਮੇਰਾ ਅੰਦਾਜ਼ਾ ਹੈ ਕਿ ਪਿਛਲੇ ਦਹਾਕੇ, ਡੇਢ ਦਹਾਕੇ ਦੌਰਾਨ ਭਾਰਤ ਵਿਚ ਸਰਕਾਰੀ ਬੱਸਾਂ ਕਾਫੀ ਸੁਧਰੀਆਂ ਹਨ। ਹੁਣ ਖਿੜਕੀਆਂ ਦੇ ਸ਼ੀਸ਼ੇ ਓਨੇ ਜ਼ਿਆਦਾ ਟੁੱਟੇ ਹੋਏ ਨਹੀਂ ਦਿਸਦੇ, ਤੇ ਨਾ ਹੀ ਘੱਟੇ ਨਾਲ ਭਰੀਆਂ ਪਾਟੀਆਂ ਹੋਈਆਂ ਸੀਟਾਂ। ਸੜਕਾਂ ਵੀ ਪਹਿਲਾਂ ਨਾਲੋਂ ਕਾਫੀ ਚੰਗੀਆਂ ਹਨ, ਪਰ ਫੇਰਵੀ ਬੱਸਾਂ ਦੀ ਔਸਤਨ ਰਫਤਾਰ ਹਾਲੇ ਓਨੀ ਚੰਗੀ ਨਹੀਂ। ਕਿਨਗਾਂਵ ਰਾਜਾ ਨਾਂਅ ਦੇ ਅੱਡੇ ਤਾਈਂ ਸੌ ਕੁ ਕਿਲੋਮੀਟਰ ਦਾ ਪੈਂਡਾ ਸਾਡੀ ਬੱਸ ਨੇ ਦੋ ਘੰਟਿਆਂ ਵਿਚ ਤੈਅ ਕੀਤਾ। `ਅੱਧਾ ਘੰਟਾ ਰੁਕਾਂਗੇ! ਚਾਹ-ਪਾਣੀ ਪੀ ਲਓ, ਤੇ ਨਾਲੇ ਜਿਸਨੇ ਬਾਹਰ-ਅੰਦਰ ਜਾਣੈ, ਜਾ ਆਓ!` ਕੰਡਕਟਰ ਨੇ ਅਵਾਜ਼ ਦਿੱਤੀ। ਤਕਰੀਬਨ ਸਾਰੀਆਂ ਸਵਾਰੀਆਂ "ਬਾਹਰ-ਅੰਦਰ" ਜਾਣ ਲਈ ਖਿੰਡ ਗਈਆਂ। ਭਾਰਤ ਵਿਚ ਆਦਮੀਆਂ ਦਾ ਕੰਮ ਤਾਂ ਸੌਖਾ ਹੈ। ਆਪਣੇ-ਆਪ ਦਾ ਹੀ ਓਹਲਾ ਕਰ ਕੇ ਜਿਥੇ ਮਰਜ਼ੀ ਖੜੋ ਜਾਂਦੇ ਹਨ, ਤੇ ਸੌਖੇ ਹੋ ਲੈਂਦੇ ਹਨ। ਪਰੰਤੂ ਔਰਤਾਂ ਨੂੰ ਔਖ ਪੇਸ਼ ਹੁੰਦੀ ਹੈ। "ਵੇ ਭਾਈ ਬਾਥਰੂਮ ਕਿੱਥੇ ਹੈ?" ਸਾਡੇ ਕੋਲ ਖੜੋਤੀਆਂ ਦੋ ਔਰਤਾਂ ਨੇ ਕੰਡਕਟਰ ਨੂੰ ਪੁੱਛਿਆ। "ਉਧਰ ਆਗੇ, ਕਹੀਂ ਭੀ ਚਲੀ ਜਾਓ!", ਕੰਡਕਟਰ ਨੇ ਇੰਝ ਆਖਿਆ ਜਿਵੇਂ ਉਸਨੇ ਔਰਤਾਂ ਲਈ ਇਸ ਵਿਸ਼ੇਸ਼ ਵਿਵਸਥਾ ਬਾਰੇ ਪਹਿਲਾਂ ਤੋਂ ਸੋਚ ਕੇ ਹੀ ਬੱਸ ਇਥੇ ਰੁਕਵਾਈ ਹੋਵੇ! ਰੀਟਾ ਵੀ ਉਨਾਂ ਔਰਤਾਂ ਦੇ ਮਗਰ-ਮਗਰ ਹੋ ਤੁਰੀ। ਵਾਪਸ ਮੁੜ ਕੇ ਉਸਨੇ ਦੱਸਿਆ: "ਅੱਛਾ ਥਾ, ਸਾਫ ਸੁਥਰਾ, ਕਪਾਸ ਕਾ ਖੇਤ ਥਾ!" ਤੇ ਸ਼ਾਇਦ ਇਕ ਗੱਲੋਂ ਇਹ ਮਜ਼ਾਕ ਨਹੀਂ ਸੀ। ਭਾਰਤ ਦੇ ਆਮ ਪਬਲਿਕ ਟਾਇਲਟਾਂ ਨਾਲੋਂ ਤਾਂ ਕਪਾਹ ਦਾ ਖੇਤ ਜ਼ਰੂਰ ਹੀ ਸਾਫ ਤੇ ਘੱਟ ਬਦਬੂਦਾਰ ਹੋਵੇਗਾ!

ਰਾਹ ਵਿਚਲੇ ਪੜਾਅ ਦਾ ਸਮਾਂ ਪਾ ਕੇ ਸਾਡੀ ਬੱਸ ਚਾਰ ਘੰਟਿਆਂ ਵਿਚ ਲੋਣਾਰ ਦੇ ਬੱਸ ਅੱਡੇ ਉੱਤੇ ਪਹੁੰਚੀ। ਅਸੀਂ ਫਟਾਫਟ ਆਟੋ ਰਿਕਸ਼ਾ ਲਿਆ ਤੇ ਮਹਾਰਾਸ਼ਟਰ ਟੂਰਿਜ਼ਮ ਦੇ ਹੋਟਲ ਵਿਚ ਜਾ ਅਪੜੇ। ਇਹ ਹੋਟਲ ਸ਼ਹਿਰ ਤੋਂ ਤਾਂ ਦੂਰ ਹੈ, ਪਰੰਤੂ ਕਰੇਟਰ ਦੇ ਕਾਫੀ ਨਜ਼ਦੀਕ ਹੈ। ਕਰੇਟਰ ਝੀਲ ਦੀ ਪਹਿਲੀ ਝਲਕ ਸਾਨੂੰ ਉਦੋਂ ਦਿਸੀ, ਜਦੋਂ ਕਮਰੇ ਵਿਚ ਸਮਾਨ ਟਿਕਾ ਕੇ ਅਸੀਂ ਪਹਿਲੀ ਮੰਜ਼ਲ ਉੱਤੇ ਬਣੇ ਰੈਸਟੋਰੈਂਟ ਵਿਚ ਖਾਣਾ ਖਾਣ ਪਹੁੰਚੇ। ਜੀਅ ਤਾਂ

ਕਰਦਾ ਸੀ ਕਿ ਖਾਣਾ ਖਾ ਕੇ ਝੀਲ ਦਾ ਚੱਕਰ ਲਾਣ ਨਿਕਲ ਜਾਈਏ, ਪਰ ਕੜਕਦੀ ਧੁੱਪ ਨੂੰ ਵੇਖ ਕੇ ਫੈਸਲਾ ਲਿਆ ਕਿ ਦੁਪਹਿਰ ਤਾਂ ਏਅਰ ਕੰਡੀਸ਼ਨਡ ਕਮਰੇ ਵਿਚ ਹੀ ਬਿਤਾਈ ਜਾਣੀ ਚਾਹੀਦੀ ਹੈ।

ਲੋਣਾਰ ਦਾ ਕਰੇਟਰ ਇਕ ਕੁਦਰਤੀ ਅਜੂਬਾ ਹੈ। ਕਟੋਰੇ ਦੀ ਸ਼ਕਲ ਵਾਲੀ ਇਹ ਝੀਲ ਆਕਾਰ ਪੱਖੋਂ ਬਹੁਤੀ ਵੱਡੀ ਨਹੀਂ, ਇਸਦਾ ਔਸਤਨ ਵਿਆਸ 1.2 ਕਿਲੋਮੀਟਰ ਹੈ। ਇਸਦਾ ਪਾਣੀ ਤਕਰੀਬਨ ਪੰਜਾਹ ਮੀਟਰ ਗਹਿਰਾ ਹੈ, ਪਰ ਆਸ-ਪਾਸ ਦੀਆਂ ਪਹਾੜੀਆਂ ਤੋਂ ਇਹ ਲਗਭਗ 600 ਮੀਟਰ ਡੂੰਘੀ ਹੈ। ਕਟੋਰੇ ਦਾ ਉਪਰਲਾ ਘੇਰਾ ਕੋਈ 8 ਕਿਲੋਮੀਟਰ ਹੈ, ਜਿਹੜਾ ਥੱਲੇ ਪਹੁੰਚਦਾ-ਪਹੁੰਚਦਾ 4.8 ਕਿਲੋਮੀਟਰ ਰਹਿ ਜਾਂਦਾ ਹੈ। ਇਸਦਾ ਪਾਣੀ ਖਾਰਾ ਤੇ ਤੇਜ਼ਾਬੀ ਹੈ। ਵਿਗਿਆਨੀਆਂ ਦਾ ਮੱਤ ਹੈ ਕਿ ਇਹ ਝੀਲ ਕਿਸੇ ਆਕਾਸ਼ੀ ਉਲਕਾ ਪਿੰਡ ਦੇ ਧਰਤੀ ਵਿਚ ਆ ਵੱਜਣ ਨਾਲ ਹੋਂਦ ਵਿਚ ਆਈ। ਥਰਮੋਲੂਮੀਨੀਸੈਂਸ ਵਿਸ਼ਲੇਸ਼ਣਾਂ ਉੱਤੇ ਅਧਾਰਤ ਪਹਿਲੇ ਅੰਦਾਜ਼ੇ ਸਨ ਕਿ ਇਹ ਵਾਕਿਆ ਕੋਈ 52000 ਸਾਲ ਪਹਿਲੋਂ ਵਾਪਰਿਆ ਹੋਵੇਗਾ, ਪਰ ਆਰਗਨ-ਆਰਗਨ ਡੇਟਿੰਗ ਮੁਤਾਬਕ ਇਸ ਟਾਕਰੇ ਦੇ ਅੰਦਾਜ਼ੇ ਪੰਂਜ-ਛੇ ਲੱਖ ਸਾਲ ਪਿੱਛੇ ਨੂੰ ਜਾਂਦੇ ਨੇ। ਦੁਨੀਆਂ ਭਰ ਵਿਚ ਇਹ ਇਕੋ-ਇਕ ਅਜਿਹਾ ਕਰੇਟਰ ਹੈ, ਜਿਹੜਾ ਬਸਾਲਟਿਕ ਰੌਕ ਵਿਚ ਬਣਿਆ ਹੋਇਆ ਹੈ।

ਕਰੇਟਰ ਦੀ ਸੈਰ ਨੂੰ ਅਸੀਂ ਲੌਢੇ ਵੇਲੇ ਨਿਕਲੇ। ਸੰਘਣੀਆਂ ਝਾੜੀਆਂ ਤੇ ਮਧਰੇ ਰੁੱਖਾਂ ਵਿਚੀਂ ਨਿਵਾਣ ਵੱਲ ਜਾਂਦਾਂ ਕੱਚਾ ਰਾਹ ਕਾਫੀ ਉੱਬੜ-ਖਾਬੜ ਹੈ। ਕਹਿਣ ਨੂੰ ਤਾਂ ਇਹ ਰਾਹ ਹੈ, ਪਰ ਇਸਨੂੰ ਕਿਸੇ ਨੇ ਬਾਕਾਇਦਾ ਬਣਵਾਇਆ ਕਦੇ ਨਹੀਂ। ਬਸ ਲੋਕਾਂ ਦੇ ਆਉਣ ਜਾਣ ਨਾਲ ਇਹ ਰਾਹ ਬਣ ਗਿਆ। ਨਿੱਕੀਆਂ ਪਹਾੜੀਆਂ ਵਿਚ ਘਿਰੀ ਗੋਲ ਝੀਲ ਦੀ ਪਹਿਲੀ ਝਲਕ ਜਦੋਂ ਉਪਰੋਂ ਦਿਸੀ, ਤਾਂ ਸਚਮੁਚ ਹੀ ਪਾਣੀ ਦੇ ਭਰੇ ਵੱਡੇ ਸਾਰੇ ਕਟੋਰੇ ਵਰਗੀ ਜਾਪੀ। ਹੇਠਾਂ ਪਹੁੰਚ ਕੇ ਪਹਿਲਾ ਪ੍ਰਭਾਵ ਇਹੋ ਜਿਹਾ ਸੀ, ਜਿਵੇਂ ਅਸੀਂ ਕਿਸੇ ਸਾਗਰ ਕਿਨਾਰੇ ਉੱਤੇ ਪਹੁੰਚੇ ਹੋਈਏ! ਅਸਲ ਵਿਚ ਸਥਾਨਕ ਲੋਕ ਇਸਨੂੰ ਲੋਣਾਰ ਸਾਗਰ ਕਹਿ ਕੇ ਹੀ ਬੁਲਾਂਦੇ ਨੇ। ਸਮੁੰਦਰ ਦੀ ਬੀਚ ਵਾਂਗ ਰੇਤੇ ਦਾ ਕਿਨਾਰਾ ਪਾਣੀ ਵੱਲ ਬੜਾ ਸਹਿਜੇ-ਸਹਿਜੇ ਢਲਦਾ ਹੈ। ਸਾਗਰ ਦਾ ਇਹ ਕਿਨਾਰਾ ਇਸ ਵੇਲੇ ਸਿਰਫ ਸਾਡਾ ਇਕੱਲਿਆਂ ਦਾ ਹੈ। ਸਾਹਮਣੇ, ਪਾਣੀ ਦੇ ਵਿਚਕਾਰ

ਮੁਰਗਾਬੀਆਂ ਦੀ ਇਕ ਡਾਰ ਤੈਰ ਰਹੀ ਹੈ, ਤੇ ਉਨਾਂ ਦੀਆਂ ਕੁਝ ਹੋਰ ਸਾਥਣਾਂ ਪਾਣੀ ਦੇ ਨਾਲ-ਨਾਲ ਨੀਵੀਆਂ ਉਡਾਰੀਆਂ ਮਾਰ ਰਹੀਆਂ ਹਨ। ਪਾਣੀ ਦੇ ਪਾਰਲੇ ਪਾਸੇ ਕੁਝ ਮੰਦਰ, ਮੰਦਰੀਆਂ ਦਿਖਾਈ ਦੇ ਰਹੀਆਂ ਹਨ। ਅਸੀਂ ਖੱਬੇ ਪਾਸੇ ਦਿਸਦੇ ਇਕ ਮੰਦਰ ਵੱਲ ਨੂੰ ਤੁਰ ਪੈਂਦੇ ਹਾਂ। ਸਾਗਰ ਦੇ ਕੰਢੇ-ਕੰਢੇ। ਹੁਣ ਸਾਡਾ ਧਿਆਨ ਪਹਿਲੀ ਵਾਰ ਸਾਗਰ ਕਿਨਾਰੇ ਵਿਛੀ ਗੰਦਗੀ ਵੱਲ ਗਿਆ ਹੈ। ਗੰਦਗੀ ਪਾਣੀ ਦੇ ਵਿਚ ਵੀ ਤੈਰ ਰਹੀ ਹੈ, ਤੇ ਪਾਣੀ ਦੇ ਬਾਹਰ ਵੀ ਢੇਰੀ ਹੋਈ ਪਈ ਹੈ। ਪਾਣੀ ਕਿਨਾਰੇ ਪ੍ਰਾਚੀਨ ਮੰਦਰਾਂ ਦੇ ਨਿੱਕੇ ਵੱਡੇ ਟੁਕੜੇ ਵੀ ਖਿਲਰੇ ਹੋਏ ਹਨ। ਹਜ਼ਾਰਾਂ ਸਾਲ ਪੁਰਾਣੇ ਮੰਦਰਾਂ ਦੇ ਟੁਕੜੇ ਹਨ ਇਹ। ਬੇਸ਼ਕੀਮਤੀ ਟੁਕੜੇ। ਕਰੋੜਾਂ ਰੁਪਈਆਂ ਦੇ ਪੁਰਾਅਵਸ਼ੇਸ਼ ਅਜਾਈਂ ਰੁਲ਼ ਰਹੇ ਹਨ ਏਥੇ! ਇਹ ਸਭ ਵੇਖ ਕੇ ਮਨ ਬਹੁਤ ਦੁਖੀ ਹੁੰਦਾ ਹੈ। ਕਿ ਸਾਡੇ ਦੇਸ਼ ਵਿਚ ਸਾਡੇ ਅਨਮੋਲ ਵਿਰਸੇ ਨੂੰ ਸਾਂਭਣ ਵਾਲਾ ਕੋਈ ਨਹੀਂ! ਇਹੋ ਜਿਹਾ, ਏਨਾ ਹੀ ਪੁਰਾਣਾ, ਤੇ ਏਨੇ ਕੁ ਹੀ ਆਕਾਰ ਵਾਲਾ ਇਕ ਕਰੇਟਰ ਅਮਰੀਕਾ ਦੇ ਐਰੀਜ਼ੋਨਾ ਵਿਚ ਸਥਿਤ ਹੈ। ਬੈਰਿੰਜਰ ਕ੍ਰੇਟਰ। ਉਹ ਇਕ ਸੁੱਕਾ ਟੋਆ ਹੈ, ਪਾਣੀ ਭਰੀ ਝੀਲ ਨਹੀਂ। ਉਸਦੀ ਮਾਲਕ ਬੈਰਿੰਜਰ ਕਰੇਟਰ ਕੰਪਨੀ ਨਾਂਅ ਦੀ ਪ੍ਰਾਈਵੇਟ ਕੰਪਨੀ ਹੈ । ਉਸਨੂੰ ਵੇਖਣ ਲਈ ਅਠਾਰਾਂ ਡਾਲਰਾਂ ਦੀ ਟਿਕਟ ਲਗਦੀ ਹੈ। ਉਥੇ ਕਰੇਟਰ ਬਾਰੇ ਜਾਣਕਾਰੀ ਦੇਂਦੀ ਹੋਈ ਫਿਲਮ ਵਿਖਾਣ ਦਾ ਪ੍ਰਬੰਧ ਹੈ, ਟਰੇਂਡ ਗਾਈਡ ਉਪਲਭਧ ਹਨ, ਦੂਰਬੀਨਾਂ ਵੀ ਲੱਗੀਆਂ ਹੋਈਆਂ ਹਨ, ਪ੍ਰਦਰਸ਼ਨੀ ਵੀ ਹੈ, ਵਧੀਆ ਗਿਫਟ ਸ਼ਾਪ ਵੀ, ਤੇ ਕੈਫੇ ਵੀ। ਗੱਲ ਕੀ, ਸੈਲਾਨੀਆਂ ਨੂੰ ਜਾਣਕਾਰੀ ਤੇ ਸਹੂਲਤਾਂ ਮੁਹੱਈਆ ਕਰਵਾਣ ਦਾ ਹਰ ਕਿਸਮ ਦਾ ਵਧੀਆ ਇੰਤਜ਼ਾਮ ਹੈ। ਸਮਝ ਨਹੀਂ ਆਉਂਦੀ ਕਿ ਅਸੀਂ ਲੋਣਾਰ ਦੇ ਇਸ ਅਜੂਬੇ ਨੂੰ ਸੈਲਾਨੀਆਂ ਦੀ ਖਿੱਚ ਦਾ ਵੱਡਾ ਕੇਂਦਰ ਕਿਉਂ ਨਹੀਂ ਬਣਾ ਸਕਦੇ!

ਅਸੀਂ ਪੋਲੇ ਕਦਮੀਂ ਮੰਦਰ ਵੱਲ ਟੁਰੇ ਜਾ ਰਹੇ ਸਾਂ, ਕਿ ਪਿੱਛਿਓਂ ਇਕ ਨੌਜਵਾਨ ਬਾਪ ਆਪਣੇ ਨਿੱਕੇ ਬੇਟੇ ਨੂੰ ਨਾਲ ਲਈ ਕਾਹਲੀ-ਕਾਹਲੀ ਸਾਨੂੰ ਪਾਰ ਕਰ ਕੇ ਲੰਘਿਆ। "ਤੇਜ਼ ਚਲੀਏ! ਅੰਧੇਰਾ ਹੋਨੇ ਵਾਲਾ ਹੈ!" ਨੌਜਵਾਨ ਨੇ ਸਾਨੂੰ ਆਗਾਹ ਕੀਤਾ। ਸੋ ਅਸਾਂ ਵੀ ਕਦਮ ਛੋਹਲੇ ਕਰ ਲਏ ਤੇ ਕੁਝ ਮਿੰਟਾਂ ਵਿਚ ਮੰਦਰ ਤੱਕ ਪਹੁੰਚ ਗਏ। ਨੌਜਵਾਨ ਨੇ ਪਹਿਲਾਂ ਜਾ ਕੇ ਮੱਥਾ ਟੇਕਿਆ, ਤੇ ਫੇਰ ਮੰਦਰ ਬਾਰੇ ਸਾਨੂੰ ਸੰਖੇਪ ਜਿਹੀ ਜਾਣਕਾਰੀ ਦਿੱਤੀ। "ਇਹ ਭਵਗਾਨ ਵਿਸ਼ਨੂੰ ਦੀ ਪਤਨੀ ਪਦਮਾਵਤੀ ਨੂੰ ਸਮਰਪਿਤ ਮੰਦਰ ਹੈ, ਜਿਸਨੂੰ ਸਥਾਨਕ ਲੋਕ ਕਮਲਜਾ ਦੇਵੀ ਦੇ ਨਾਂਅ ਨਾਲ ਬੁਲਾਂਦੇ ਨੇ। ਇਸ ਮੰਦਰ ਦੇ ਸਾਹਮਣੇ ਇਕ ਕੁੰਡ ਹੈ, ਜਿਹੜਾ ਐਸ ਵੇਲੇ

ਝੀਲ ਦੇ ਪਾਣੀ ਨਾਲ ਢਕਿਆ ਹੋਇਆ ਹੈ। ਕਮਾਲ ਦੀ ਗੱਲ ਇਹ ਹੈ ਕਿ ਉਸ ਕੁੰਡ ਦਾ ਮੰਦਰ ਵੱਲ ਦਾ ਪਾਣੀ ਮਿੱਠਾ ਹੈ, ਤੇ ਝੀਲ ਵੱਲ ਦਾ ਪਾਣੀ ਖਾਰਾ। ਹਰ ਵਰ੍ਹੇ ਅੱਸੂ ਮਹੀਨੇ ਦੇ ਨਵਰਾਤਰਿਆਂ ਵਿਚ ਇਸ ਮੰਦਰ ਉੱਤੇ ਮੇਲਾ ਲਗਦਾ ਹੈ, ਜਿਸ ਵਿਚ ਤਕਰੀਬਨ ਪੰਜ ਲੱਖ ਸ਼ਰਧਾਲੂ ਜੁੜਦੇ ਹਨ।"

ਸੂਰਜ ਛਿਪ ਚੁੱਕਾ ਸੀ। ਸਾਨੂੰ ਘੱਟੋਘੱਟ ਅੱਧਾ ਘੰਟਾ ਆਪਣੇ ਹੋਟਲ ਪਹੁੰਚਣ ਵਿਚ ਲੱਗੇਗਾ। ਜਿਉਂ ਹੀ ਉਸ ਨੌਜਵਾਨ ਨੇ ਵਾਪਸੀ ਕੀਤੀ, ਅਸੀਂ ਵੀ ਉਸਦੇ ਨਾਲ ਹੋ ਤੁਰੇ। ਪਰੰਤੂ ਉਸਦੀ ਚਾਲ ਸਾਡੇ ਨਾਲੋਂ ਤੇਜ਼ ਸੀ। ਉਹ ਕਾਫੀ ਅੱਗੇ ਨਿਕਲ ਗਿਆ। ਫੋਟੋਆਂ ਖਿੱਚਣ ਦੇ ਲਾਲਚ ਵਿਚ ਮੇਰੀ ਚਾਲ ਰੀਟਾ ਤੋਂ ਵੀ ਮੱਠੀ ਸੀ। ਚੜ੍ਹਾਈ ਦਾ ਅਗਲਾ ਮੋੜ ਮੁੜਦਿਆਂ ਉਹ ਮੇਰੀ ਨਜ਼ਰ ਤੋਂ ਓਹਲੇ ਹੋ ਗਈ। ਮੈਂ ਉਸ ਮੋੜ ਤਾਈਂ ਪੁੱਜਾ ਤਾਂ ਉਹ ਸ਼ਾਇਦ ਹੋਰ ਅਗਲਾ ਮੋੜ ਮੁੜ ਗਈ ਸੀ। ਮੈਨੂੰ ਹੈਰਾਨੀ ਹੋ ਰਹੀ ਸੀ ਕਿ ਉਹ ਮੈਥੋਂ ਏਨੀ ਅੱਗੇ ਕਿਵੇਂ ਨਿਕਲ ਗਈ! ਇਥੋਂ ਅਗਲਾ ਰਾਹ ਪੱਧਰਾ ਸੀ, ਪਰ ਰੀਟਾ ਫੇਰ ਵੀ ਨਹੀਂ ਸੀ ਦਿਸ ਰਹੀ! ਮੈਂ ਉਸਨੂੰ ਅਵਾਜ਼ ਮਾਰੀ, ਮੂਹਰਿਓਂ ਕੋਈ ਜੁਆਬ ਨਾ ਆਇਆ। ਹੁਣ ਤਾਈਂ ਹਨੇਰਾ ਵੀ ਚੋਖਾ ਉਤਰ ਆਇਆ ਸੀ, ਤੇ ਮੈਂ ਆਪਣੇ ਫੋਨ ਦੀ ਟਾਰਚ ਵੀ ਬਾਲ਼ ਲਈ ਹੋਈ ਸੀ। ਪਰ ਰੀਟਾ ਦੀ ਟਾਰਚ ਵੀ ਜਗਦੀ ਨਹੀਂ ਸੀ ਦਿਸੀ! ਕੁਝ ਦੇਰ ਹੋਰ ਲੰਘਣ ਤੋਂ ਬਾਅਦ ਉਸਦੀ ਮਰੀਅਲ ਜਿਹੀ ਹੂਕ ਸੁਣਾਈ ਦਿੱਤੀ। ਪਰੰਤੂ ਇਹ ਅਵਾਜ਼ ਤਾਂ ਮੈਥੋਂ ਪਿਛਾਂਹ ਅਤੇ ਹੇਠਾਂ ਵਲੋਂ ਆਈ ਸੀ! "ਕਹਾਂ ਹੋ?" ਮੈਂ ਪੂਰੇ ਜ਼ੋਰ ਨਾਲ ਆਵਾਜ਼ ਮਾਰ ਕੇ ਪੁੱਛਿਆ। "ਯਹਾਂ ਹੂੰ! ਲਗਤਾ ਹੈ ਮੈਂ ਰਾਸਤਾ ਭੂਲ ਗਈ ਹੂੰ!" ਹਾਂ, ਇੰਝ ਹੀ ਹੋਇਆ ਸੀ। ਰੀਟਾ ਕੋਈ ਗਲਤ ਮੋੜ ਮੁੜ ਕੇ ਹੋਰ ਪਾਸੇ ਚਲੀ ਗਈ ਸੀ। ਉਸਨੂੰ ਸਹੀ ਰਾਸਤੇ ਪਾਉਣ ਲਈ ਮੈਨੂੰ ਪਿੱਛੇ ਵੱਲ ਨਿਵਾਣ ਵੱਲੀਂ ਜਾਣਾ ਪਿਆ। ਕਾਹਲੀ ਅੱਗੇ ਟੋਏ ਰੀਟਾ ਨੇ ਅੱਜ ਪ੍ਰਤੱਖ ਹੰਢਾਏ ਸਨ!

ਅਗਲੀ ਸਵੇਰ ਲਈ ਅਸੀਂ ਹੋਟਲ ਵਾਲਿਆਂ ਨੂੰ ਕਹਿ ਕੇ ਗਾਈਡ ਦਾ ਪ੍ਰਬੰਧ ਕਰ ਲਿਆ ਸੀ। ਨਾਸ਼ਤੇ ਤੋਂ ਬਾਅਦ ਉਹ ਗਾਈਡ ਸਾਨੂੰ ਫੇਰ ਓਸੇ ਰਾਸਤੇ ਝੀਲ ਵੱਲ ਲੈ ਤੁਰਿਆ। "ਸਰ, ਮੇਰਾ ਨਾਂਅ ਰਾਮੇਸ਼ ਹੈ। ਰਾਮੇਸ਼ ਰਾਠੌੜ।" ਮਧਰੇ ਤੇ ਗਠਵੇਂ ਸਰੀਰ ਵਾਲੇ ਗਾਈਡ ਨੇ ਆਪਣਾ ਨਾਂਅ ਦੱਸਣ ਵੇਲੇ "ਰਾਠੌੜ" ਉੱਤੇ ਇੰਝ ਜ਼ੋਰ ਦਿੱਤਾ, ਜਿਵੇਂ ਸਾਡੇ ਟੂਅਰ ਦੌਰਾਨ ਇਸ

ਨਾਂਅ ਦੀ ਵੱਡੀ ਮਹੱਤਤਾ ਹੋਵੇ! ਤੇ ਅਗਲੇ ਹੀ ਫਿਕਰੇ ਵਿਚ ਉਸਨੇ ਲੋਣਾਰ ਦਾ ਮਿਥਿਹਾਸ ਛੇੜ ਲਿਆ। "ਸਰ ਜੀ, ਲੋਣਾਰ ਦਾ ਪਹਿਲਾ ਜ਼ਿਕਰ ਰਿਗਵੇਦ ਵਿਚ ਮਿਲਦਾ ਹੈ। ਉਦੋਂ ਲੋਣਾਰ ਦਾ ਨਾਂਅ ਮਧੂਮਤੀ ਨਗਰ ਸੀ, ਤੇ ਇਹ ਡਾਂਡਕ ਰਾਜੇ ਦੀ ਰਾਜਧਾਨੀ ਸੀ। ਵਿਰਾਜ ਮਹਾਤਮਾ ਨਾਂਅ ਦੇ ਗਰੰਥ ਵਿਚ ਲੋਣਾਰ ਬਾਰੇ ਕਹਾਣੀਆਂ ਦਰਜ ਹਨ। ਰਿਸ਼ੀ ਕਸ਼ਿਯਪ ਅਤੇ ਦੀਪਤੀ ਦੇ ਤਿੰਨ ਪੁੱਤਰ ਸਨ। ਤਿੰਨੇ ਬੜੇ ਹੰਕਾਰੀ ਤੇ ਜ਼ਾਲਮ ਸਨ। ਗਇਆਸੁਰ ਨੂੰ ਬ੍ਰਹਮਾ ਨੇ ਬ੍ਰਹਮ ਗਇਆ (ਬਿਹਾਰ) ਵਿਚ ਮਾਰਿਆ ਸੀ। ਕੋਹਲਾਸੁਰ ਨੂੰ ਰੁਦਰ ਨੇ ਰੁਦਰ ਗਇਆ (ਮਹਾਂਰਾਸ਼ਟਰ) ਵਿਚ ਮਾਰਿਆ। ਲਵਣਾਸੁਰ ਨੂੰ ਭਗਵਾਨ ਵਿਸ਼ਨੂੰ ਨੇ ਏਥੇ, ਲੋਣਾਰ ਵਿਚ, ਮਾਰਿਆ ਸੀ। ਸਰ ਜੀ, ਲੋਣਾਰ ਵਿਚ ਭਗਵਾਨ ਰਾਮ, ਲਕਸ਼ਮਣ ਤੇ ਸੀਤਾ ਨੇ ਵਨਵਾਸ ਦੇ ਵੀਹ ਦਿਨ ਕੱਟੇ ਸਨ। ਤੇ ਪਾਂਡਵਾਂ ਨੇ ਵੀ ਇਸ ਸਾਗਰ ਵਿਚ ਇਸ਼ਨਾਨ ਕੀਤਾ ਸੀ।" ਇਹ ਕਹਾਣੀ ਰਾਮੇਸ਼ ਰਾਠੌੜ ਓਨੇ ਹੀ ਯਕੀਨ ਨਾਲ ਸੁਣਾ ਰਿਹਾ ਸੀ, ਜਿੰਨੇ ਯਕੀਨ ਨਾਲ ਉਸਨੇ ਆਪਣਾ ਨਾਂਅ ਦੱਸਿਆ ਸੀ।

ਮਿਥਿਹਾਸਕ ਕਹਾਣੀ ਮੁਕਾ ਕੇ ਰਾਮੇਸ਼ ਨੇ ਸਾਡਾ ਧਿਆਨ ਆਲੇ-ਦੁਆਲੇ ਦੇ ਰੁੱਖਾਂ ਵੱਲ ਦਿਵਾਇਆ। ਉਸਨੇ ਸਾਨੂੰ ਖੈਰ (ਕੱਥਾ), ਕੇਸੂ, ਨਿਰਗੁੜੀ, ਸਾਗਰ ਗੋਟਾ, ਦਹੀ ਕਾਂਡੀ, ਰਾਮ ਫਲ, ਕਾਸ਼ੀ ਭੋਕਲਾ ਆਦਿ ਰੁੱਖ ਵਿਖਾਏ। ਉਸਨੇ ਸਾਨੂੰ ਸ਼ੰਕਰਸੁਰਾ ਦਾ ਬੀਜ ਵਿਖਾਇਆ, ਜਿਸਦੀ ਸ਼ਕਲ ਬਿਲਕੁਲ ਸ਼ਿਵਲਿੰਗ ਵਰਗੀ ਸੀ। ਹੇਠਾਂ ਕਰੇਟਰ ਕੋਲ ਪਹੁੰਚ ਕੇ ਰਾਮੇਸ਼ ਨੇ ਦਸਿਆ ਕਿ ਕਰੇਟਰ ਦਾ ਪਾਣੀ ਘਟਦਾ ਵਧਦਾ ਰਹਿੰਦਾ ਹੈ। ਕਈ ਸਾਲਾਂ ਤਾਈਂ ਲਗਾਤਾਰ ਸੋਕੇ ਪੈਣ ਨਾਲ 1972 ਵਿਚ ਇਸਦਾ ਪਾਣੀ ਬਿਲਕੁਲ ਸੁੱਕ ਗਿਆ ਸੀ। "ਮਾਰਚ ਦੇ ਮਹੀਨੇ ਸਰ ਜੀ, ਏਥੇ ਵੱਡੀ ਗਿਣਤੀ ਵਿਚ ਫਲੈਮਿੰਗੋ ਆਂਦੇ ਨੇ। ਉਹ ਇਸ ਪਾਣੀ ਵਿਚੋਂ ਐਲਗੀ ਚੁਗ-ਚੁਗ ਖਾਂਦੇ ਨੇ, ਉਸੇ ਸਦਕਾ ਉਨਾਂ ਦਾ ਰੰਗ ਗਾਜਰੀ-ਗੁਲਾਬੀ ਹੁੰਦਾ ਹੈ। (ਉਸ ਵੇਲੇ ਸਾਨੂੰ ਜਾਪਿਆ ਕਿ ਇਹ ਤਾਂ ਰਾਮੇਸ਼ ਨੇ ਗੱਪ ਛੱਡੀ ਹੈ! ਪਰੰਤੂ ਬਾਅਦ ਵਿਚ ਘੋਖ ਕਰਨ ’ਤੇ ਪਤਾ ਲੱਗਾ ਕਿ ਉਸਦੀ ਇਹ ਗੱਲ ਠੀਕ ਸੀ। ਫਲੈਮਿੰਗੋ ਦੇ ਖੰਭਾਂ, ਲੱਤਾਂ ਤੇ ਮੂੰਹ ਦਾ ਰੰਗ ਉਸਦੇ ਖਾਣੇ ਵਿਚ ਮੌਜੂਦ ਅਲਫਾ ਤੇ ਬੀਟਾ ਕੈਰੋਟੀਨ ਦਾ ਨਤੀਜਾ ਹੀ ਹੈ। ਜੰਮਣ ਵੇਲੇ ਤਾਂ ਫਲੈਮਿੰਗੋ ਦਾ ਰੰਗ ਹਲਕਾ ਭੂਸਲਾ ਹੁੰਦਾ ਹੈ।) ਅੱਛਾ, ਮਾਤਾ ਦਾ ਮੰਦਰ ਤਾਂ ਕੱਲ ਤੁਸੀਂ ਵੇਖ ਆਏ ਸਓ, ਅੱਜ ਅਸੀਂ ਦੂਜੇ ਪਾਸੇ ਦੇ ਮੰਦਰ ਵੇਖ ਲੈਨੇ ਹਾਂ।"ਇਹ ਕਹਿ ਕੇ ਰਾਮੇਸ਼ ਸਾਨੂੰ ਸੱਜੇ ਹੱਥ ਲੈ ਤੁਰਿਆ।

ਤੁਰੇ-ਤੁਰੇ ਜਾਂਦੇ ਉਸਨੇ ਅਚਾਨਕ ਹੇਠਾਂ ਤੋਂ ਇਕ ਨਿੱਕਾ ਜਿਹਾ ਪੱਥਰ ਚੁਕਿਆ ਅਤੇ ਰੀਟਾ ਦੇ ਹੱਥ ਵਿਚ ਫੜਾਇਆ। "ਦੇਖੋ, ਕਿੰਨਾ ਹਲਕਾ ਹੈ ਇਹ ਪੱਥਰ। ਇਹ ਮੁਸਾਮਦਾਰ ਹੈ। ਮਾਹਰ ਦਸਦੇ ਹਨ ਕਿ ਇਹੋ ਜਿਹੇ ਪੱਥਰ ਉਨਾਂ ਨੂੰ ਮੰਗਲ ਗ੍ਰਹਿ ਉੱਤੇ ਮਿਲੇ ਹਨ। ਸੋ ਇਹ ਬਿਲਕੁਲ ਸੰਭਵ ਹੈ ਕਿ ਜਿਹੜੇ ਉਲਕਾ ਪਿੰਡ ਦੇ ਇਥੇ ਆ ਵੱਜਣ ਨਾਲ ਇਹ ਟੋਆ ਪੁੱਟਿਆ ਗਿਆ, ਉਹ ਮੰਗਲ ਗ੍ਰਹਿ ਨਾਲੋਂ ਹੀ ਟੁੱਟ ਕੇ ਆਇਆ ਹੋਵੇ! ਇਸ ਝੀਲ ਵਿਚ ਕੁਝ ਐਸੇ ਬੈਕਟੀਰੀਆ ਆਦਿ ਵੀ ਮੌਜੂਦ ਹਨ, ਜੋ ਸਾਡੀ ਧਰਤੀ ਉੱਤੇ ਹੋਰ ਕਿਤੇ ਨਹੀਂ ਮਿਲਦੇ! ਵਿਗਿਆਨੀਆਂ ਦੀਆਂ ਟੋਲੀਆਂ ਅਕਸਰ ਇਸ ਝੀਲ ਦੇ ਅਧਿਅਨ ਲਈ ਆਉਂਦੀਆਂ ਰਹਿੰਦੀਆਂ ਹਨ।"

ਝੀਲ ਦੇ ਆਸ ਪਾਸ 27 ਮੰਦਰ ਹਨ। ਤਕਰੀਬਨ ਸਾਰੇ ਮੰਦਰ ਹਜ਼ਾਰ ਕੁ ਸਾਲ ਪੁਰਾਣੇ ਹਨ, ਤੇ ਪੱਥਰਾਂ ਦੀ ਚਿਣਾਈ ਨਾਲ ਬਣੇ ਹੋਏ ਹਨ। ਰਾਮੇਸ਼ ਥੋੜ੍ਹੀ-ਥੋੜ੍ਹੀ ਦੇਰ ਲਈ ਕੁਝ ਮੰਦਰਾਂ ਕੋਲ ਅਟਕਦਾ ਹੈ। ਪਹਿਲਾਂ ਮੋਰ ਮਹਾਂਦੇਵ ਮੰਦਰ ਆਇਆ, ਫੇਰ ਤਿੰਨ ਕੁ ਫੁੱਟ ਉੱਚੇ ਥੜ੍ਹੇ ਉੱਤੇ ਉਸਾਰਿਆ ਹੋਇਆ ਬਾਘ ਮਹਾਂਦੇਵ ਮੰਦਰ। ਰਾਮ ਗਇਆ ਮੰਦਰ ਵਿਖਾ ਕੇ ਉਸਨੇ ਦੱਸਿਆ ਕਿ ਇਹੋ ਭਗਵਾਨ ਰਾਮ ਦੇ ਬਨਵਾਸ ਦਾ ਸਥਾਨ ਹੈ। ਹਾਲਾਂਕਿ ਇਸਦੇ ਗਰਭਗ੍ਰਹਿ ਵਿਚ ਸ਼ਿਵਲਿੰਗ ਸਥਾਪਤ ਹੈ, ਤੇ ਮੁੱਖ ਦੁਆਰ ਵਿਚ ਗਣਪਤੀ ਦੀ ਮੂਰਤੀ। ਲੱਕੜੀ ਤੋਂ ਬਣੀ ਕ੍ਰਿਸ਼ਨ ਦੀ ਇਕ ਮੂਰਤੀ ਵੀ ਹੈ, ਜੋ ਕੁਝ ਦਹਾਕਿਆਂ ਤੋਂ ਵੱਧ ਪੁਰਾਣੀ ਨਹੀਂ ਜਾਪਦੀ। ਅੱਗੇ ਜਾ ਕੇ ਸ਼ੁਕਰਾਚਾਰੀਆ ਸ਼ਾਲਾ ਹੈ, ਤੇ ਫੇਰ ਸੀਤਾ ਨਹਾਣੀ। ਇਸਤੋਂ ਅੱਗੇ ਅਸੀਂ ਲੋਣਾਰ ਸ਼ਹਿਰ ਦੇ ਰਸਤੇ ਉੱਤੇ ਪੈ ਗਏ। ਇਸ ਰਸਤੇ ਉੱਤੇ ਹੀ ਸਥਿਤ ਹੈ ਧਾਰ ਤੀਰਥ। "ਸਰ ਜੀ, ਇਹ ਮੰਦਰ ਬਹੁਤ ਪੁਰਾਣਾ ਹੈ। ਸ਼ਾਇਦ ਓਨਾ ਹੀ ਪੁਰਾਣਾ, ਜਿੰਨਾ ਲੋਣਾਰ ਸਾਗਰ।" ਏਨਾ ਕਹਿ ਕੇ ਰਾਮੇਸ਼ ਇਕ ਵਾਰ ਫੇਰ ਮਿਥਿਹਾਸ ਛੇੜ ਲੈਂਦਾ ਹੈ। "ਜਦੋਂ ਭਗਵਾਨ ਵਿਸ਼ਨੂੰ ਨੇ ਲਵਣਾਸੁਰ ਦਾ ਵੱਧ ਕੀਤਾ, ਤਾਂ ਉਸਦੀ ਲੱਤ ਖ਼ੂਨ ਵਿਚ ਲਥਪਥ ਹੋ ਗਈ। ਉਸਨੂੰ ਧੋਣ ਲਈ ਭਗਵਾਨ ਵਿਸ਼ਨੂੰ ਨੇ ਜਦ ਗੰਗਾ ਮਈਆ ਨੂੰ ਧਿਆਇਆ, ਤਾਂ ਗੰਗਾ ਮਈਆ ਖੁਦ ਆ ਪ੍ਰਗਟ ਹੋਈ। ਇਹੀ ਉਹ ਸਥਾਨ ਹੈ, ਜਿਥੇ ਗੰਗਾ ਮਾਂ ਪ੍ਰਗਟ ਹੋਈ ਸੀ।" ਇਹ ਮੰਦਰ ਅਸਲ ਵਿਚ ਬਹੁਤ ਸਾਰੇ ਮੰਦਰਾਂ ਦਾ ਸਮੂਹ ਹੈ। ਇਨਾਂ ਵਿਚ ਸ਼ਾਮਲ ਨੇ ਵਿਸ਼ਨੂੰ ਮੰਦਰ, ਗਣਪਤੀ ਮੰਦਰ, ਰੇਣੂਕਾ ਦੇਵੀ ਮੰਦਰ, ਕਾਰਤਿਕ ਸਵਾਮੀ, ਸਿਧੇਸ਼ਵਰ, ਤੇ ਹਤਕੇਸ਼ਵਰ ਮੰਦਰ। ਏਥੇ ਬੁੱਧ ਵਿਹਾਰ ਵੀ ਹੈ, ਤੇ ਅਰਾਮ ਫਰਮਾ ਰਹੇ ਹਨੂੰਮਾਨ ਦਾ ਮੰਦਰ ਵੀ। "ਹਨੂੰਮਾਨ ਜੀ ਤਾਂ ਕਹਿੰਦੇ ਨੇ ਕਦੇ ਅਰਾਮ ਨਹੀਂ ਸੀ

ਕਰਦੇ, ਫੇਰ ਇਹ ਸੌਂ ਕਿਵੇਂ ਰਹੇ ਹਨ?" ਰੀਟਾ ਨੇ ਸਵਾਲ ਕੀਤਾ, ਤਾਂ ਰਮੇਸ਼ ਨੂੰ ਇਸਦੀ ਮਿਥਿਹਾਸਕ ਕਹਾਣੀ ਸੁਨਾਣ ਦਾ ਮੌਕਾ ਵੀ ਮਿਲ ਗਿਆ। "ਹਨੂੰਮਾਨ ਜੀ ਦੀ ਮਾਤਾ ਅੰਜਨੀ ਨੇ ਇਸ ਸਥਾਨ ਪੁਰ ਬੈਠ ਕੇ ਭਗਵਾਨ ਸ਼ੰਕਰ ਦੀ ਭਗਤੀ ਕੀਤੀ ਸੀ, ਤੇ ਖੁਦ ਭਗਵਾਨ ਸ਼ੰਕਰ ਵਰਗੇ ਬਹਾਦਰ ਪੁੱਤਰ ਦਾ ਵਰਦਾਨ ਪ੍ਰਾਪਤ ਕੀਤਾ ਸੀ। ਮਗਰੋਂ ਆ ਕੇ ਜਦੋਂ ਅੰਜਨੀ ਨੇ



ਮਹਿਸੂਸ ਕੀਤਾ ਕਿ ਹੁਣ ਭਗਵਾਨ ਰਾਮ ਨੂੰ ਮਾਰੂਤੀ ਦੀ ਲੋੜ ਨਹੀਂ ਰਹੀ, ਤਾਂ ਉਸਨੇ ਆਪਣੇ ਇਸ ਪੁੱਤਰ ਨੂੰ ਵਾਪਸ ਆਪਣੇ ਜਨਮ ਸਥਾਨ ਉੱਤੇ ਪਰਤ ਕੇ ਆਰਾਮ ਕਰਨ ਦੀ ਸਲਾਹ ਦਿੱਤੀ।"

ਲੋਣਾਰ ਦਾ ਸਭ ਤੋਂ ਚੰਗਾ ਸਾਂਭਿਆ ਹੋਇਆ ਦੈਤਿਆ ਸੂਦਨ ਮੰਦਰ ਸ਼ਹਿਰ ਦੇ ਵਿਚਕਾਰ ਹੈ। ਇਹ ਵਿਸ਼ਨੂੰ ਦੇ ਉਸ ਸਰੂਪ ਨੂੰ ਸਮਰਪਿਤ ਮੰਦਰ ਹੈ, ਜਿਸ ਸਰੂਪ ਵਿਚ ਪ੍ਰਗਟ

ਹੋ ਕੇ ਉਸਨੇ ਲਵਣਾਸੁਰ ਦਾ ਵੱਧ ਕੀਤਾ ਸੀ। ਉੱਚੇ ਥੜ੍ਹੇ ਉੱਤੇ ਬਣੇ ਇਸ ਮੰਦਰ ਦੀ ਲੰਮਾਈ 105 ਫੁੱਟ ਹੈ, ਤੇ ਚੌੜਾਈ 84 ਫੁੱਟ 6 ਇੰਚ। ਗਰਭਗ੍ਰਹਿ ਵਿਚ ਲਵਣਾਸੁਰ ਦੇ ਢਿੱਡ

ਉੱਤੇ ਚੜ੍ਹੇ ਹੋਏ ਵਿਸ਼ਨੂੰ ਦੀ ਮੂਰਤੀ ਸਥਾਪਤ ਹੈ। ਅੰਤਰਾਲ ਦੇ ਕੋਨਿਆਂ ਵਿਚ ਮਿਥਿਹਾਸਕ ਕਹਾਣੀਆਂ ਦਰਸਾਂਦੀਆਂ ਹੋਈਆਂ ਮੂਰਤੀਆਂ ਨੇ। ਲਵਣਾਸੁਰ ਦੇ ਮਾਰਨ ਅਤੇ ਗੰਗਾ ਦੇ ਪ੍ਰਗਟ ਹੋਣ ਵਾਲੀ ਕਹਾਣੀ, ਕੰਸ ਅਤੇ ਬਾਲਕ ਕ੍ਰਿਸ਼ਨ ਦੀ ਕਹਾਣੀ, ਨਰਸਿੰਘ ਅਤੇ ਹਿਰਨਿਆ ਕਸ਼ਿਪ ਦੀ ਕਹਾਣੀ, ਅਤੇ ਰਾਸ ਕ੍ਰੀੜਾ ਦਾ ਦ੍ਰਿਸ਼। ਮੰਦਰ ਦੀਆਂ ਕੰਧਾਂ ਮੂਰਤੀਆਂ ਨਾਲ ਭਰੀਆਂ ਪਈਆਂ ਹਨ। ਵੱਡੀਆਂ ਮੂਰਤੀਆਂ ਵਿਚ ਸ਼ਾਮਲ ਨੇ ਖੜੋਤੇ ਸੂਰਿਆ ਦੇਵਤਾ ਦੀ ਮੂਰਤੀ, ਚਮੁੰਡਾ ਦੇਵੀ ਤੇ ਨਰਸਿਮਾਂ ਦੀਆਂ ਮੂਰਤੀਆਂ। ਸੂਰਿਆ ਦੇਵਤਾ ਦੀ ਮੂਰਤੀ ਸਦਕਾ ਬਹੁਤੇ ਸਥਾਨਕ ਲੋਕ ਇਸ ਮੰਦਰ ਨੂੰ ਸੂਰਿਆ ਮੰਦਰ ਵਾਂਗ ਵੀ ਪੂਜਦੇ ਨੇ।

ਇਹ ਮੰਦਰ ਵਿਖਾਣ ਦੇ ਨਾਲ ਹੀ ਸਾਡੇ ਗਾਈਡ ਦਾ ਕੰਮ ਖਤਮ ਸੀ, ਤੇ ਅਸੀਂ ਉਸਨੂੰ ਛੁੱਟੀ ਦੇਣ ਨੂੰ ਤਿਆਰ ਸਾਂ। ਪਰੰਤੂ ਉਹ ਸਾਨੂੰ ਛੱਡਣ ਨੂੰ ਅਜੇ ਤਿਆਰ ਨਹੀਂ ਸੀ। ਉਹ ਜ਼ਿੱਦ ਕਰਨ ਲੱਗਾ ਕਿ ਅਸੀਂ ਉਸਦੇ ਘਰ ਜਾ ਕੇ ਉਸਦੀ ਬੀਵੀ ਨੂੰ ਜ਼ਰੂਰ ਮਿਲੀਏ। ਅਸੀਂ ਉਸਦੀ ਗੱਲ ਮੰਨ ਲਈ, ਕਿਉਂਕਿ ਅਸੀਂ ਚਾਹੁੰਦੇ ਸਾਂ ਕਿ ਇਸੇ ਬਹਾਨੇ ਇਕ ਸਥਾਨਕ ਬੰਦੇ ਦਾ ਰਹਿਣ-ਸਹਿਣ ਵੇਖਣ ਨੂੰ ਮਿਲੇਗਾ। ਜਿਸ ਗਲੀ ਵਿਚੀਂ ਉਹਦੇ ਘਰ ਨੂੰ ਰਾਹ ਜਾਂਦਾ ਸੀ, ਉਸ ਦੇ ਦੋਵੀਂ ਪਾਸੀਂ ਖੁੱਲ੍ਹੀ ਨਾਲੀ ਸੀ, ਜਿਹੜੀ ਪਤਾ ਨਹੀਂ ਪਿਛਲੀ ਵਾਰ ਕਦੋਂ ਸਾਫ ਹੋਈ ਸੀ! ਜਿਥੇ ਕਿਤੇ ਖਾਲੀ ਥਾਂ ਸੀ, ਉਹ ਵੀ ਕੂੜੇ ਨਾਲ ਭਰੀ ਪਈ ਸੀ। ਘਰ ਪਹੁੰਚਣ `ਤੇ ਉਹਦੀ ਬੀਵੀ ਨੇ ਬੜੇ ਚਾਅ ਨਾਲ ਸਾਡਾ ਸੁਆਗਤ ਕੀਤਾ। ਸਾਨੂੰ ਪਲਾਸਟਕ ਦੀਆਂ ਕੁਰਸੀਆਂ ਬਹਿਣ ਲਈ ਦੇ ਕੇ ਉਹ ਆਪ ਦੋਵੇਂ ਘਾਹ ਦੇ ਮੂਹੜਿਆਂ ਉੱਤੇ ਬੈਠ ਗਏ। ਨਿੱਕਾ ਜਿਹਾ ਇਕ ਕਮਰਾ ਹੀ ਉਨ੍ਹਾਂ ਦਾ ਪੂਰਾ ਘਰ ਸੀ। ਉਸੇ ਕਮਰੇ ਵਿਚ ਉਹ ਸੌਂਦੇ-ਬਹਿੰਦੇ ਸਨ, ਉਸੇ ਦੇ ਇਕ ਕੋਨੇ ਵਿਚ ਉਨ੍ਹਾਂ ਦੀ ਰਸੋਈ ਸੀ, ਤੇ ਉਸੇ ਵਿਚ ਗੁਸਲਖਾਨਾ। ਸੁਹਣੇ ਨੈਣ ਨਕਸ਼ਾਂ ਵਾਲੀ ਰਾਮੇਸ਼ ਦੀ ਬੀਵੀ ਕੱਦ ਵਿਚ ਉਸਤੋਂ ਜ਼ਰਾ ਜਿੰਨੀ ਉੱਚੀ ਵੀ ਸੀ। ਉਸਨੇ ਬਹੁਰੰਗੇ ਡਿਜ਼ਾਈਨ ਵਾਲੀ ਸਾਫ ਸੁਥਰੀ ਸਾੜ੍ਹੀ ਪਹਿਨੀ ਹੋਈ ਸੀ, ਮੂੰਹ ਉੱਤੇ ਹਲਕਾ-ਹਲਕਾ ਪਾਊਡਰ ਮਲ਼ਿਆ ਹੋਇਆ ਸੀ, ਮੱਥੇ ਉੱਤੇ ਨਿੱਕੀ ਜਿਹੀ

ਬਿੰਦੀ ਚਿਪਕਾਈ ਹੋਈ ਸੀ, ਵਾਲਾਂ ਦੇ ਚੀਰੇ ਵਿਚ ਚੋਖਾ ਸੰਧੂਰ ਭਰਿਆ ਹੋਇਆ ਸੀ। ਹੱਥਾਂ ਵਿਚ ਵੰਗਾਂ ਤਾਂ ਸਨ, ਪਤਾ ਨਹੀਂ ਅਸਲੀ ਸੋਨੇ ਦੀਆਂ ਕਿ ਨਕਲੀ, ਪਰੰਤੂ ਹੋਰ ਕੋਈ ਗਹਿਣਾ ਨਹੀਂ ਸੀ ਪਾਇਆ ਹੋਇਆ। ਉਸਦੀ ਆਪਣੀ ਅਤੇ ਰਸੋਈ ਦੀ ਤਿਆਰੀ ਤੋਂ ਜਾਪਦਾ ਸੀ ਕਿ ਰਾਮੇਸ਼ ਨੇ ਉਸਨੂੰ ਅਗਾਊਂ ਸੂਚਨਾ ਦਿੱਤੀ ਹੋਈ ਸੀ! ਉਸਨੇ ਪਹਿਲਾਂ ਪਾਣੀ ਪਿਆਇਆ, ਤੇ ਫੇਰ ਦੋ ਥਾਲੀਆਂ ਵਿਚ ਆਮਲੇਟ ਦੇ ਨਾਲ ਦੋ-ਦੋ ਪਰਾਠੇ ਰੱਖ ਦਿੱਤੇ। ਮਿੱਟੀ ਦੇ ਤੇਲ ਦਾ ਸਟੋਵ ਬਾਲ ਕੇ ਉਸਨੇ ਚਾਹ ਵੀ ਰਿੱਝਣੀ ਧਰ ਦਿੱਤੀ। ਚਾਹ ਉਸਨੇ ਉਂਞ ਹੀ ਬਣਾਈ, ਜਿਵੇਂ ਅਸੀਂ ਇਥੋਂ ਦੇ ਢਾਬਿਆਂ ’ਤੇ ਬਣਦੀ ਵੇਖੀ ਹੈ। ਪਹਿਲਾਂ ਪਾਣੀ ਤੇ ਦੁੱਧ ਇਕੱਠਾ ਉਬਾਲ ਲਿਆ ਤੇ ਫੇਰ ਚਾਰ-ਪੰਜ ਚਮਚੇ ਚਾਹ-ਪੱਤੀ ਦੇ ਪਾ ਕੇ ਜਿਉਂ ਕੜਛੀ ਫੇਰਨ ਲੱਗੀ, ਜਿਵੇਂ ਕਿਸੇ ਸਬਜ਼ੀ ਲਈ ਮਸਾਲਾ ਭੁੰਨ ਰਹੀ ਹੋਵੇ! ਜਦੋਂ ਚਾਹ ਰਿੱਝ ਕੇ ਸ਼ਾਇਦ ਅੱਧੀ ਰਹਿ ਗਈ, ਤੇ ਚੋਖੀ ਗਾੜ੍ਹੀ ਹੋ ਗਈ, ਉਦੋਂ ਉਸਨੇ ਨਿੱਕੀਆਂ-ਨਿੱਕੀਆਂ ਗਲਾਸੀਆਂ ਵਿਚ ਪਾ ਕੇ ਫੜਾ ਦਿੱਤੀ। ਮੈਂ ਸੋਚ ਰਿਹਾ ਸਾਂ ਕਿ ਕਹਿਣ ਨੂੰ ਚਾਹ, ਚਾਹ ਹੈ, ਪਰੰਤੂ ਸਾਡੇ ਦੇਸ ਵਿਚ ਇਸਨੂੰ ਬਣਾਉਣ ਦੇ ਕਿੰਨੇ ਵੱਖੋ-ਵੱਖਰੇ ਅੰਦਾਜ਼ ਹਨ! ਕਸ਼ਮੀਰ ਦੇ ਕਾਹਵੇ ਵਿਚ ਹਰੀ ਚਾਹ, ਇਲਾਇਚੀ, ਦਾਲਚੀਨੀ, ਲੌਂਗ, ਆਦਿ ਤੋਂ ਇਲਾਵਾ ਕੇਸਰ ਤੇ ਬਦਾਮ ਵੀ ਪਾਏ ਜਾਂਦੇ ਹਨ। ਲੱਦਾਖ ਤੇ ਲਾਹੌਲ ਸਪਿਤੀ ਵਿਚ ਤੁਹਾਨੂੰ ਦੁੱਧ ਵਿਚ ਯਾਕ ਦੀ ਮਖਣੀ ਤੇ ਲੂਣ ਪਾ ਕੇ ਰਿੜਕੀ ਹੋਈ ‘ਗੁੜਗੁੜ’ ਚਾਹ ਮਿਲੇਗੀ, ਜਿਸ ਵਿਚ ਅਸਲ ਵਿਚ ਚਾਹ ਪੱਤੀ ਦੀ ਥਾਂ ਉਹ ਲੋਕ ਜੜੀ-ਬੂਟੀਆਂ ਦਾ ਇਸਤੇਮਾਲ ਕਰਦੇ ਹਨ। ਕਿਤੇ ਤੁਹਾਨੂੰ ਮਸਾਲਾ ਚਾਹ ਮਿਲੇਗੀ ਤੇ ਕਿਤੇ ਨਿੰਬੂ, ਪੁਦੀਨੇ, ਸ਼ਹਿਦ ਵਾਲੀ ਚਾਹ। ਚਾਹ ਦੇ ਨਾਲ ਉਸਨੇ ਇਕ-ਇਕ ਬਟਾਟਾ ਵੜਾ ਵੀ ਸਾਡੀਆਂ ਥਾਲੀਆਂ ਵਿਚ ਰਖ ਦਿੱਤਾ। ਮੁੰਬਈ ਵਾਲੇ ਇਸਨੂੰ ਆਲੂ ਬੋਂਦਾ ਆਖਦੇ ਹਨ। ਆਲੂਆਂ ਨੂੰ ਫੇਹ ਕੇ, ਧਨੀਆ, ਮਿਰਚ ਮਸਾਲੇ ਆਦਿ ਮਿਲਾ ਕੇ ਵੱਡੇ ਲੱਡੂਆਂ ਜਿੰਨੇ ਪੇੜੇ ਬਣਾਏ ਜਾਂਦੇ ਹਨ। ਫੇਰ ਇਨ੍ਹਾਂ ਨੂੰ ਬੇਸਨ ਦੇ ਘੋਲ ਵਿਚ ਡੁਬੋੋ ਕੇ ਪਕੌੜਿਆਂ ਵਾਂਗ ਸਰੋਂ ਤੇਲ ਵਿਚ ਤਲ ਲਿਆ ਜਾਂਦਾ ਹੈ। ਇਨਾਂ ਦੇ ਨਾਲ ਸਾਨੂੰ ਪਰੋਸੀ ਗਈ ਤਲੀ ਹੋਈ ਲੰਮੀ ਮੋਟੀ ਹਰੀ ਮਿਰਚ। ਕਰਾਰੇ-ਕਰਾਰੇ ਬਟਾਟਾ ਵੜੇ, ਤੇ ਉੱਤੋਂ ਗਰਮਾ-ਗਰਮ ਚਾਹ ਦੀਆਂ ਚੁਸਕੀਆਂ! ਮੂੰਹ ’ਚ ਹੋ ਰਹੀ ਹਲਕੀ-ਹਲਕੀ ਜਲਨ ਦਾ ਅਨੋਖਾ ਮਜ਼ਾ ਮਿਲ ਰਿਹਾ ਸੀ! ਨਾਲੋ-ਨਾਲ ਅਸੀਂ ਉਨ੍ਹਾਂ ਦੋਵਾਂ ਬਾਰੇ ਇਹ ਜਾਣਕਾਰੀ ਵੀ ਇਕੱਠੀ ਕਰ ਲਈ ਕਿ ਰਾਮੇਸ਼ ਦੀ ਬੀਵੀ ਉਸਦੇ ਮਾਮੇ ਦੀ ਧੀ ਹੈ। ਉਹ 27 ਵਰ੍ਹਿਆ ਦੀ ਹੈ, ਰਮੇਸ਼ ਤੋਂ ਪੰਜ ਸਾਲ

ਛੋਟੀ। ਰਾਮੇਸ਼ ਕਹਿੰਦਾ ਹੈ ਕਿ ਉਨਾਂ ਦਾ ਵਿਆਹ ਹੋਏ ਨੂੰ ਪੰਦਰਾਂ ਸਾਲ ਹੋ ਚੁੱਕੇ ਹਨ। ਇਸਦਾ ਮਤਲਬ ਹੋਇਆ ਕਿ ਵਿਆਹ ਵੇਲੇ ਰਾਮੇਸ਼ 17 ਵਰ੍ਹਿਆਂ ਦਾ ਸੀ, ਤੇ ਉਹਦੀ ਬੀਵੀ ਕੇਵਲ 12 ਵਰ੍ਹਿਆਂ ਦੀ! "ਇੰਝ ਕਿਵੇਂ ਹੋਇਆ? ਨਾਲੇ ਉਹ ਤੇਰੇ ਮਾਮੇ ਦੀ ਧੀ, ਤੇ ਨਾਲੇ ਸਿਰਫ ਬਾਰਾਂ ਵਰਿਆਂ ਦੀ!" ਸਾਡਾ ਸਾਂਝਾ ਸਵਾਲ ਸੀ। "ਰਾਜਪੂਤ ਅਪਨੀ ਆਈ ਪਰ ਆ ਜਾਏਂ ਤੋਂ ਉਨੇਂ ਕੋਈ ਨਹੀਂ ਰੋਕ ਸਕਤਾ! ਠੀਕ ਹੈ ਨਾ ਸਰ ਜੀ?" ਰਾਮੇਸ਼ ਦਾ ਲਹਿਜਾ ਇੰਝ ਦਾ ਸੀ, ਜਿਵੇਂ ਉਹ ਹੁਣੇ-ਹੁਣੇ ਕੋਈ ਜੰਗ ਫਤਿਹ ਕਰ ਕੇ ਮੁੜਿਆ ਹੋਵੇ, ਤੇ ਮੈਥੋਂ ਵਾਹ-ਵਾਹ ਖੱਟਣੀ ਚਾਹੁੰਦਾ ਹੋਵੇ! ਹੁਣ ਆ ਕੇ ਮੈਨੂੰ ਖੁਣਕੀ ਸੀ ਕਿ ਆਪਣੀ ਜਾਣ-ਪਛਾਣ ਕਰਵਾਣ ਵੇਲੇ ਰਾਮੇਸ਼ ਨੇ ਆਪਣਾ ਸਰ-ਨੇਮ "ਰਾਠੌੜ" ਏਨਾ ਘਰੋੜ ਕੇ ਕਿਉਂ ਦੱਸਿਆ ਸੀ!

# 10.ਨੱਕ-ਕਟੀ ਵਾਲਾ ਸ਼ਹਿਰ



ਔਰੰਗਾਬਾਦ ਤੋਂ ਦਿੱਲੀ ਵੱਲ ਹਵਾਈ ਜਹਾਜ਼ ਦੀ ਸਾਡੀ ਵਾਪਸੀ ਉਡਾਨ ਵਿਚ ਅਜੇ ਵੀ ਤਿੰਨ ਦਿਨ ਰਹਿੰਦੇ ਹਨ। ਨਾਸਿਕ ਤਾਈਂ ਵੀ ਜਾ ਹੀ ਆਈਏ, ਅਸੀਂ ਸਲਾਹ ਕੀਤੀ। ਗੋਦਾਵਰੀ ਨਦੀ ਦੇ ਕੰਢੇ ਉੱਤੇ ਵਸਿਆ ਨਾਸਿਕ ਸ਼ਹਿਰ ਇਥੋਂ ਕੋਈ ਦੋ ਕੁ ਸੌ ਕਿਲੋਮੀਟਰ ਦੂਰ ਹੈ। ਕੁੰਭ ਦੇ ਮੇਲੇ ਕਰਕੇ ਇਸ ਸ਼ਹਿਰ ਦਾ ਨਾਂਅ ਸਾਰੇ ਹਿੰਦੋਸਤਾਨ ਵਿਚ ਜਾਣਿਆ ਜਾਂਦਾ ਹੈ।

ਇਹ ਕਿਹੜਾ ਕੁੰਭ ਦਾ ਮੇਲਾ ਹੈ ਜਿਹੜਾ ਬਾਰਾਂ ਵਰ੍ਹਿਆਂ ਮਗਰੋਂ ਆਉਣਾ! ਇਹ ਕਹਾਵਤ ਅਸੀਂ ਬਚਪਨ ਤੋਂ ਸੁਣਦੇ ਆਏ ਹਾਂ। ਪਰੰਤੂ ਇਹ ਗੱਲ ਵੱਡੇ ਹੋ ਕੇ ਪਤਾ ਲੱਗੀ ਕਿ ਕੁੰਭ ਦਾ ਮੇਲਾ ਦੁਨੀਆ ਵਿਚ ਸਭ ਤੋਂ ਵੱਡਾ ਧਾਰਮਕ ਮੇਲਾ ਹੈ, ਜਿਸ ਵਿਚ ਹਜ਼ਾਰਾਂ ਜਾਂ ਲੱਖਾਂ ਨਹੀਂ, ਬਲਕਿ ਕਰੋੜਾਂ ਸ਼ਰਧਾਲੂ ਪਵਿੱਤਰ ਸਨਾਨ ਕਰਨ ਲਈ ਪੁਜਦੇ ਹਨ। ਡੇਢ ਮਹੀਨਾ ਚੱਲਣ ਵਾਲਾ ਇਹ ਮੇਲਾ ਇਕੋ ਸ਼ਹਿਰ ਵਿਚ ਨਹੀਂ, ਬਲਕਿ ਚਾਰ ਸ਼ਹਿਰਾਂ ਵਿਚ ਵਾਰੀ-ਵਾਰੀ ਲਗਦਾ ਹੈ। ਇੰਝ ਭਾਵੇਂ ਇਹ ਗੱਲ ਤਾਂ ਠੀਕ ਹੈ ਕਿ ਕਿਸੇ ਖਾਸ ਸ਼ਹਿਰ ਵਿਚ ਕੁੰਭ ਮੇਲੇ ਦੀ

ਵਾਰੀ ਬਾਰਾਂ ਵਰ੍ਹਿਆਂ ਬਾਅਦ ਆਂਦੀ ਹੈ, ਪਰ ਕਿਤੇ ਨਾ ਕਿਤੇ ਕੁੰਭ ਦਾ ਮੇਲਾ ਤਾਂ ਹਰ ਤਿੰਨਾਂ ਸਾਲਾਂ ਬਾਅਦ ਆ ਜਾਂਦਾ ਹੈ। ਕੁੰਭ ਮੇਲੇ ਪਿੱਛੇ ਮਿਥਿਆਸਕ ਕਹਾਣੀ ਇਹ ਹੈ ਕਿ ਅਮ੍ਰਿਤ ਮੰਥਨ ਵੇਲੇ ਅਮ੍ਰਿਤ ਦੇ ਘੜੇ (ਕੁੰਭ) ਲਈ ਦੇਵਤਿਆਂ ਤੇ ਅਸੁਰਾਂ ਵਿਚ ਲੜਾਈ ਹੋ ਪਈ। ਵਿਸ਼ਨੂੰ ਦੇਵਤਾ ਜਦੋਂ ਇਸ ਕੁੰਭ ਨੂੰ ਖੋਹ ਕੇ ਦੌੜਿਆ ਤਾਂ ਅਮ੍ਰਿਤ ਦੇ ਚਾਰ ਤੁਪਕੇ ਵੱਖੋ-ਵੱਖਰੇ ਥਾਵਾਂ ਉੱਤੇ ਚੋਅ ਗਏ। ਇਕ ਤੁਪਕਾ ਗੰਗਾ ਦੇ ਕਿਨਾਰੇ ਅਲਾਹਾਬਾਦ (ਪਹਿਲਾ ਨਾਂਅ ਪ੍ਰਯਾਗ) ਵਿਚ ਡਿਗਿਆ, ਇਕ ਹੋਰ ਗੰਗਾ ਦੇ ਕਿਨਾਰੇ ਹਰਿਦੁਆਰ ਵਿਚ, ਇਕ ਸ਼ਿਪਰਾ ਨਦੀ ਦੇ ਕਿਨਾਰੇ ਉਜੈਨ ਵਿਚ, ਤੇ ਇਕ ਤੁਪਕਾ ਗੋਦਾਵਰੀ ਨਦੀ ਦੇ ਕਿਨਾਰੇ ਨਾਸਿਕ ਵਿਚ। ਨਾਸਿਕ ਵਿਚ ਅਗਲੇ ਕੁੰਭ ਮੇਲੇ (2015 ਵਿਚ) ਦੀਆਂ ਤਿਆਰੀਆਂ ਹੁਣੇ ਤੋਂ ਆਰੰਭੀਆਂ ਜਾ ਚੁੱਕੀਆਂ ਹਨ।

ਔਰੰਗਾਬਾਦ ਤੋਂ ਸਵੇਰੇ-ਸਵੇਰੇ ਬੱਸ ਫੜ ਕੇ ਦੁਪਹਿਰ ਤੋਂ ਪਹਿਲਾਂ-ਪਹਿਲਾਂ ਅਸੀਂ ਨਾਸਿਕ ਪੁੱਜ ਗਏ। ਦੁਪਹਿਰੇ ਅਰਾਮ ਕੀਤਾ, ਤੇ ਲੌਢੇ ਵੇਲੇ ਅਸੀਂ ਸ਼ਹਿਰ ਦੀ ਸੈਰ ਨੂੰ ਨਿਕਲੇ। ਪੰਦਰਾਂ ਲੱਖ ਅਬਾਦੀ ਵਾਲਾ ਇਹ ਸ਼ਹਿਰ ਮੁੰਬਈ, ਪੂਣੇ ਤੇ ਨਾਗਪੁਰ ਤੋਂ ਬਾਅਦ ਮਹਾਰਾਸ਼ਟਰ ਦਾ ਚੌਥਾ ਵੱਡਾ ਸ਼ਹਿਰ ਹੈ। ਲੋਕਾਂ ਦਾ ਵਿਸ਼ਵਾਸ ਹੈ ਕਿ ਰਮਾਇਣ ਵਾਲੇ ਲਕਸ਼ਮਣ ਨੇ ਸਰੂਪਨਖਾ ਦੀ ਨਾਸਿਕਾ ਇਸੇ ਸਥਾਨ ਉੱਤੇ ਵੱਢੀ ਸੀ, ਇਸੇ ਲਈ ਇਸਦਾ ਨਾਂਅ ਨਾਸਿਕ ਪੈ ਗਿਆ। ਰਮਾਇਣ ਨਾਲ ਸੰਬੰਧਤ ਇਸ ਸ਼ਹਿਰ ਵਿਚ ਅਨੇਕਾਂ ਸਥਾਨ ਹਨ। ਗੋਦਾਵਰੀ ਨਦੀ ਦੇ ਕਿਨਾਰੇ ਸਥਿਤ ਹੈ ਰਾਮ ਕੁੰਡ, ਜਿਸਨੂੰ ਸ਼ਰਧਾਲੂ ਇਥੋਂ ਦਾ ਸਭ ਤੋਂ ਵੱਧ ਪਵਿੱਤਰ ਸਥਾਨ ਮੰਨਦੇ ਹਨ। ਨਕਸ਼ਾ ਵੇਖ ਕੇ ਅਸੀਂ ਰਾਮ ਕੁੰਡ ਦੀ ਦਿਸ਼ਾ ਵੱਲ ਹੀ ਜਾ ਰਹੇ ਸਾਂ ਕਿ ਨਦੀ ਪਾਰ ਕਰਨ ਤੋਂ ਪਹਿਲਾਂ, ਸਾਡੇ ਖੱਬੇ ਹੱਥ ਸ਼੍ਰੀ ਸੁੰਦਰ ਨਾਰਾਇਣ ਮੰਦਰ ਦਿਸਦਾ ਹੈ। ਮੰਦਰ ਦੇ ਗੇਟ ਉੱਤੇ ਮੰਦਰ ਦਾ ਨਾਂਅ ਲਿਖਿਆ ਹੋਇਆ ਹੈ, ਤੇ ਉਸਦੇ ਹੇਠਾਂ ਇਸਦਾ ਉਸਾਰੀ ਵਰ੍ਹਾ ਵੀ ਦਿੱਤਾ ਗਿਆ ਹੈ: "ਸ਼ੱਕ 1678, ਸੰਨ 1756"। ਭਗਵਾਨ ਵਿਸ਼ਨੂੰ ਨੂੰ ਸਮਰਪਿਤ ਇਹ ਮੰਦਰ ਗੰਗਾਧਰ ਯਸ਼ਵੰਤ ਚੰਦਰਚੂੜ ਨੇ ਬਣਵਾਇਆ ਸੀ। ਪੱਥਰ ਦੀ ਉਸਾਰੀ ਵਾਲੇ ਮੰਦਰ ਦਾ ਬੇਹੱਦ ਸੁੰਦਰ ਤੋਰਣ ਨਾਲ ਸਜਿਆ ਦਰਵਾਜ਼ਾ ਹੈ। ਜਿੱਧਰ ਵੀ ਨਜ਼ਰ ਜਾਂਦੀ ਹੈ, ਉੱਧਰ ਹੀ ਆਹਲਾ ਤੇ ਮਹੀਨ ਕਿਸਮ ਦੀ ਨੱਕਾਸ਼ੀ ਦੇ ਨਮੂਨੇ ਦਿਸਦੇ ਹਨ। ਗਰਭਗ੍ਰਿਹਿ ਵਿਚ ਵਿਸ਼ਨੂੰ (ਨਰਾਇਣ), ਦੇਵੀ ਲਕਸ਼ਮੀ ਤੇ ਸਰਸਵਤੀ ਦੇਵੀ ਸੁਸ਼ੋਭਤ ਹਨ। ਇਨ੍ਹਾਂ ਤੋਂ ਇਲਾਵਾ ਕਾਲੇ ਪੱਥਰ ਵਿਚ ਉਮਾ

ਗਰੁੜ ਦੀ ਮੂਰਤੀ ਤੇ ਗੇਰੂਏ ਰੰਗ ਵਿਚ ਹਨੂੰਮਾਨ ਵੀ ਹਨ, ਤੇ ਮਹਾਂਲਕਸ਼ਮੀ, ਗਣੇਸ਼ ਤੇ ਉਮਾ ਗਣਪਤੀ ਦੀਆਂ ਮੂਰਤੀਆਂ ਵੀ।

ਮੰਦਰ ਦੇ ਵਿਹੜੇ ਵਿਚ ਪੁਰਾਣੀ ਜਿਹੀ ਦਰੀ ਵਿਛਾ ਕੇ ਮੰਦਰ ਦਾ ਪੁਜਾਰੀ ਚੌਕੜੀ ਮਾਰੀ ਬੈਠਾ ਹੈ। ਗਲ਼ ਵਿਚ ਬਦਾਮੀ ਕੁੜਤਾ, ਤੇੜ ਲਾਲ ਕੰਨੀ ਵਾਲੀ ਸਫੇਦ ਧੋਤੀ, ਸਿਰ ਉੱਤੇ ਮੋਟੀ ਬੋਦੀ ਦਾ ਜੂੜਾ ਕੀਤਾ ਹੋਇਆ ਹੈ। ਉਮਰ ਉਸਦੀ ਚਾਲ਼ੀਆਂ ਤੋਂ ਉੱਪਰ ਨਹੀਂ ਲਗਦੀ। ਉਹਦੇ ਇਕ ਪਾਸੇ ਲਾਲ ਕਪੜੇ ਵਿਚ ਲਪੇਟੀ ਇਕ ਪੋਥੀ ਪਈ ਹੈ, ਤੇ ਦੋ ਕੁ ਕਾਪੀਆਂ, ਜਾਂ ਸ਼ਾਇਦ ਪਤਰੀਆਂ। ਆਪਣੇ ਵਲੋਂ ਉਹ ਆਪਣੀ ਦੁਕਾਨ ਪੂਰੀ ਤਰ੍ਹਾਂ ਸਜਾ ਕੇ ਬੈਠਾ ਹੈ, ਪਰ ਜਾਪਦੈ, ਗਾਹਕ ਕੋਈ ਵਿਰਲਾ ਟਾਵਾਂ ਹੀ ਆਉਂਦਾ ਹੋਵੇਗਾ! ਇਸ ਵੇਲੇ ਮੰਦਰ ਵਿਚ ਕੋਈ ਸ਼ਰਧਾਲੂ ਨਹੀਂ ਦਿਸਦਾ, ਸਾਰੇ ਬਾਹਰੋਂ ਆਏ ਸੈਲਾਨੀ ਹੀ ਹਨ, ਜਿਨ੍ਹਾਂ ਦੀ ਰੁਚੀ ਮੰਦਰ ਦੀ ਭਵਨ-ਨਿਰਮਾਣ ਅਤੇ ਸੁਹਜ ਕਲਾ ਵਿਚ ਦੂਣੀ ਹੈ, ਤੇ ਪੂਜਾ-ਪਾਠ ਵਿਚ ਨਿਗੂਣੀ। ਬਹੁਤੇ ਸੈਲਾਨੀ ਕਾਹਲੀ ਵਿਚ ਹਨ। ਇਸ ਮੰਦਰ ਨੂੰ ਵੇਖ ਕੇ ਉਨ੍ਹਾਂ ਨੇ ਫਟਾਫਟ ਅਗਲੇ ਸੈਰ-ਸਥਾਨ ਉੱਤੇ ਹਾਜ਼ਰੀ ਲਗਵਾਉਣੀ ਹੈ। ਉਨ੍ਹਾਂ ਦੀ ਰੁਚੀ ਟੂਰਿਸਟ ਗਾਈਡ ਵਿਚ ਲਿਖੀਆਂ ਸਾਰੀਆਂ ਥਾਂਵਾਂ ਉੱਤੇ ਟਿੱਕ ਮਾਰਣਾ, ਫੋਟੋਆਂ ਖਿੱਚਣਾ, ਤੇ ਉਨ੍ਹਾਂ ਫੋਟੋਆਂ ਨੂੰ ਸੋਸ਼ਲ ਮੀਡੀਏ ਉੱਤੇ ਸ਼ੇਅਰ ਕਰਨ ਵਿਚ ਵਧੇਰੇ ਹੈ। ਮੇਰੇ ਹਿਸਾਬ ਨਾਲ ਪੁਜਾਰੀ ਨਾਲ ਦੋ ਗੱਲਾਂ ਕਰਨ ਦਾ ਇਹ ਵਧੀਆ ਮੌਕਾ ਸੀ।

"ਆਪਕੇ ਪਾਸ ਬੈਠ ਜਾਏਂ?"

"ਬੈਠੀਏ!" ਉਸਨੇ ਦਰੀ ਵੱਲ ਇਸ਼ਾਰਾ ਕਰ ਕੇ ਕਿਹਾ।

"ਮੰਦਰ ਕੇ ਬਾਰੇ ਮੇਂ ਕੁਛ ਬਤਾਈਏ!"

ਸਾਡੇ ਇੰਨਾ ਕਹਿਣ ਦੀ ਦੇਰ ਸੀ ਕਿ ਪੰਡਿਤ ਜੀ ਦੀ ਰਟੀ-ਰਟਾਈ ਕਹਾਣੀ ਸ਼ੁਰੂ ਹੋ ਗਈ। ਇਤਿਹਾਸ ਤੇ ਮਿਥਿਆਸ ਦੇ ਮਿਲਗੋਭੇ ਵਾਲੀ ਕਹਾਣੀ।

"ਇਹ ਬਹੁਤ ਪ੍ਰਾਚੀਨ ਮੰਦਰ ਹੈ।" (ਢਾਈ ਸੌ ਸਾਲ ਪੁਰਾਣਾ ਏਨਾ ਪ੍ਰਾਚੀਨ ਵੀ ਨਹੀਂ ਹੁੰਦਾ, ਮੈਂ ਮਨ ਹੀ ਮਨ ਸੋਚਦਾ ਹਾਂ!)

"ਇਸਦੀ ਕਹਾਣੀ ਅਸੁਰਾਂ ਦੇ ਰਾਜੇ ਜਲੰਧਰ ਨਾਲ ਜੁੜੀ ਹੋਈ ਹੈ।" ਪੰਡਿਤ ਜੀ ਨੇ ਕਹਾਣੀ ਜਾਰੀ ਰੱਖੀ। ਉਸਦਾ ਮੰਦਰ ਦੇ ਗੇਟ ਉੱਤੇ ਲਿਖੇ ਉਸਾਰੀ ਵਰ੍ਹੇ ਨਾਲ ਕੋਈ ਵਾਸਤਾ ਨਹੀਂ ਸੀ।

"ਅੱਛਾ ਜੀ? ਅਸੀਂ ਪੰਜਾਬ ਦੇ ਸ਼ਹਿਰ ਜਲੰਧਰ ਤੋਂ ਹਾਂ।" ਮੈਂ ਕਿਹਾ।

"ਫੇਰ ਤਾਂ ਤੁਹਾਨੂੰ ਪਤਾ ਹੀ ਹੋਵੇਗਾ ਕਿ ਜਲੰਧਰ ਬਹੁਤ ਹੀ ਜ਼ਿਆਦਾ ਤਾਕਤਵਰ ਅਸੁਰ ਸੀ, ਕਿਉਂਕਿ ਉਹ ਸ਼ਿਵ ਦੀ ਤੀਜੀ ਅੱਖ ਅਤੇ ਸਮੁੰਦਰ ਦੇ ਮੇਲ ਤੋਂ ਪੈਦਾ ਹੋਇਆ ਸੀ। ਉਹ ਏਨਾ ਤਾਕਤਵਰ ਸੀ ਕਿ ਦੇਵਤੇ ਵੀ ਉਸਤੋਂ ਡਰਦੇ ਸਨ। ਸ਼ਿਵ ਪੁਰਾਣ ਵਿਚ ਕਹਾਣੀ ਦਰਜ਼ ਹੈ ਕਿ ਜਲੰਧਰ ਭਗਵਾਨ ਸ਼ਿਵ ਦੀ ਪਤਨੀ ਪਾਰਵਤੀ ਉੱਤੇ ਮੋਹਿਤ ਹੋ ਗਿਆ। ਸ਼ਿਵ ਦੀ ਗੈਰਹਾਜ਼ਰੀ ਵਿਚ ਉਸਨੇ ਸ਼ਿਵ ਦਾ ਰੂਪ ਵਟਾਇਆ, ਅਤੇ ਪਾਰਵਤੀ ਕੋਲ ਜਾ ਪਹੁੰਚਿਆ। ਪਰੰਤੂ ਪਾਰਵਤੀ ਨੇ ਜਲੰਧਰ ਨੂੰ ਪਛਾਣ ਲਿਆ। ਜਿਉਂ ਹੀ ਪਾਰਵਤੀ ਨੇ ਜਲੰਧਰ ਨੂੰ ਨਸ਼ਟ ਕਰਨ ਲਈ ਕਾਲੀ ਦਾ ਰੂਪ ਧਾਰਣ ਕੀਤਾ, ਜਲੰਧਰ ਬਚ ਕੇ ਨਿਕਲ ਗਿਆ। ਉਸ ਵੇਲੇ ਪਾਰਵਤੀ ਨੇ ਜਾ ਕੇ ਭਗਵਾਨ ਵਿਸ਼ਨੂੰ ਨੂੰ ਬੇਨਤੀ ਕੀਤੀ ਕਿ ਬਦਲਾ ਲੈਣ ਲਈ ਉਹ ਜਲੰਧਰ ਦੀ ਪਤਨੀ ਵਰਿੰਦਾ ਕੋਲ ਜਾ ਕੇ ਉਸਨੂੰ ਭਰਮਾਣ ਦਾ ਕੰਮ ਕਰੇ। ਹੁਣ ਜਦੋਂ ਵਿਸ਼ਨੂੰ ਜਲੰਧਰ ਦਾ ਰੂਪ ਵਟਾ ਕੇ ਵਰਿੰਦਾ ਕੋਲ ਪੁੱਜਾ, ਤਾਂ ਵਰਿੰਦਾ ਨੇ ਉਸਨੂੰ ਪਛਾਣ ਲਿਆ ਅਤੇ ਉਸਨੂੰ ਕਰੂਪਤਾ ਦਾ ਸਰਾਪ ਦੇ ਦਿੱਤਾ। ਨਾਲ ਹੀ ਉਸਨੇ ਇਹ ਸਰਾਪ ਵੀ ਦਿੱਤਾ ਕਿ ਵਿਸ਼ਨੂੰ ਦੀ ਪਤਨੀ ਨੂੰ ਵੀ ਕਦੇ ਕੋਈ ਉਧਾਲ ਕੇ ਲੈ ਜਾਵੇਗਾ। ਇੰਝ ਵਿਸ਼ਨੂੰ ਦਾ ਰੰਗ ਕਾਲਾ ਹੋ ਗਿਆ, ਤੇ ਉਹ ਕਰੂਪ ਹੋ ਗਿਆ। (ਮੈਂ ਸੋਚਦਾ ਹਾਂ ਕਿ ਕਿਵੇਂ ਭਾਰਤੀਆਂ ਦੇ ਧੁਰ ਅੰਦਰ ਤੱਕ ਇਹ ਧਾਰਨਾ ਧਸੀ ਹੋਈ ਹੈ ਕਿ ਜਿਸਦੀ ਚਮੜੀ ਕਾਲੀ/ਸਾਂਵਲੀ ਹੈ, ਉਹ ਕਰੂਪ ਹੈ!) ਤੇ ਵਰਿੰਦਾ ਦਾ ਦੂਸਰਾ ਸਰਾਪ ਵੀ ਉਦੋਂ ਸੱਚ ਹੋ ਨਿਬੜਿਆ ਜਦੋਂ ਰਾਮ ਦੀ ਪਤਨੀ ਸੀਤਾ ਨੂੰ ਰਾਵਣ ਉਧਾਲ ਕੇ ਲੈ ਗਿਆ।"

"ਜਿਥੇ ਅੱਜ ਇਹ ਮੰਦਰ ਖੜ੍ਹਾ ਹੈ, ਇਹੀ ਉਹ ਸਥਾਨ ਹੈ, ਜਿਥੇ ਗੋਦਾਵਰੀ ਨਦੀ ਵਿਚ ਸਨਾਨ ਕਰ ਕੇ ਭਗਵਾਨ ਵਿਸ਼ਨੂੰ ਨੇ ਕਰੂਪਤਾ ਦੇ ਸਰਾਪ ਤੋਂ ਮੁਕਤੀ ਪਾਈ ਅਤੇ ਮੁੜ ਤੋਂ ਸੁੰਦਰ ਹੋ ਗਏ ਸਨ। ਇਸੇ ਲਈ ਇਸ ਮੰਦਰ ਦਾ ਨਾਂਅ ਹੈ ਸੁੰਦਰ ਨਰਾਇਣ।" ਇਹ ਕਹਿ ਕੇ ਪੰਡਿਤ ਜੀ ਨੇ ਆਪਣੀ ਕਹਾਣੀ ਮੁਕਾ ਦਿੱਤੀ।

ਮੈਂ ਸੋਚ ਰਿਹਾ ਸਾਂ ਕਿ ਇਨ੍ਹਾਂ ਮਿਥਿਆਸਕ ਕਾਹਣੀਆਂ ਵਿਚ ਕਿਵੇਂ-ਕਿਵੇਂ ਮਨੁੱਖ ਦੀ ਕਲਪਨਾ ਉਡਾਰੀ ਭਰਦੀ ਹੈ। ਨਾਲ ਹੀ ਨਾਲ ਇਹ ਕੈਸਾ ਇਤਫਾਕ ਹੈ ਕਿ ਇਸ ਮੰਦਰ ਦਾ ਰਿਸ਼ਤਾ ਜਲੰਧਰ ਅਸੁਰ ਰਾਹੀਂ ਇਥੋਂ ਡੇਢ ਹਜ਼ਾਰ ਕਿਲੋਮੀਟਰ ਦੂਰ ਮੇਰੇ ਸ਼ਹਿਰ ਜਲੰਧਰ ਨਾਲ ਜਾ ਜੁੜਦਾ ਹੈ!

ਮੈਂ ਆਪਣੇ ਬਟੂਏ 'ਚੋਂ 100 ਰੁਪਏ ਦਾ ਨੋਟ ਕੱਢ ਕੇ ਪੰਡਿਤ ਜੀ ਨੂੰ ਫੜਾਂਦਾ ਹਾਂ, ਤਾਂ ਉਹ ਇਕ ਹੋਰ ਜਾਣਕਾਰੀ (ਸ਼ਾਇਦ ਨੋਟ ਦੇ ਇਵਜ਼ਾਨੇ ਵਜੋਂ) ਦੇਂਦੇ ਹਨ। "ਇਸ ਮੰਦਰ ਦੀ ਭਵਨ-ਨਿਰਮਾਣ ਕਲਾ ਦੀ ਇਕ ਖਾਸੀਅਤ ਇਹ ਹੈ ਕਿ ਸ਼ਕ ਸੰਵਤ ਕੈਲੰਡਰ ਦੇ ਨਵੇਂ ਸਾਲ ਵਾਲੇ ਦਿਨ, ਭਾਵ ਪਹਿਲੀ ਚੇਤਰ (21 ਜਾਂ 22 ਮਾਰਚ) ਨੂੰ, ਜਦੋਂ ਇਸ ਥਾਂ ਦਿਨ ਤੇ ਰਾਤ ਬਰੋ-ਬਰਾਬਰ ਹੁੰਦੇ ਹਨ, ਅਤੇ ਸੂਰਜ ਠੀਕ ਪੂਰਬ ਤੋਂ ਚੜ੍ਹ ਕੇ ਠੀਕ ਪੱਛਮ ਵਿਚ ਡੁੱਬਦਾ ਹੈ, ਉਦੋਂ ਚੜ੍ਹਦੇ ਸੂਰਜ ਦੀਆਂ ਕਿਰਨਾਂ ਸਭ ਤੋਂ ਪਹਿਲਾਂ ਭਗਵਾਨ ਵਿਸ਼ਨੂੰ ਦੀ ਮੂਰਤੀ ਨੂੰ ਆ ਕੇ ਰੁਸ਼ਨਾਂਦੀਆਂ ਹਨ।" ਇਹ ਸੁਣ ਕੇ ਇਕ ਵਾਰ ਫੇਰ ਮੈਂ ਇਸ ਥਾਂ ਦਾ ਰਿਸ਼ਤਾ ਪੰਜਾਬ ਨਾਲ ਜਾ ਜੋੜਦਾ ਹਾਂ। ਮੈਂ ਕਦੇ ਪੜ੍ਹਿਆ ਸੀ ਕਿ ਸ਼ਕ ਸੰਵਤ ਕੈਲੰਡਰ ਦਾ ਮੋਢੀ ਸ਼ਾਲਿਵਾਹਨ ਦੋ ਹਜ਼ਾਰ ਵਰ੍ਹੇ ਪਹਿਲਾਂ ਦੱਖਣ ਤੋਂ ਤੁਰ ਕੇ ਪੰਜਾਬ ਤੱਕ ਅਪੜਿਆ ਸੀ। (ਪੱਛਮੀ ਪੰਜਾਬ ਦਾ ਸ਼ਹਿਰ ਸਿਆਲਕੋਟ ਉਸੇ ਵਲੋਂ ਵਸਾਇਆ ਦੱਸਿਆ ਜਾਂਦਾ ਹੈ।)

ਗੋਦਾਵਰੀ ਦਾ ਅਹਿਲਿਆਬਾਈ ਹੋਲਕਰ ਪੁਲ (ਪੁਰਾਣਾ ਨਾਂਅ ਵਿਕਟੋਰੀਆ ਪੁਲ) ਪਾਰ ਕਰ ਕੇ ਅਸੀਂ ਗੋਦਾਵਰੀ ਦੇ ਦੂਸਰੇ ਪਾਸੇ ਪੁੱਜਦੇ ਹਾਂ। ਨਦੀ ਦੇ ਇਸ ਪਾਸੇ ਨਦੀ ਵਿਚੋਂ ਪਾਣੀ ਲੈ ਕੇ, ਨਦੀ ਦੇ ਬਹਾਅ ਦੇ ਉਲਟੇ ਪਾਸੇ ਨੂੰ ਪੱਕਾ ਤਲਾਬ ਬਣਾਇਆ ਹੋਇਆ ਹੈ, ਜਿਸ ਵਿਚ ਨਦੀ ਦਾ ਪਾਣੀ ਧੀਰੇ-ਧੀਰੇ ਵੜਦਾ-ਨਿਕਲਦਾ ਰਹਿੰਦਾ ਹੈ। ਇਸੇ ਤਲਾਬ ਨੂੰ ਰਾਮ ਕੁੰਡ ਆਖਦੇ ਹਨ, ਜਿਹੜਾ ਇਸ ਸ਼ਹਿਰ ਦਾ ਸਭ ਤੋਂ ਮਹੱਤਵਪੂਰਨ ਤੀਰਥ ਸਥਾਨ ਹੈ। 12 ਮੀਟਰ

ਚੌੜਾ, ਤੇ 27 ਮੀਟਰ ਲੰਮਾ ਇਹ ਕੁੰਡ ਅਸਲ ਵਿਚ 1696 ਈਸਵੀ ਵਿਚ ਚਿਤਰਾਰਾਓ ਖਟਰਾਕਰ ਨੇ ਬਣਵਾਇਆ ਸੀ। ਇਸ ਤਲਾਬ ਦੇ ਨਦੀ ਤੋਂ ਵਖਰੇ ਹੋਣ ਦਾ ਇਕ ਫਾਇਦਾ ਇਹ ਹੈ ਕਿ ਇਸ ਵਿਚ ਸੁੱਟਿਆ ਜਾਂਦਾ ਸਾਰਾ ਗੰਦ ਸਿੱਧਾ ਨਦੀ ਵਿਚ ਨਹੀਂ ਵਹਿੰਦਾ, ਇਹਦੇ ਵਿਚ ਹੀ ਅਟਕਿਆ ਰਹਿ ਜਾਂਦਾ ਹੈ, ਤੇ ਇਸ ਤਲਾਬ ਨੂੰ ਵੱਖਰੇ ਤੌਰ ’ਤੇ ਸਾਫ ਕੀਤਾ ਜਾ ਸਕਦਾ ਹੈ। ਕਦੇ-ਕਦਾਈਂ ਜੇ ਨਦੀ ਵਿਚ ਪਾਣੀ ਕਾਫੀ ਨਾ ਹੋਵੇ ਤਾਂ ਇਸ ਤਲਾਬ ਵਿਚ ਪਾਣੀ ਟੈਂਕਰਾਂ ਨਾਲ ਲਿਆ ਕੇ ਵੀ ਭਰਿਆ ਜਾਂਦਾ ਹੈ।

ਸ਼ਰਧਾਲੂਆਂ ਦਾ ਵਿਸ਼ਵਾਸ ਹੈ ਕਿ ਭਗਵਾਨ ਰਾਮ ਨੇ ਆਪਣੇ ਪਿਤਾ ਰਾਜਾ ਦਸ਼ਰਥ ਦੀਆਂ ਅਸਥੀਆਂ ਰਾਮ ਕੁੰਡ ਵਿਚ ਪਰਵਾਹ ਕੀਤੀਆਂ ਸਨ। ਇਸੇ ਲਈ ਅੱਜ ਦੇ ਦਿਨ ਵੀ ਹਜ਼ਾਰਾਂ ਸ਼ਰਧਾਲੂ ਅਸਥੀਆਂ ਪਰਵਾਹ ਕਰਨ ਲਈ ਇਥੇ ਆਉਂਦੇ ਹਨ। ਅਸੀਂ ਵੇਖਿਆ ਕਿ ਥਾਂ-ਥਾਂ ਉੱਤੇ ਮਰਦ ਤੇ ਔਰਤਾਂ ਨਿੱਕੀਆਂ-ਨਿੱਕੀਆਂ ਟੋਲੀਆਂ ਵਿਚ ਬੈਠੇ ਹਨ। ਕੁਝਨਾਂ ਨੇ ਹੇਠਾਂ ਚਾਦਰ ਵਿਛਾਈ ਹੋਈ ਹੈ, ਬਾਕੀ ਨੰਗੀ ਫਰਸ਼ ਉੱਤੇ ਹੀ ਪਸੱਕੜਾ ਮਾਰੀ ਬੈਠੇ ਹਨ। ਕੁਝ ਪਰਿਵਾਰ ਆਪਣੇ-ਆਪਣੇ ਪਾਂਡਿਆਂ ਨੂੰ ਲੈ ਕੇ ਅਸਥੀਆਂ ਪਰਵਾਹ ਕਰਨ ਦੀ ਰਸਮ ਨਿਭਾਅ ਰਹੇ ਹਨ, ਤੇ ਕਈ ਹੋਰ ਕੁੰਡ ਦੇ ਪਾਣੀ ਵਿਚ ਸਨਾਨ ਕਰ ਰਹੇ ਹਨ। ਕਈ ਲੋਕ ਤਾਂ ਇਸੇ ਪਾਣੀ ਵਿਚ ਕਪੜੇ ਵੀ ਧੋਈ ਜਾਂਦੇ ਹਨ, ਹਾਲਾਂਕਿ ਇਸਦੀ ਮਨਾਹੀ ਕਰਦਾ ਬੋਰਡ ਵੀ ਬਿਲਕੁਲ ਅੱਖਾਂ ਸਾਹਮਣੇ ਲੱਗਾ ਹੋਇਆ ਹੈ। ਅਸਥੀਆਂ, ਗੇਂਦੇ ਦੇ ਫੁੱਲਾਂ, ਲੋਕਾਂ ਦੇ ਨਹਾਣ, ਆਦਿ ਨਾਲ ਪਾਣੀ ਕਾਫੀ ਗੰਦਾ ਤੇ ਗੰਧਲਾ ਜਾਪ ਰਿਹਾ ਹੈ। ਕਦੇ ਕਦਾਈਂ ਜਦੋਂ ਮਿਊਨਿਸਪਲ ਕਾਰਪੋਰੇਸ਼ਨ ਇਸ ਕੁੰਡ ਅਤੇ ਨਾਲ ਜੁੜਦੀ ਨਦੀ ਨੂੰ ਸਾਫ ਕਰਵਾਂਦੀ ਹੈ, ਤਾਂ ਟੱਨਾਂ ਮੂੰਹੀਂ ਗੰਦ ਨਿਕਲਦਾ ਹੈ। ਅਸਥੀਆਂ ਤੇ ਫੁੱਲਾਂ ਤੋਂ ਇਲਾਵਾ ਲੋਕਾਂ ਦੇ ਸਾਫੇ-ਤੌਲੀਏ, ਨਿਰਮਲੀਏ, ਪਲਾਟਿਕ ਦੀਆਂ ਥੈਲੀਆਂ ਤੇ ਹੋਰ ਕਿੰਨਾ ਹੀ ਨਿਕਸੁਕ ਕੁੰਡ ਦੀ ਪੱਕੀ ਫਰਸ਼ ਉੱਤੇ ਜਾ ਕੇ ਬੈਠਦਾ ਰਹਿੰਦਾ ਹੈ। ਅਸੀਂ ਇਸ ਪਾਣੀ ਦੇ ਨੇੜੇ ਜਾਣ ਤੋਂ ਵੀ ਕਤਰਾ ਰਹੇ ਹਾਂ, ਇਸਨੂੰ ਹੱਥ ਲਾਉਣਾ ਤਾਂ ਦੂਰ ਦੀ ਗੱਲ ਹੈ! ਪਰੰਤੂ ਸ਼ਰਧਾਲੂ ਤਾਂ ਇਸ ਪਾਣੀ ਨੂੰ ਪਵਿੱਤਰ ਮੰਨ ਕੇ ਚੁੱਲੀਆਂ ਭਰ-ਭਰ ਪੀ ਵੀ ਰਹੇ ਹਨ!

"ਇੰਝ ਹੀ ਇਹ ਲੋਕ ਬਿਮਾਰ ਪੈ ਜਾਂਦੇ ਹਨ। ਹਾਈਜੀਨ ਦਾ ਖਿਆਲ ਹੀ ਕੋਈ ਨਹੀਂ ਇਨ੍ਹਾਂ ਨੂੰ। ਕਈ ਤਾਂ ਵੇਖਣ ਨੂੰ ਪੜ੍ਹੇ-ਲਿਖੇ ਲਗਦੇ ਨੇ!" ਰੀਟਾ ਤੋਂ ਇਹ ਸਭ ਵੇਖਿਆ ਨਹੀਂ ਸੀ ਜਾ ਰਿਹਾ।

"ਪਰੰਤੂ ਸਵੱਛਤਾ ਜਾਂ ਪੜ੍ਹਾਈ-ਲਿਖਾਈ ਆਪਣੇ ਥਾਂ ਹੈ, ਤੇ ਅੰਨ੍ਹੀ ਸ਼ਰਧਾ ਆਪਣੇ ਥਾਂ।" ਅਸੀਂ ਇਕ ਪਾਸੇ ਸੁੱਕੀ ਤੇ ਸਾਫ (ਮੁਕਾਬਲਤਨ) ਥਾਂ ਵੇਖ ਕੇ ਬੈਠ ਗਏ ਸਾਂ, ਤੇ ਮੈਂ ਆਪਣਾ ਗਿਆਨ ਝਾੜਨ ਲਈ ਜਿਵੇਂ ਮੌਕਾ ਹੀ ਭਾਲ ਰਿਹਾ ਸਾਂ।

"ਉੱਤਰੀ ਭਾਰਤ ਦੇ ਹਿੰਦੂਆਂ ਦਾ ਵਿਸ਼ਵਾਸ ਹੈ ਕਿ ਮ੍ਰਿਤਕ ਦੀ ਮੁਕਤੀ ਲਈ ਜ਼ਰੂਰੀ ਹੈ ਕਿ ਉਸਦੀਆਂ ਅਸਥੀਆਂ ਗੰਗਾ ਵਿਚ ਪ੍ਰਵਾਹ ਕੀਤੀਆਂ ਜਾਣ। ਬਲਕਿ ਹੋ ਸਕੇ ਤਾਂ ਦੇਹ ਨੂੰ ਜਲਾਇਆ ਹੀ ਗੰਗਾ ਦੇ ਕਿਨਾਰੇ ਜਾਵੇ। ਜਿਹੜੇ ਲੋਕ ਗੰਗਾ ਤੱਕ ਨਹੀਂ ਪਹੁੰਚ ਸਕਦੇ, ਉਹ ਆਪਣੇ ਨੇੜਲੀ ਕਿਸੇ ਹੋਰ ਨਦੀ ਵਿਚ ਅਸਥੀਆਂ ਪ੍ਰਵਾਹ ਕਰ ਦੇਂਦੇ ਹਨ। ਹਾਲਾਂਕਿ ਮੈਨੂੰ ਨਹੀਂ ਪਤਾ ਕਿ ਅਸਥੀਆਂ ਪ੍ਰਵਾਹ ਕਰਨ ਪਿੱਛੇ ਪੰਜਾਂ ਤੱਤਾਂ ਵਾਲਾ ਤਰਕ ਕਿਵੇਂ ਫਿੱਟ ਹੁੰਦਾ ਹੈ! ਜੇ ਦੇਹ ਨੂੰ ਸਾੜਨ ਪਿੱਛੇ ਤਰਕ ਇਹ ਹੈ ਕਿ ਜਿਨ੍ਹਾਂ ਤੱਤਾਂ ਤੋਂ ਸਰੀਰ ਬਣਿਆ ਹੈ, ਉਨ੍ਹਾਂ ਤੱਤਾਂ ਵਿਚ ਮੁੜ ਵਿਲੀਨ ਹੋ ਜਾਵੇ, ਤਾਂ ਜਿਹੜੀਆਂ ਥੋੜ੍ਹੀਆਂ ਬਹੁਤ ਅਸਥੀਆਂ ਸੜ ਨਹੀਂ ਸਕੀਆਂ, ਉਹ ਪ੍ਰਿਥਵੀ, ਭਾਵ ਮਿੱਟੀ ਵਿਚ ਵਿਲੀਨ ਕਰਨੀਆਂ ਚਾਹੀਦੀਆਂ ਹਨ। ਸੱਚ ਪੁੱਛੋਂ ਤਾਂ ਇਹ ਜਿਹੜੇ ਪੰਜ ਤੱਤ ਗਿਣਵਾਂਦੇ ਹਨ, ਪ੍ਰਿਰਥਵੀ, ਜਲ, ਅਕਾਸ਼, ਅਗਨੀ, ਵਾਯੂ; ਮੈਨੂੰ ਤਾਂ ਇਹ ਹੀ ਸਮਝ ਨਹੀਂ ਪੈਂਦੇ! ਪ੍ਰਿਰਥਵੀ ਤੋਂ ਭਾਵ ਤਾਂ ਹੋਇਆ ਠੋਸ ਪਦਾਰਥ, ਜਲ ਦਾ ਮਤਲਬ ਤਰਲ ਪਦਾਰਥ, ਵਾਯੂ ਦਾ ਗੈਸ ਪਦਾਰਥ। ਆਹ ਅਕਾਸ਼ ਤੇ ਅਗਨੀ ਕਿਹੜੇ ਤੱਤ ਹੋਏ!”

"ਨਾਲੇ ਸਾਡੇ ਹੀ ਦੇਸ਼ ਵਿਚ ਕਿੰਨੇ ਅਜਿਹੇ ਹਿੰਦੂ ਹਨ, ਜਿਹੜੇ ਆਪਣੇ ਮ੍ਰਿਤਕਾਂ ਨੂੰ ਸਾੜਦੇ ਨਹੀਂ, ਜ਼ਮੀਨ ਵਿਚ ਦਬਾਂਦੇ ਹਨ। ਵੈਸੇ ਵੀ ਬੱਚਿਆਂ ਤੇ ਸੰਤਾਂ-ਮਹਾਤਮਾਵਾਂ ਨੂੰ ਤਕਰੀਬਨ ਸਾਰੇ ਹਿੰਦੂ ਚਿਤਾ ਵਿਚ ਜਲਾਂਦੇ ਨਹੀਂ। ਤੈਨੂੰ ਯਾਦ ਹੈ ਆਪਾਂ ਰਾਜਸਥਾਨ ਦੇ ਇਕ ਪਿੰਡ ਵਿਚ ਕੁਝ ਬਿਸ਼ਨੋਈਆਂ ਨੂੰ ਮਿਲੇ ਸਾਂ। ਉਹ ਵੀ ਆਪਣੇ ਮ੍ਰਿਤਕਾਂ ਨੂੰ ਸਾੜਦੇ ਨਹੀਂ, ਦਬਾਂਦੇ ਨੇ। ਉਹ ਇੰਝ ਇਸਲਈ ਕਰਦੇ ਹਨ, ਤਾਂਕਿ ਰੁੱਖਾਂ ਨੂੰ ਬਚਾਇਆ ਜਾ ਸਕੇ। ਰਾਜਸਥਾਨ ਦੇ ਜਸਨਾਥੀ ਤੇ ਮੇਘਵਾਲ ਵੀ ਮ੍ਰਿਤਕਾਂ ਨੂੰ ਦਬਾਂਦੇ ਹੀ ਹਨ। ਬੰਗਲੌਰ ਵਿਚ ਮੈਂ ਹਿੰਦੂ

ਕਬਰਿਸਤਾਨ ਵੀ ਵੇਖਿਆ ਸੀ। ਹਿੰਦੂਆਂ ਦੀਆਂ ਬੜੀਆਂ ਰੰਗ-ਬਰੰਗੀਆਂ ਕਬਰਾਂ ਨੇ ਓਥੇ। ਪੱਕੀਆਂ ਕਬਰਾਂ, ਕਿਸੇ-ਕਿਸੇ ਕਬਰ ਉੱਤੇ ਮ੍ਰਿਤਕ ਦਾ ਬੁੱਤ ਵੀ, ਕਿਸੇ ਉੱਤੇ ਸ਼ਿਵਲਿੰਗ, ਕਿਸੇ ਉੱਤੇ ਨੰਦੀ ਬੈਲ। ਕੁਝ ਕੁ ਛੱਤੀਆਂ, ਪਰ ਬਹੁਤੀਆਂ ਅਣਛੱਤੀਆਂ। ਇਥੇ ਕੁਝ ਚੀਨੀਆਂ ਦੀਆਂ ਕਬਰਾਂ ਵੀ ਸਨ। ਸਾਡੇ ਪੰਜਾਬ 'ਚ ਹੀ ਨਾਥ-ਯੋਗੀਆਂ ਦਾ ਇਕ ਫਿਰਕਾ ਹੈ, ਉਨ੍ਹਾਂ ਵਿਚ ਵੀ ਮ੍ਰਿਤਕਾਂ ਨੂੰ ਦਬਾਣ ਦੀ ਪ੍ਰਥਾ ਹੈ। ਤਾਮਿਲਨਾਡੂ ਵਿਚ ਜਯਲਲਿਤਾ ਦੀ ਦੇਹ ਨੂੰ ਵੀ ਦਬਾਂਦੇ ਹੋਏ ਟੀ.ਵੀ. ਉੱਤੇ ਵਿਖਾਇਆ ਸੀ, ਤੇ ਲਾਂਸਨਾਇਕ ਹਨੂੰਮੰਥਾ ਦੀ ਦੇਹ ਨੂੰ ਵੀ। ਅਸਲ ਵਿਚ ਹਿੰਦੂਆਂ ਵਿਚ ਅਗਨੀ-ਦਾਨ ਤੇ ਭੂਮੀ-ਦਾਨ, ਦੋਵੇਂ ਪ੍ਰਚੱਲਤ ਨੇ।"

"ਚਲੋ, ਆਗੇ ਚਲਤੇ ਹੈਂ!" ਰੀਟਾ ਦੀ ਇਹ ਮੈਨੂੰ ਚੁੱਪ ਕਰਾਣ ਦੀ ਚਾਲ ਸੀ।

ਧਾਰਮਕ ਰੰਗਣ ਵਿਚ ਰੰਗਿਆ ਨਦੀ ਦਾ ਇਹ ਪਾਸਾ ਵੇਖਣ ਨੂੰ ਵੀ ਰੰਗ-ਬਰੰਗਾ ਹੈ। ਦਰਜਨਾਂ ਮੰਦਰਾਂ ਤੋਂ ਇਲਾਵਾ ਭਾਂਤ-ਭਾਂਤ ਦੀਆਂ ਦੁਕਾਨਾਂ ਹਨ। ਘਾਟ ਉੱਤੇ ਪਰਸ਼ਾਦ, ਫੁੱਲਾਂ, ਨਕਲੀ ਗਹਿਣਿਆਂ, ਸਸਤੇ ਨਗਾਂ, ਖਿਡੌਣਿਆਂ, ਹਾਰ-ਸ਼ਿੰਗਾਰ ਦੀਆਂ ਵਸਤਾਂ, ਤੰਬਾਕੂ, ਗੁਟਕਾ, ਬੀੜੀਆਂ, ਆਦਿ ਦੀਆਂ ਪਟੜੀ-ਦੁਕਾਨਾਂ ਖਿਲਰੀਆਂ ਹੋਈਆਂ ਹਨ। ਨਦੀ 'ਚੋਂ ਪਾਣੀ ਭਰਨ/ਲਿਜਾਣ ਲਈ ਪਲਾਸਟਿਕ ਦੀਆਂ ਬਾਲਟੀਆਂ ਵੀ ਵਿਕ ਰਹੀਆਂ ਨੇ, ਤੇ ਗਿੱਲੇ ਕੱਪੜੇ ਜਾਂ ਹੋਰ ਸਮਾਨ ਪਾਣ ਲਈ ਪਲਾਸਟਿਕ ਦੇ ਬੋਰੇ ਵੀ। ਭੁੱਜੇ ਛੋਲੇ, ਨਮਕੀਨ ਭੁਜੀਆ, ਆਲੂ ਚਿਪਸ ਤੇ ਮਖਾਣੇ। ਸੁੱਕੇ ਮੇਵੇ, ਜੜੀ ਬੂਟੀਆਂ, ਖੜ੍ਹੇ ਮਸਾਲੇ, ਫਲ-ਫਰੂਟ ਤੇ ਸਬਜ਼ੀਆਂ। ਕਿਤੇ ਕੋਈ ਜੋਤਸ਼ੀ ਆਪਣੀ ਦੁਕਾਨ ਸਜਾਈ ਬੈਠਾ ਹੈ, ਤੇ ਕਿਤੇ ਕੋਈ ਸਾਧੂ ਆਪਣਾ ਅੱਡਾ ਜਮਾਈ ਬੈਠਾ ਹੈ। ਪਟੜੀ-ਦੁਕਾਨਾਂ ਤੋਂ ਇਲਾਵਾ ਇਕ ਡਾਰ ਛੱਪਰਾਂ ਵਾਲੀਆਂ ਹੱਟੀਆਂ ਦੀ ਵੀ ਹੈ। ਪੰਦਰਾਂ ਵੀਹ ਦੁਕਾਨਾਂ ਹੋਣਗੀਆਂ! ਏਥੇ ਹੀ ਬੋਟ ਕਲੱਬ ਵੀ ਹੈ, ਜਿਥੇ ਸੈਲਾਨੀ ਬੋਟਿੰਗ ਦਾ ਲੁਤਫ ਉਠਾ ਸਕਦੇ ਹਨ। ਕੁੱਲ ਮਿਲਾ ਕੇ ਮੇਲੇ ਵਰਗਾ ਮਹੌਲ ਹੈ, ਜਦਕਿ ਅਸਥੀਆਂ ਬਹਾਣ ਦੀ ਰਸਮ ਮੇਰੀ ਜਾਚੇ ਇਕ ਗੰਭੀਰ ਤੇ ਉਦਾਸ ਰਸਮ ਹੈ।

ਪੈਰ-ਪੈਰ ਉੱਤੇ ਮੰਦਰ ਹਨ। ਲਕਸ਼ਮਣ ਕੁੰਡ, ਨੀਲਕੰਠੇਸ਼ਵਰ ਮੰਦਿਰ, ਇੱਛਾਮਣੀ ਗਣੇਸ਼। ਛੱਪਰ-ਦੁਕਾਨਾਂ ਦੇ ਪਾਰ, ਦੂਰੋਂ ਹੀ ਇਕ ਵੱਡਾ ਮੰਦਰ ਦਿਸਦਾ ਹੈ। ਉਸਦੇ ਘੜਿਆਲ ਤੋਂ ਅਸੀਂ ਅੰਦਾਜ਼ਾ ਲਾ ਲੈਂਦੇ ਹਾਂ ਕਿ ਇਹੋ ਹੀ ਹੈ ਨਾਰੋਸ਼ੰਕਰ ਮੰਦਰ, ਜਿਹਦਾ ਜ਼ਿਕਰ ਸਾਡੀ

ਗਾਈਡ-ਪੁਸਤਕ ਵਿਚ ਕੀਤਾ ਹੋਇਆ ਹੈ। ਅਸੀਂ ਟਹਿਲਦੇ-ਟਹਿਲਦੇ ਕੁਝ ਕੁ ਮਿੰਟਾਂ ਵਿਚ ਓਥੇ ਪਹੁੰਚ ਜਾਂਦੇ ਹਾਂ। ਇਹ ਮੰਦਰ ਨਾਰੋਸ਼ੰਕਰ ਰਾਜੇਬਹਾਦਰ ਨੇ 1747 ਈਸਵੀ ਵਿਚ ਬਣਵਾਇਆ ਸੀ। ਗਿਆਰਾਂ ਫੁੱਟ ਉੱਚੀ ਕੰਧ ਨਾਲ ਘਿਰਿਆ, ਤੇ ਭਵਨ-ਨਿਰਮਾਣ ਕਲਾ ਦੀ 'ਮਾਯਾ' ਸ਼ੈਲੀ ਵਿਚ ਬਣਿਆ ਇਹ ਮੰਦਰ ਉੱਚੇ ਚਬੂਤਰੇ ਉੱਤੇ ਖੜ੍ਹਾ ਹੈ। ਚੌਰਸ ਬਾਗਲੇ ਦੇ ਤਿੰਨ ਕੋਨਿਆਂ ਉੱਤੇ ਗੋਲ ਛਤਰੀਆਂ ਹਨ, ਜਿਨ੍ਹਾਂ ਨੂੰ ਏਥੇ `ਮੇਘਾਦੰਬਰੀ` ਜਾਂ `ਬਰਸਾਤੀ` ਕਹਿੰਦੇ ਹਨ। ਦਸਦੇ ਨੇ ਕਿ ਅਸਲ ਵਿਚ ਤਾਂ ਚੌਥੇ ਕੋਨੇ ਉੱਤੇ ਵੀ ਅਜਿਹੀ ਬਰਸਾਤੀ ਹੁੰਦੀ ਸੀ, ਜਿਹੜੀ ਕਿਸੇ ਵੇਲੇ ਹੜ੍ਹ ਵਿਚ ਬਹਿ ਗਈ। ਬਾਹਰਲੇ ਗੇਟ ਦੇ ਠੀਕ ਉੱਪਰ ਇਕ ਮਹਿਰਾਬ ਬਣਾ ਕੇ ਬਹੁਤ ਵੱਡਾ ਘੰਟਾ ਲਟਕਾਇਆ ਹੋਇਆ ਹੈ। ਇਸਨੂੰ ਨਾਰੋਸ਼ੰਕਰ ਘੰਟਾ ਆਖਦੇ ਹਨ। ਇਹ ਘੰਟਾ ਚਿਮਾਜੀ ਅੱਪਾ (ਮਰਾਠੀ ਰਾਜੇ ਬਾਜੀਰਾਓ ਪੇਸ਼ਵਾ ਦੇ ਛੋਟੇ ਭਰਾ) ਵਲੋਂ ਪੁਰਤਗਾਲੀਆਂ ਤੋਂ ਵਾਸਾਈ ਕਿਲੇ ਨੂੰ ਜਿੱਤਣ ਦੇ ਜਸ਼ਨ ਵਜੋਂ ਲਾਇਆ ਗਿਆ ਸੀ। ਇਸ ਲੜਾਈ ਵਿਚ ਵੱਡੀ ਭੂਮਿਕਾ ਨਿਭਾਣ ਲਈ ਨਾਰੋਸ਼ੰਕਰ ਨੂੰ ਇਹ ਘੰਟਾ ਇਨਾਮ ਵਿਚ ਮਿਲਿਆ ਸੀ। ਕਹਿੰਦੇ ਨੇ ਕਿ ਛੇ ਫੁੱਟ ਵਿਆਸ ਵਾਲੇ, 7 ਕੁਇੰਟਲ ਭਾਰੇ, ਤਾਂਬੇ ਦੇ ਇਸ ਘੰਟੇ ਦੀ ਗੂੰਜ ਪੰਜ ਕਿਲੋਮੀਟਰ ਦੂਰ ਤੱਕ ਸੁਣਾਈ ਦੇਂਦੀ ਹੈ। ਬਾਕੀ ਸਾਰੇ ਮੰਦਰ ਦਾ ਪਲਸਤਰ ਕਾਲਾ ਪਿਆ ਹੋਇਆ ਹੈ, ਪਰੰਤੂ ਸਿਰਫ ਇਸ ਘੰਟੇ ਵਾਲੀ ਮਹਿਰਾਬ ਨੂੰ ਤਾਜ਼ਾ ਰੰਗ ਫੇਰਿਆ ਹੋਇਆ ਹੈ। ਮੰਦਰ ਦੀਆਂ ਅੰਦਰਲੀਆਂ ਤੇ ਬਾਹਰਲੀਆਂ ਕੰਧਾਂ ਵਿਚ ਮੂਰਤੀਆਂ ਘੜੀਆਂ ਹੋਈਆਂ ਹਨ। ਪੱਥਰ ਵਿਚ ਬੜੀ ਬਰੀਕਬਾਨੀ ਨਾਲ ਕੀਤਾ ਲੇਸ ਦਾ ਕੰਮ ਬਾਕਮਾਲ ਹੈ। ਕਿਤੇ ਮੋਰਾਂ ਦੇ ਮੂੰਹਾਂ ਵਿਚ ਮੋਤੀਆਂ ਦੀ ਮਾਲਾ ਫੜੀ ਹੋਈ ਹੈ, ਕਿਤੇ ਵੱਖ-ਵੱਖ ਮੁਦਰਾਵਾਂ ਵਿਚ ਸ਼ੇਰਾਂ, ਬਾਂਦਰਾਂ, ਹਾਥੀਆਂ, ਪੰਛੀਆਂ, ਰੁੱਖਾਂ ਦੀਆਂ ਮੂਰਤੀਆਂ ਹਨ। ਛੱਤ ਉੱਤੇ ਵੀ ਵੱਡ-ਅਕਾਰੀ ਮੂਰਤੀਆਂ ਉਕਰੀਆਂ ਹੋਈਆਂ ਹਨ।

ਭਗਵਾਨ ਸ਼ਿਵ ਨੂੰ ਸਮਰਪਿਤ ਇਸ ਮੰਦਰ ਨੂੰ `ਦੱਖਣ ਦੀ ਗੰਗਾ` ਵੀ ਆਖਦੇ ਹਨ। ਗਰਭਗ੍ਰਹਿ ਵਿਚ ਵੱਡ-ਅਕਾਰੀ ਯੋਨੀ-ਸ਼ਿਵਲਿੰਗ ਮੌਜੂਦ ਹੈ। ਜਦੋਂ ਅਸੀਂ ਓਥੇ ਪਹੁੰਚੇ, ਕੁਦਰਤੀ ਤੌਰ 'ਤੇ ਉਸ ਵੇਲੇ ਸ਼ਿਵ ਸਨਾਨ ਦੀ ਰਸਮ ਚਾਲੂ ਸੀ। ਸ਼ਿਵ ਨੂੰ ਨੁਹਾਣ ਦਾ ਕੰਮ ਕਾਫੀ ਰੌਚਕ ਸੀ। ਇਕ ਜੂਨੀਅਰ ਪੁਜਾਰੀ ਦੁੱਧ ਰਲ਼ੇ ਪਾਣੀ ਦੀਆਂ ਬਾਲਟੀਆਂ ਭਰ-ਭਰ ਕੇ ਮੁੱਖ ਪੁਜਾਰੀ ਮੂਹਰੇ ਧਰੀ ਜਾਂਦਾ ਸੀ। ਮੁੱਖ ਪੁਜਾਰੀ ਉਸ ਦੁਧੀਆ ਪਾਣੀ ਨੂੰ ਇਕ ਵੱਡੇ ਸਾਰੇ ਸੰਖ ਦੇ ਖੁੱਲ੍ਹੇ ਮੂੰਹ ਵਿਚ ਪਾਈ ਜਾਂਦਾ ਸੀ। ਉਹ ਪਾਣੀ ਸੰਖ ਦੇ ਪਤਲੇ ਮੂੰਹ ਵਿਚੀਂ ਇਕ ਧਾਰ ਦੀ ਸ਼ਕਲ

ਵਿਚ ਸ਼ਿਵ ਦੇ ਸਿਰ ਉੱਤੇ ਪੈਂਦਾ ਸੀ। ਉਸ ਪਾਣੀ ’ਚੋਂ ਥੋੜ੍ਹਾ ਜਿਹਾ ਪਾਣੀ ਜੂਨੀਯਰ ਪੁਜਾਰੀ ਮੁੜ ਬਾਲਟੀ ਵਿਚ ਬੋਚ ਲੈਂਦਾ ਸੀ। ਹੁਣ ਇਹ ਪਾਣੀ ਪ੍ਰਸ਼ਾਦ ਬਣ ਚੁੱਕਾ ਸੀ, ਜਿਸਨੂੰ ਪ੍ਰਾਪਤ ਕਰਨ ਲਈ ਸ਼ਰਧਾਲੂ ਟੁੱਟ-ਟੁੱਟ ਕੇ ਪੈ ਰਹੇ ਸਨ।

"ਤੁਸੀਂ ਆਪਣੇ ਦੇਵਤਿਆਂ ਨੂੰ ਕੱਚੀ ਲੱਸੀ ਨਾਲ ਕਿਉਂ ਨੁਹਾਂਦੇ ਹੋ?" ਮੈਂ ਰੀਟਾ ਨੂੰ ਪੁੱਛਿਆ।

"ਲੱਸੀ ਤਾਂ ਹੋਈ, ਕੱਚੀ ਲੱਸੀ ਕੀ ਹੋਈ?" ਰੀਟਾ ਦਾ ਸਵਾਲ ਸੀ।

"ਬਚਪਨ ਦੇ ਸਾਡੇ ਪਿੰਡਾਂ ਵਿਚ ਕੋਲਡ ਡਰਿੰਕ ਤਾਂ ਹੁੰਦੇ ਨਹੀਂ ਸੀ। ਅਸੀਂ ਘਰ ’ਚ ਮੌਜੂਦ ਸਮਗਰੀ ਨਾਲ ਹੀ ਸਾਰਦੇ ਸਾਂ। ਪਾਣੀ ’ਚ ਥੋੜ੍ਹਾ ਦੁੱਧ ਰਲ਼ਾ ਲਿਆ, ਤਾਂ ਕੱਚੀ ਲੱਸੀ ਬਣ ਗਈ। ਇਹਦੇ ਵਿਚ ਸ਼ੱਕਰ ਘੋਲ ਲਈ, ਤਾਂ ਸ਼ਰਬਤ ਬਣ ਗਿਆ।"

"ਤੁਹਾਡੇ ਸ਼ਰਬਤ ਨੈਚੁਰਲ ਸਨ, ਇਨ੍ਹਾਂ ਕੋਲਡ ਡਰਿੰਕਾਂ ਨਾਲੋਂ ਬਿਹਤਰ! ਪਰ ਅਸੀਂ ਦੇਵਤਿਆਂ ਨੂੰ ਕੱਚੀ ਲੱਸੀ ਨਾਲ ਨਹੀਂ, ਪੰਚਾਮ੍ਰਿਤ ਨਾਲ ਨੁਹਾਂਦੇ ਹਾਂ। ਧਰਮ ਗ੍ਰੰਥਾਂ ਅਨੁਸਾਰ ਜਿਹੜੇ ਪੰਜ ਪਦਾਰਥਾਂ ਨੂੰ ਮਿਲਾ ਕੇ ਅਮ੍ਰਿਤ ਬਣਦਾ ਹੈ, ਉਹ ਹਨ ਦੁੱਧ, ਦਹੀ, ਘਿਓ, ਸ਼ਹਿਦ ਤੇ ਸ਼ੱਕਰ। ਇਨ੍ਹਾਂ ਪਦਾਰਥਾਂ ਦੀ ਮਿਕਦਾਰ, ਜਿਹੜੀ ਮੈਂ ਬਚਪਨ ਤੋਂ ਸੁਣੀ ਹੈ, ਉਹ ਹੈ ਜਿੰਨਾ ਦੁੱਧ, ਉਸਤੋਂ ਅੱਧਾ ਦਹੀ, ਦਹੀ ਤੋਂ ਅੱਧਾ ਘਿਓ, ਘਿਓ ਤੋਂ ਅੱਧਾ ਸ਼ਹਿਦ, ਤੇ ਸ਼ਹਿਦ ਤੋਂ ਅੱਧੀ ਸ਼ੱਕਰ। ਘਰ ਵਿਚ ਤਾਂ ਅਸੀਂ ਇਸੇ ਪੰਚਾਮ੍ਰਿਤ ਨਾਲ ਦੇਵਤਿਆਂ ਨੂੰ ਨੁਹਾਂਦੇ ਹਾਂ। ਏਥੇ ਤਾਂ ਤੁਹਾਡੀ ਗੱਲ ਹੀ ਠੀਕ ਲਗਦੀ ਹੈ। ਇਹ ਤਾਂ ਕੱਚੀ ਲੱਸੀ ਹੀ ਵਰਤਦੇ ਜਾਪਦੇ ਹਨ। ਹੋ ਸਕਦਾ ਹੈ ਸ਼ਗਨ ਮਾਤਰ ਇਸ ਕੱਚੀ ਲੱਸੀ ਵਿਚ ਥੋੜ੍ਹਾ ਕੁ ਪੰਚਾਮ੍ਰਿਤ ਵੀ ਮਿਲਾ ਦਿੱਤਾ ਗਿਆ ਹੋਵੇ!"

"ਵੈਸੇ ਕਮਾਲ ਦੇ ਕਰਮਕਾਂਡ ਹਨ ਤੁਹਾਡੇ ਹਿੰਦੂਆਂ ਦੇ!" ਮੈਂ ਰੀਟਾ ਨੂੰ ਹੋਰ ਛੇੜਣ ਲਈ ਆਖਦਾ ਹਾਂ। "ਪਾਣੀ ਉਹੋ ਹੈ, ਸਿਰਫ ਸੰਖ ਵਿਚੀਂ ਕੱਢਣ ਨਾਲ ਚਰਨਾਮਤ ਬਣ ਗਿਆ!"

"ਤੇ ਤੁਸੀਂ ਸਿੱਖ ਕਿਹਦੇ ਨਾਲੋਂ ਘੱਟ ਹੋ!" ਰੀਟਾ ਉਸੇ ਵੇਲੇ ਮੋੜਵਾਂ ਜੁਆਬ ਦੇਂਦੀ ਹੈ। "ਗੁਰੂਆਂ ਦੀ ਤਾੜਨਾ ਤੋਂ ਬਾਅਦ ਵੀ ਬਾਅਜ਼ ਨਾ ਆਏ! ਤੁਸੀਂ ਵੀ ਤਾਂ ਦੁਕਾਨ ਤੋਂ ਰਸਦ

ਖਰੀਦ ਕੇ ਕੜਾਹ ਬਣਾਂਦੇ ਹੋ, ਤੇ ਜਦੋਂ ਭਾਈ ਉਸ ਵਿਚ ਕਿਰਪਾਨ ਫੇਰ ਦੇਂਦਾ ਹੈ, ਤਾਂ ਉਹ ਤੁਹਾਡੇ ਲਈ ਪ੍ਰਸ਼ਾਦ ਬਣ ਜਾਂਦਾ ਹੈ। ਹਰਮੰਦਰ ਸਾਹਬ ਵਿਚ ਨਹੀਂ ਵੇਖਿਆ? ਪਹਿਲਾਂ ਤੁਸੀਂ ਕੜਾਹ ਖਰੀਦਦੇ ਹੋ, ਤੇ ਫੇਰ ਉਹਦੇ 'ਚੋਂ ਵਾਹਿਗੁਰੂ ਦਾ ਹਿੱਸਾ ਕੱਢ ਕੇ ਬਾਕੀ ਦਾ ਬਚਿਆ ਕੜਾਹ ਤੁਹਾਡੇ ਲਈ ਪ੍ਰਸ਼ਾਦ ਬਣ ਜਾਂਦਾ ਹੈ।"

ਮੈਂ ਸੋਚ ਰਿਹਾ ਸਾਂ ਕਿ ਰੀਟਾ ਸਹੀ ਤਾਂ ਕਹਿ ਰਹੀ ਸੀ। ਹਿੰਦੂਆਂ ਵਿਚ ਹੀ ਨਹੀਂ, ਬਾਕੀ ਸਾਰੇ ਧਰਮਾਂ ਵਿਚ ਵੀ ਪ੍ਰਸ਼ਾਦ ਇੰਝ ਹੀ ਤਾਂ ਬਣਦਾ ਹੈ। ਪ੍ਰਸ਼ਾਦ ਹੀ ਕਿਉਂ, ਬਹੁਤੇ ਪਵਿੱਤਰ ਸਰੋਵਰਾਂ ਵਿਚ ਤਾਂ ਟਿਊਬਵੈੱਲ ਜਾਂ ਸਰਕਾਰੀ ਟੂਟੀ ਤੋਂ ਹੀ ਪਾਣੀ ਭਰਿਆ ਜਾਂਦਾ ਹੈ, ਜਿਹਦੇ ਵਿਚ ਸ਼ਰਧਾਲੂ ਸਨਾਨ ਕਰਕੇ ਆਪਣੇ ਪਾਪ ਧੋਈ ਜਾਂਦੇ ਹਨ। ਮੈਨੂੰ ਆਪਣੇ ਪਿਤਾ ਦਾ ਇਕ ਵਾਕਿਆ ਯਾਦ ਆਉਂਦਾ ਹੈ। ਅਸੀਂ ਹਰਿਮੰਦਰ ਸਾਹਿਬ ਦੇ ਦਰਸ਼ਨਾਂ ਲਈ ਅਮ੍ਰਿਤਸਰ ਗਏ। ਮੇਰੀ ਵੱਡੀ ਭੂਆ ਵੀ ਨਾਲ ਸੀ। ਸਿਆਲਾਂ ਦਾ ਮਹੀਨਾ ਸੀ। ਸਾਡੇ ਨੰਗੇ ਤੇ ਗਿੱਲੇ ਪੈਰ ਸੁੰਨ ਹੋਏ ਪਏ ਸਨ। ਨਾਰੀਅਲ ਦੇ ਤੱਪੜ ਉੱਤੇ ਤੁਰਦੇ ਸਾਂ ਤਾਂ ਉਸਦੇ ਤੀਲੇ ਸੂਈਆਂ ਵਾਂਗ ਚੁਭਦੇ ਸਨ, ਤੇ ਸੰਗਮਰਮਰ ਏਨਾ ਠੰਡਾ ਯਖ ਸੀ, ਕਿ ਉਸ ਉੱਤੇ ਪੈਰ ਧਰਿਆ ਨਹੀਂ ਸੀ ਜਾਂਦਾ। ਫੇਰਵੀ ਭੂਆ ਨੇ ਸ਼ਰਧਾ ਅਨੁਸਾਰ ਸਰੋਵਰ ਵਿਚ ਸਨਾਨ ਕੀਤਾ, ਜਦਕਿ ਅਸਾਂ, ਗੈਰ-ਸ਼ਰਧਾਵਾਨਾਂ ਨੇ, ਪਾਣੀ ਨੂੰ ਛੂਹਿਆ ਤੱਕ ਵੀ ਨਾ। ਭੂਆ ਸਨਾਨ ਕਰਕੇ ਆਈ ਤੇ ਆਪਣੇ ਭਰਾ ਨੂੰ ਆਖਣ ਲੱਗੀ: "ਸੋਹਣ ਸਿਹਾਂ ਤੂੰ ਵੀ ਚੁੱਭੀ ਮਾਰ ਲੈਂਦਾ, ਤੇਰੇ ਵੀ ਪਾਪ ਧੋਏ ਜਾਂਦੇ!" ਤੇ ਜਿਹੜਾ ਜੁਆਬ ਉਸਨੂੰ ਮਿਲਿਆ, ਉਹ ਅਜੇ ਤੱਕ ਮੇਰੇ ਚੇਤਿਆਂ ਵਿਚ ਸੱਜਰਾ ਹੈ: "ਭੈਣ, ਮੈਂ ਨਹੀਂ ਮਾਰਨੀ ਚੁੱਭੀ। ਮੇਰੇ ਕੋਈ ਪਾਪ ਲਾਹੁਣ ਵਾਲੇ ਹੈ ਨਹੀਂ, ਡਰ ਹੈ ਕਿ ਉਲਟਾ ਲੋਕਾਂ ਦੇ ਲਾਹੇ ਹੋਏ ਮੈਨੂੰ ਨਾ ਚੜ੍ਹ ਜਾਣ!"

ਕਰਮਕਾਂਡਾਂ ਦਾ ਸਿਲਸਿਲਾ ਬੜਾ ਅਜੀਬ ਹੈ। ਇਨ੍ਹਾਂ ਦੀ ਉਤਪਤੀ ਮਨੁੱਖ ਦੀ ਉਤਪਤੀ ਦੇ ਨਾਲ ਹੀ ਸ਼ੁਰੂ ਹੋਈ, ਤੇ ਲੱਖਾਂ ਸਾਲਾਂ ਬਾਅਦ ਵੀ ਇਨ੍ਹਾਂ ਦੀ ਜਕੜ ਉਂਝ ਦੀ ਉਂਝ ਬਰਕਰਾਰ ਹੈ। ਵਿਚ-ਵਿਚ ਕਰਮਕਾਂਡਾਂ ਨੂੰ ਰੱਦ ਕਰਦੀਆਂ ਲਹਿਰਾਂ ਚੱਲੀਆਂ, ਜਿਨ੍ਹਾਂ ਦੇ ਪ੍ਰਭਾਵ ਅਧੀਨ ਲੋਕ ਵਕਤੀ ਤੌਰ 'ਤੇ ਇਨ੍ਹਾਂ 'ਚੋਂ ਬਾਹਰ ਵੀ ਨਿਕਲੇ। ਪਰੰਤੂ ਸਮਾਂ ਪਾ ਕੇ ਉਹ ਮੁੜ ਕਰਮਕਾਂਡਾਂ ਵਿਚ ਫਸ ਗਏ। ਬੁੱਧ ਧਰਮ ਦੇ ਸ਼ੁਰੂ ਦੇ ਪੰਜ ਸੌ ਸਾਲਾਂ ਵਿਚ ਕੋਈ ਕਰਮਕਾਂਡ

ਨਹੀਂ ਸੀ, ਪਰੰਤੂ ਹੌਲੀ-ਹੌਲੀ ਉਨ੍ਹਾਂ ਨੇ ਇਸ ਵਿਚ ਵੀ ਸੇਂਧ ਲਾਣੀ ਸ਼ੁਰੂ ਕਰ ਦਿੱਤੀ। ਮਿਸਾਲ ਦੇ ਤੌਰ 'ਤੇ ਤਿੱਬਤੀ ਬੋਧੀਆਂ ਵਿਚ ਹਿੰਦੂਆਂ ਨਾਲੋਂ ਵੀ ਵਧੇਰੇ ਕਰਮਕਾਂਡ ਵੇਖਣ ਨੂੰ ਮਿਲਦੇ ਹਨ। ਮੂਰਤੀ ਪੂਜਾ ਹਿੰਦੂਆਂ ਨਾਲੋਂ ਵੀ ਵਧੇਰੇ। ਮੰਤਰ ਜਪਣ ਲਈ ਮਾਲਾ ਤਾਂ ਹੈ ਹੀ, ਫਿਰਕੀ ਵਾਂਗ ਘੁੰਮਣ ਵਾਲਾ ਇਕ ਯੰਤਰ ਵੀ ਈਜਾਦ ਕਰ ਲਿਆ, ਜਿਸ ਵਿਚ ਕਹਿੰਦੇ ਨੇ ਕਿ ਲੱਖਾਂ ਮੰਤਰ ਭਰ ਦਿੱਤੇ ਜਾਂਦੇ ਹਨ, ਤੇ ਇਸਲਈ ਇਸਦੇ ਇਕੋ ਫੇਰੇ ਨਾਲ ਲੱਖਾਂ ਮੰਤਰ ਫੇਰੇ ਜਾਂਦੇ ਹਨ। ਸਿੱਖ ਧਰਮ ਨਾਲ ਵੀ ਇੰਝ ਹੀ ਹੋਇਆ। ਸ਼ੁਰੂ ਵਿਚ ਕਰਮਕਾਂਡਾਂ ਦੇ ਖਿਲਾਫ ਖੜੋਤਾ ਸਿੱਖ ਧਰਮ ਬਹੁਤੀ ਦੇਰ ਤਾਈਂ ਇਨ੍ਹਾਂ ਤੋਂ ਵਿਰਵਾ ਨਾ ਰਹਿ ਸਕਿਆ। ਅਸੀਂ ਮੂਰਤੀ ਦੀ ਮਨਾਹੀ ਮੰਨ ਲਈ, ਪਰੰਤੂ ਆਪਣੀ ਧਾਰਮਕ ਪੁਸਤਕ ਨੂੰ ਹੀ ਮੂਰਤੀ ਵਾਂਗ ਪੂਜਣ ਲੱਗ ਪਏ। ਉਸੇ ਨੂੰ ਭੋਗ ਲੁਆਣ ਲੱਗੇ, ਉਸੇ ਨੂੰ ਧੂਪ ਧੁਖਾਣ ਲੱਗੇ, ਉਸੇ ਉੱਤੇ ਰੁਮਾਲਿਆਂ ਦੀਆਂ ਤੈਹਾਂ ਚੜ੍ਹਾਣ ਲੱਗੇ, ਉਸੇ ਦੀ ਆਰਤੀ ਉਤਾਰਨ ਲੱਗੇ, ਉਸੇ ਨੂੰ ਸੁਖ ਆਸਣ ਕਰਵਾਣ ਲੱਗੇ। ਗੁਰੂ ਨਾਨਕ ਦੀ ਕਹਾਣੀ ਸੁਣਾਂਦੇ ਹਾਂ ਕਿ ਕਿਵੇਂ ਉਸਨੇ ਮੱਕੇ ਵਿਚ ਮੌਲਵੀਆਂ ਨਾਲ ਬਹਿਸ ਕੀਤੀ ਕਿ ਰੱਬ ਮੱਕੇ ਵਿਚ ਬੰਦ ਨਹੀਂ ਹੈ, ਪਰੰਤੂ ਗੁਰਦੁਆਰਿਆਂ ਦੇ ਰੂਪ ਵਿਚ ਖੁਦ ਮੱਕੇ ਉਸਾਰੀ ਜਾਂਦੇ ਹਾਂ। ਹਿੰਦੂਆਂ ਵਲੋਂ ਦੇਵਤਿਆਂ ਮੂਹਰੇ ਦੀਵਾ ਜਗਾ ਕੇ ਕੀਤੀ ਜਾਂਦੀ ਆਰਤੀ ਦਾ ਗੁਰੂ ਨਾਨਕ ਦੇਵ ਨੇ ਨਿਖੇਧ ਕੀਤਾ ਅਤੇ ਕਰਤਾਰ ਦੀ ਕੁਦਰਤੀ ਆਰਤੀ ਦੀ ਮਹਿਮਾ ਦੱਸੀ: "ਗਗਨ ਮੈ ਥਾਲ ਰਵਿ ਚੰਦ ਦੀਪਕ ਬਨੇ"। ਅਸੀਂ ਉਸੇ ਸ਼ਲੋਕ ਨੂੰ ਪੜ੍ਹਦੇ ਹੋਏ ਹਿੰਦੂਆਂ ਵਰਗੀ ਆਰਤੀ ਹੀ ਖੁਦ ਕਰਨ ਲੱਗ ਪਏ ਹਾਂ। ਆਖੰਡ ਪਾਠ ਆਪਣੇ ਆਪ ਵਿਚ ਇਕ ਕਰਮਕਾਂਡ ਬਣ ਕੇ ਰਹਿ ਗਿਆ ਹੈ। ਅਸਲ ਵਿਚ ਗੱਲ ਇਹ ਹੈ ਕਿ ਕਰਮਕਾਂਡ ਨਿਭਾਉਣੇ ਸੌਖੇ ਨੇ, ਧਰਮ ਗਰੰਥਾਂ ਦਾ ਪਾਠ ਔਖਾ, ਉਨ੍ਹਾਂ ਨੂੰ ਸਮਝਣਾ ਹੋਰ ਵੀ ਔਖਾ, ਤੇ ਉਨ੍ਹਾਂ ਨੂੰ ਸਮਝ ਕੇ ਆਪਣੇ ਜੀਵਨ ਜਾਚ ਦਾ ਅੰਗ ਬਣਾਉਣਾ ਲਗਭਗ ਅਸੰਭਵ!

ਨਾਰੋਸ਼ੰਕਰ ਮੰਦਰ ਵੇਖ ਕੇ ਬਾਹਰ ਨਿਕਲੇ ਤਾਂ ਸਜੇ ਧਜੇ ਦੋ ਸਾਧੂ ਦਿਸੇ। ਇਕ ਪੰਜਾਹਾਂ ਕੁ ਵਰ੍ਹਿਆਂ ਦਾ ਲਗਦਾ ਸੀ, ਦੂਜਾ ਉਸਤੋਂ ਕੁਝ ਸਾਲ ਵੱਡਾ। ਦੋਵਾਂ ਦੇ ਸਰੀਰ ਗਠਵੇਂ। ਦੋਵਾਂ ਦੇ ਦਾੜ੍ਹੀਆਂ, ਪਰ ਬਹੁਤੀਆਂ ਲੰਮੀਆਂ ਨਹੀਂ। ਦੋਵਾਂ ਦੇ ਹੱਥਾਂ ਵਿਚ ਪਿੱਤਲ ਦੇ ਕਮੰਡਲ, ਮੋਢਿਆਂ ਉੱਤੇ ਲਟਕਦੇ ਸਾਧੂਆਂ ਵਾਲੇ ਝੋਲ਼ੇ, ਜਿਹੜੇ ਸਮਾਨ ਨਾਲ ਪੂਰੀ ਤਰ੍ਹਾਂ ਭਰੇ ਹੋਏ ਜਾਪਦੇ ਸਨ। ਇਕ ਦਾ ਰੰਗ ਕਾਲਾ ਸ਼ਾਹ, ਕਪੜੇ ਵੀ ਕਾਲੇ, ਸਿਰ 'ਤੇ ਜਟਾਵਾਂ ਦਾ ਜੂੜਾ, ਦਾੜ੍ਹੀ ਡੱਬ-

ਖੜੱਬੀ। ਦੂਜੇ ਦਾ ਰੰਗ ਕਣਕ-ਭਿੰਨਾ, ਕਪੜੇ ਗੇਰੂਏ, ਸਿਰ ਉੱਤੇ ਵਲਿਆ ਉਘੜਾ-ਦੁਘੜਾ ਸਾਫਾ, ਦਾੜ੍ਹੀ ਪੂਰੀ ਚਿੱਟੀ। ਮੈਂ ਉਨ੍ਹਾਂ ਦੀ ਫੋਟੋ ਖਿੱਚਣ ਲੱਗਾ, ਤਾਂ ਉਨ੍ਹਾਂ ਨੇ ਰੋਕ ਦਿੱਤਾ। ਕਹਿਣ ਲੱਗੇ ਫੋਟੋ ਖਿੱਚਣ ਦਾ ਚਾਰਜ ਹੈ ਪੰਜ ਸੌ ਰੁਪਏ। ਮੈਂ ਕਿਹਾ ਪੈਸੇ ਨਹੀਂ ਦੇਣੇ, ਚਾਹ ਪਿਲਾ ਦਵਾਂਗਾ। ਉਹ ਕਹਿਣ ਲੱਗੇ, ਚਲੋ ਪਹਿਲਾਂ ਚਾਹ ਪੀਂਦੇ ਹਾਂ, ਫੇਰ ਸੌਦਾ ਕਰਾਂਗੇ। ਚਾਹ ਵਾਲੇ ਦਾ ਖੋਖਾ ਨੇੜੇ ਹੀ ਸੀ। ਉਸਨੂੰ ਚਾਹ ਦਾ ਕਹਿ ਕੇ ਅਸੀਂ ਪੌੜੀਆਂ ਵਿਚ ਬੈਠ ਗਏ। ਗੱਲਾਂ ਸ਼ੁਰੂ ਹੋਈਆਂ ਤਾਂ ਪਤਾ ਲੱਗਾ ਕਿ ਵੱਡੀ ਉਮਰ ਵਾਲਾ ਸਾਧੂ ਯੂ.ਪੀ. ਦਾ ਹੈ, ਤੇ ਘੱਟ ਉਮਰ ਵਾਲਾ ਬਿਹਾਰੀ।

"ਤੁਸੀਂ ਸਾਧੂ ਕਿਵੇਂ ਬਣੇ?" ਮੈਂ ਪੁੱਛਿਆ।

"ਸਾਡੇ ਪਿੰਡ ਇਕ ਸਾਧੂ ਮੰਗਣ ਆਉਂਦਾ ਹੁੰਦਾ ਸੀ।" ਛੋਟੀ ਉਮਰ ਵਾਲੇ ਸਾਧੂ ਨੇ ਬਿਨਾ ਕਿਸੇ ਉਚੇਚ ਦੇ ਗੱਲ ਸ਼ੁਰੂ ਕੀਤੀ। "ਆਉਂਦਾ ਉਹ ਸਿਆਲਾਂ ਵਿਚ ਹੀ ਸੀ। ਕਦੇ-ਕਦਾਈਂ ਉਹ ਇਕ-ਦੋ ਰਾਤਾਂ ਵੀ ਸਾਡੇ ਘਰ ਬਿਤਾ ਲੈਂਦਾ ਸੀ। ਮੇਰੇ ਪਿਤਾ ਨਾਲ ਉਹਦਾ ਦੋਸਤਾਂ ਵਰਗਾ ਰਿਸ਼ਤਾ ਬਣ ਗਿਆ ਸੀ। ਉਸਨੇ ਦੱਸਣਾ ਕਿ ਗਰਮੀਆਂ ਵਿਚ ਉਹ ਪਹਾੜਾਂ ਵੱਲ ਚਲੇ ਜਾਂਦਾ ਹੈ, ਕਿਉਂਕਿ ਮੈਦਾਨਾਂ ਵਿਚ ਬਹੁਤ ਗਰਮੀ ਲਗਦੀ ਹੈ। ਉਸਨੇ ਪਹਾੜਾਂ ਦੀਆਂ, ਨਦੀਆਂ ਦੀਆਂ, ਸਮੁੰਦਰਾਂ ਦੀਆਂ ਕਹਾਣੀਆਂ ਸੁਨਾਈਆਂ। ਮੈਂ ਦਸਾਂ ਬਾਰਾਂ ਸਾਲਾਂ ਦਾ ਹੋਵਾਂਗਾ। ਮੈਨੂੰ ਲਗਦਾ ਸੀ ਕਿ ਉਹਦੀ ਮੌਜ ਹੈ, ਹਰ ਵੇਲੇ ਸੈਰ-ਸਪਾਟੇ ਕਰਦੈ, ਤੇ ਰੋਟੀ ਕਮਾਣ ਦਾ ਕੋਈ ਫਿਕਰ ਨਹੀਂ। ਜਦੋਂ ਵੀ ਉਸਨੇ ਮਿਲਣਾ, ਮੈਂ ਉਹਨੂੰ ਕਹਿਣਾ ਕਿ ਉਹ ਮੈਨੂੰ ਵੀ ਆਪਣੇ ਨਾਲ ਲੈ ਚਲੇ। ਪਰ ਉਸਨੇ ਕੋਈ ਕੰਨੀ ਨਾ ਫੜਾਣੀ। ਇਕ ਦਿਨ ਮੈਂ ਇਕੱਲਾ ਹੀ ਘਰੋਂ ਨਿਕਲ ਗਿਆ। ਕਿਸੇ ਤਰ੍ਹਾਂ ਪਟਨੇ ਪਹੁੰਚ ਗਿਆ।"

"ਇਕੱਲਾ? ਕਿੰਨੀ ਦੂਰ ਏ ਪਟਨਾ ਤੁਹਾਡੇ ਪਿੰਡ ਤੋਂ?"

"ਪਟਨਾ ਸਾਡੇ ਪਿੰਡ ਤੋਂ ਕੋਈ ਪੰਜਾਹ ਕੁ ਕਿਲੋਮੀਟਰ ਹੈ। ਉਦੋਂ ਢਾਈ ਕੁ ਕਿਲੋਮੀਟਰ ਪੈਦਲ ਜਾ ਕੇ ਫੇਰ ਸਿੱਧੀ ਬੱਸ ਮਿਲ ਜਾਂਦੀ ਸੀ। ਪਟਨੇ ਬੱਸ ਅੱਡੇ ਤੋਂ ਪੁੱਛ-ਪੁਛਾ ਕੇ ਇਕ ਮੰਦਰ ਵਿਚ ਚਲਾ ਗਿਆ। ਮੰਦਰ ਦੇ ਪੁਜਾਰੀ ਨੂੰ ਮੈਂ ਆਪਣੀ ਕਹਾਣੀ ਕੁਝ ਬਣਾ ਕੇ

ਦੱਸੀ। ਮੈਂ ਉਸਨੂੰ ਏਨਾ ਤਾਂ ਸੱਚ ਦੱਸਿਆ ਕਿ ਮੈਂ ਸਾਧੂ ਬਣਨਾ ਚਾਹੁੰਦਾ ਹਾਂ। ਪਰ ਅੱਗੇ ਝੂਠ ਜੋੜ ਦਿੱਤਾ ਕਿ ਮੇਰੇ ਮਾਂ-ਬਾਪ ਨੇ ਮਰਜ਼ੀ ਨਾਲ ਮੈਨੂੰ ਇਕ ਸਾਧੂ ਦੇ ਨਾਲ ਭੇਜਿਆ ਸੀ, ਪਰ ਉਹ ਸਾਧੂ ਮੈਨੂੰ ਪਟਨੇ ਬੱਸ ਅੱਡੇ ਉੱਤੇ ਛੱਡ ਕੇ ਆਪ ਕਿਧਰੇ ਖਿਸਕ ਗਿਆ! ਉਸ ਪੁਜਾਰੀ ਨੇ ਮੈਨੂੰ ਆਪਣੇ ਕੋਲ ਰੱਖ ਲਿਆ। ਮੈਂ ਖੁਸ਼ ਸਾਂ ਕਿ ਏਨੀ ਆਸਾਨੀ ਨਾਲ ਮੈਂ ਸਾਧੂ ਬਣ ਗਿਆ। ਪਰ ਉਹ ਪੁਜਾਰੀ ਮੈਥੋਂ ਕੰਮ ਬਹੁਤ ਕਰਾਂਦਾ ਸੀ। ਸਾਰੇ ਮੰਦਰ ਦਾ ਝਾੜੂ ਬਹਾਰੀ, ਭਾਂਡੇ ਮਾਂਜਣਾ, ਸਬਜ਼ੀ ਚੀਰਨੀ-ਕੱਟਣੀ ਆਦਿ। ਕੁਝ ਕੁ ਦਿਨਾਂ ਵਿਚ ਸ਼ਰਧਾਲੂਆਂ ਵਲੋਂ ਪੁਜਾਰੀ ਦੇ ਨਾਲ-ਨਾਲ ਮੇਰਾ ਵੀ ਕੱਪੜਾ-ਲੱਤਾ ਦਾਨ ਵਿਚ ਆਣ ਲੱਗਾ। ਉਨ੍ਹਾਂ ਵਿਚੋਂ ਬਹੁਤੇ ਕਪੜੇ ਪੁਜਾਰੀ ਜੀ ਮੈਥੋਂ ਲੈ ਲੈਂਦੇ, ਤੇ ਦੁਕਾਨ ਉੱਤੇ ਵੇਚ ਆਉਂਦੇ। ਪਰ ਫੇਰ ਵੀ ਮਹੀਨੇ ਕੁ ਵਿਚ ਹੀ ਮੇਰੇ ਕੋਲ ਪਹਿਨਣ ਲਈ ਤਿੰਨ ਜੋੜੇ ਹੋ ਗਏ। ਸਾਰੇ ਕਪੜੇ ਸਨ ਚਿੱਟੇ ਜਾਂ ਬਦਾਮੀ ਰੰਗ ਦੇ। ਧੋਤੀ ਤੇ ਕੁਰਤਾ। ਮੈਨੂੰ ਲਗਦਾ ਪਈ ਪੂਰਾ ਸਾਧੂ ਬਣਨ ਲਈ ਮੇਰੇ ਕੋਲ ਗੇਰੂਏ ਰੰਗ ਦੇ ਕਪੜੇ ਹੋਣੇ ਚਾਹੀਦੇ ਹਨ। ਇਹਦੇ ਲਈ ਮੈਂ ਦਰਜ਼ੀ ਨਾਲ ਗਿਟ-ਮਿਟ ਕੀਤੀ। ਮੈਂ ਬੇਨਤੀ ਕੀਤੀ ਕਿ ਮੇਰੇ ਚਿੱਟੇ ਕੁਰਤੇ ਬਦਲੇ ਆਪਣੇ ਕੋਲੋਂ ਗੇਰੂਏ ਰੰਗ ਦੇ ਕਪੜੇ ਦਾ ਕੁਰਤਾ ਸਿਲ ਦਵੇ। ਜਿਸ ਦਿਨ ਮੈਨੂੰ ਉਹ ਗੇਰੂਆ ਕੁਰਤਾ ਮਿਲਿਆ, ਉਸੇ ਦਿਨ ਮੈਂ ਮੰਦਰ ਛੱਡ ਕੇ ਪਟਨੇ ਤੋਂ ਵੀ ਨਿਕਲ ਗਿਆ। ਇਸ ਗੱਲ ਨੂੰ ਅੱਜ ਪੈਂਤੀ ਸਾਲ ਹੋ ਗਏ ਹਨ।"

ਉਸਦੀ ਇਸ ਗੱਲ ਤੋਂ ਮੈਂ ਅੰਦਾਜ਼ਾ ਲਾਇਆ ਕਿ ਇਸ ਸਾਧੂ ਦੀ ਉਮਰ ਹੁਣ ਤਕਰੀਬਨ 47-48 ਸਾਲ ਦੀ ਹੈ।

"ਤੇ ਗੇਰੂਆ ਛੱਡ ਕੇ ਕਾਲਾ ਰੰਗ ਕਦੋਂ ਪਾ ਲਿਆ?" ਮੈਂ ਸਵਾਲ ਕੀਤਾ।

"ਇਹ ਤਾਂ ਕਈ ਵਰ੍ਹਿਆਂ ਬਾਅਦ ਹੋਇਆ। ਰਿਸ਼ੀਕੇਸ਼ ਦੇ ਨੇੜੇ ਮੈਂ ਇਕ ਕੁਟੀਆ ਵਿਚ ਠਹਿਰਿਆ ਹੋਇਆ ਸਾਂ। ਉਸ ਕੁਟੀਆ ਦੇ ਮਹਾਤਮਾ ਜੀ ਕਾਲੇ ਕਪੜੇ ਪਾਂਦੇ ਸਨ। ਕਪੜੇ ਕੀ, ਬਸ ਇਕ ਅਣਸੀਤੀ ਚਾਦਰ ਸਰੀਰ ਦੁਆਲੇ ਲਪੇਟ ਲੈਂਦੇ ਸਨ। ਉਹ ਲਿਬਾਸ ਉਨ੍ਹਾਂ ਨੂੰ ਜਚਦਾ ਵੀ ਬਹੁਤ ਸੀ। ਉਦੋਂ ਤੋਂ ਮੈਂ ਵੀ ਇਹੋ ਬਾਣਾ ਪਾਉਣਾ ਸ਼ੁਰੂ ਕਰ ਦਿੱਤਾ।"

ਮੈਂ ਉਹਦਾ ਲਿਬਾਸ ਪਹਿਲੀ ਵਾਰੀ ਗਹੁ ਨਾਲ ਵੇਖਿਆ ਸੀ। ਗਲ਼ ਦੁਆਲੇ ਗੰਢ ਬੰਨ੍ਹ ਕੇ ਟਿਕਾਈ ਹੋਈ, ਪੂਰੇ ਸਰੀਰ ਦੁਆਲੇ ਲਪੇਟੀ, ਲਾਲ ਕਿਨਾਰੀ ਵਾਲੀ ਕਾਲੀ, ਅਣਸੀਤੀ ਚਾਦਰ ਸੀ।

ਸਾਡੀ ਚਾਹ ਆ ਗਈ। ਚਾਹ ਵਾਲੇ ਨੂੰ ਕਹਿ ਕੇ ਮੈਂ ਬਿਸਕੁਟਾਂ ਦਾ ਪੈਕੇਟ ਵੀ ਮੰਗਵਾ ਲਿਆ।

"ਤੇ ਤੁਹਾਡੀ ਕਹਾਣੀ ਕੀ ਏ?" ਮੈਂ ਦੂਜੇ ਸਾਧੂ ਨੂੰ ਪੁੱਛਿਆ।

“ਮੈਂ ਇਹਦੇ ਵਾਂਗ ਆਪਣੀ ਕਹਾਣੀ ਫਰੀ ਵਿਚ ਨਹੀਂ ਸੁਣਾਂਦਾ।" ਉਸਨੇ ਕੋਰਾ ਜੁਆਬ ਦਿੱਤਾ।

ਮੈਂ ਉਹਦੀ ਕਹਾਣੀ ਦਾ ਮੁੱਲ ਦੇਣ ਨੂੰ ਤਿਆਰ ਸਾਂ। ਆਪਣੇ ਬਟੂਏ ’ਚੋਂ ਮੈਂ ਸੌ-ਸੌ ਦੇ ਦੋ ਨੋਟ ਕੱਢੇ ਤੇ ਦੋਵਾਂ ਨੂੰ ਇਕ-ਇਕ ਫੜਾ ਦਿੱਤਾ।

"ਇਹਦੀ ਕਹਾਣੀ ਤੇ ਮੇਰੀ ਕਹਾਣੀ ਵਿਚ ਫਰਕ ਇਹ ਹੈ ਕਿ ਇਹ ਆਪ ਘਰੋਂ ਨਿਕਲਿਆ, ਮੈਂ ਘਰੋਂ ਕੱਢਿਆ ਗਿਆ। ਮੈਂ ਆਗਰੇ ਸ਼ਹਿਰ ਦਾ ਰਹਿਣ ਵਾਲਾ ਹਾਂ। ਹਾਂ ਨਹੀਂ, ਸਾਂ। ਮੈਂ ਦਸਵੀਂ ਪਾਸ ਕਰ ਲਈ ਤਾਂ ਬਾਪੂ ਆਖਣ ਲੱਗਾ ਹੁਣ ਨੌਕਰੀ ਕਰ। ਨੌਕਰੀ ਮਿਲੇ ਕੋਈ ਨਾ, ਤੇ ਰੋਜ਼ ਸ਼ਾਮ ਨੂੰ ਬਾਪੂ ਨੇ ਪੈੱਗ ਪੀ ਕੇ ਹੋ ਜਾਣਾ ਮੇਰੇ ਦੁਆਲੇ। ਜਾਂ ਤਾਂ ਨੌਕਰੀ ਕਰ, ਜਾਂ ਘਰੋਂ ਨਿਕਲ ਜਾਹ। ਇਕ ਦਿਨ ਘਰੋਂ ਨਿਕਲ ਕੇ ਮੈਂ ਦਿੱਲੀ ਚਲਾ ਗਿਆ ਨੌਕਰੀ ਦੀ ਭਾਲ ਵਿਚ! ਨੌਕਰੀ ਕੀ, ਓਥੇ ਪਹੁੰਚ ਕੇ ਤਾਂ ਇਹ ਹੀ ਨਾ ਪਤਾ ਲੱਗੇ ਕਿ ਟੱਟੀ-ਪਿਸ਼ਾਬ ਕਿੱਥੇ ਕਰੀਏ! ਦਿੱਲੀ ਦਾ ਤੁਹਾਨੂੰ ਪਤਾ ਹੀ ਹੋਵੇਗਾ, ਸਟੇਸ਼ਨ ਦੇ ਨਾਲ ਦਾ ਇਲਾਕਾ ਹੈ ਪਹਾੜ ਗੰਜ। ਮੈਂ ਇਸ ਇਲਾਕੇ ਦੇ ਤਕਰੀਬਨ ਸਾਰੇ ਹੋਟਲ ਤੇ ਦੁਕਾਨਾਂ ਗਾਹ ਮਾਰੀਆਂ, ਇਕੋ ਦਿਨ ਵਿਚ। ਸਾਰਿਆਂ ਤੋਂ ਨੌਕਰੀ ਬਾਰੇ ਪੁੱਛਿਆ। ਪੰਜ ਛੇ ਥਾਵਾਂ ਤੋਂ ਆਫਰ ਮਿਲੀ। ਜਿਹੜੀ ਆਫਰ ਮੈਂ ਮੰਨ ਲਈ, ਉਹਦੇ ਵਿਚ ਮੈਨੂੰ ਡੇਢ ਸੌ ਰੁਪਏ ਤਨਖਾਹ ਦੇ ਨਾਲ ਬਿਸਤਰਾ ਤੇ ਰੋਟੀ ਫਰੀ ਮਿਲਣੀ ਸੀ। ਨੌਕਰੀ ਸ਼ੁਰੂ ਹੋਈ। ਸਵੇਰੇ ਬਰਾਂਡੇ ਤੇ ਵਿਹੜੇ ਵਿਚ ਝਾੜੂ-ਪੋਚਾ ਲਾਣਾ, ਫੇਰ ਜਿਹੜਾ ਕਮਰਾ

ਖਾਲੀ ਹੋਵੇ, ਉਹਨੂੰ ਨਾਲੋ-ਨਾਲ ਸਾਫ ਕਰੀ ਜਾਣਾ। ਜਦੋਂ ਵਿਹਲ ਹੋਵੇ ਉਦੋਂ ਹੋਟਲ ਦੇ ਬਾਹਰ ਜਾ ਕੇ ਖੜ੍ਹੇ ਹੋ ਜਾਓ, ਹਰ ਲੰਘਦੇ ਵੜਦੇ ਨੂੰ ਵਾਜਾਂ ਮਾਰੋ, ਹੋ ਸਕੇ ਤਾਂ ਹੋਟਲ ਦਾ ਵਿਜ਼ਿਟਿੰਗ ਕਾਰਡ ਫੜਾਓ। ਕੰਮ ਦੇ ਘੰਟਿਆਂ ਦਾ ਕੋਈ ਹਿਸਾਬ ਨਹੀਂ, ਜਦੋਂ ਕੰਮ ਹੈ, ਉਦੋਂ ਹਾਜ਼ਰ ਹੋਣੇ ਚਾਹੀਦੇ ਹੋ, ਭਾਵੇਂ ਰਾਤ ਦੇ ਤਿੰਨ ਵੱਜੇ ਹੋਣ ਜਾਂ ਦਿਨ ਦੇ! ਮੈਂ ਹਰ ਵੇਲੇ ਝੂਰਦੇ ਰਹਿਣਾ ਪਈ ਜੇ ਇਹੋ ਨੌਕਰੀ ਕਰਨੀ ਸੀ, ਤਾਂ ਦਸਵੀਂ ਕਰਨ ਦੀ ਕੀ ਲੋੜ ਸੀ! ਜਿਸ ਦਿਨ ਪਹਿਲੀ ਤਨਖਾਹ ਮਿਲੀ, ਉਸੇ ਦਿਨ ਮੈਂ ਆਗਰੇ ਦੀ ਵਾਪਸੀ ਗੱਡੀ ਫੜ ਲਈ। ਪਰ ਮੈਂ ਆਗਰੇ ਪਹੁੰਚਿਆ ਨਾ। ਮੇਰੇ ਡੱਬੇ ਵਿਚ 10-12 ਸਾਧੂ ਜਨ ਸਫਰ ਕਰ ਰਹੇ ਸਨ। ਜਦੋਂ ਉਹ ਮਥੁਰਾ ਉਤਰਨ ਲੱਗੇ, ਤਾਂ ਮੇਰੇ ਦਿਲ ਵਿਚ ਪਤਾ ਨਹੀਂ ਕੀ ਆਇਆ, ਮੈਂ ਵੀ ਉਨ੍ਹਾਂ ਦੇ ਮਗਰ-ਮਗਰ ਹੋ ਤੁਰਿਆ। ਜਿਥੇ ਉਹ ਗਏ, ਉਥੇ ਮੈਂ ਚਲਾ ਗਿਆ, ਜਿਥੇ ਉਨ੍ਹਾਂ ਖਾਧਾ, ਉਥੇ ਮੈਂ ਖਾ ਲਿਆ, ਜਿਥੇ ਉਹ ਸੁੱਤੇ, ਉਥੇ ਮੈਂ ਸੌਂ ਗਿਆ! ਮੈਨੂੰ ਘਰ ਜਾਣ ਤੋਂ ਡਰ ਲਗਦਾ ਸੀ। ਸਾਧੂਆਂ ਦੇ ਨਾਲ ਰਹਿਣਾ ਸੌਖਾ ਲਗਦਾ ਸੀ। ਨੌਕਰੀ ਕਰਨ ਨਾਲੋਂ ਕਿਤੇ ਸੌਖਾ। ਚਲੋ ਛੱਡੋ, ਇਸ ਕਹਾਣੀ ਨੂੰ। ਤੁਸੀਂ ਖਿੱਚ ਲਓ ਫੋਟੋ!"

ਉਨ੍ਹਾਂ ਦੋਵਾਂ ਦੀ ਬਰੋ-ਬਰੋਬਰ ਖੜ੍ਹਿਆਂ ਦੀ ਮੈਂ ਫੋਟੋ ਖਿੱਚੀ। ਖਿੱਚੀ ਤਾਂ ਸਹੀ, ਪਰ ਹੁਣ ਇਹ ਫੋਟੋ ਓਨੀ ਦਿਲਕਸ਼ ਨਹੀਂ ਸੀ ਰਹੀ। ਸਾਧੂਆਂ ਦੀ ਅਸਲ ਕਹਾਣੀ ਨੇ ਫੋਟੋ ਫਿੱਕੀ ਪਾ ਦਿੱਤੀ ਸੀ। ਸਾਧੂਆਂ ਤੋਂ ਵਿਦਾ ਲੈ ਕੇ ਅਸੀਂ `ਪੰਚਵਟੀ` ਦੇ ਇਲਾਕੇ ਵਿਚ ਪਹੁੰਚ ਜਾਂਦੇ ਹਾਂ। ਛੋਟੇ ਜਿਹੇ ਰਕਬੇ ਵਿਚ ਬੋਹੜ (ਵਟ) ਦੇ ਪੰਜ ਰੁੱਖ ਲੱਗੇ ਹੋਏ ਹਨ, ਜਿਸ ਕਰਕੇ ਇਸਦਾ ਨਾਂਅ `ਪੰਚਵਟੀ` ਪੈ ਗਿਆ। ਪਾਂਡੇ ਕਹਿੰਦੇ ਨੇ ਕਿ ਇਹ ਰੁੱਖ ਮਾਤਾ ਸੀਤਾ ਦੇ ਵੇਲੇ ਦੇ ਲੱਗੇ ਹੋਏ ਹਨ, ਹਾਲਾਂਕਿ ਵੇਖਣ ਨੂੰ ਇਹ ਕੁਝ ਦਹਾਕੇ ਪੁਰਾਣੇ ਹੀ ਜਾਪਦੇ ਹਨ। ਇਸ ਪਾਸੇ ਹੀ ਕਾਲਾ



ਰਾਮ ਮੰਦਿਰ ਹੈ, ਜਿਸਨੂੰ ਨਾਸਿਕ ਸ਼ਹਿਰ ਦਾ ਸਭ ਤੋਂ ਪਵਿੱਤਰ ਮੰਦਰ ਮੰਨਿਆ ਜਾਂਦਾ ਹੈ। ਸੰਨ 1794 ਵਿਚ ਸਰਦਾਰ ਓਢੇਕਰ ਵਲੋਂ ਕਾਲੇ ਪੱਥਰ ਨਾਲ ਬਣਵਾਏ ਗਏ ਇਸ ਮੰਦਰ ਵਿਚ ਰਾਮ, ਸੀਤਾ ਤੇ ਲਕਸ਼ਮਣ ਦੀਆਂ ਕਾਲੇ ਪੱਥਰ ਦੀਆਂ ਮੂਰਤੀਆਂ ਸਥਾਪਤ ਹਨ। ਭਗਤਾਂ ਦਾ ਵਿਸ਼ਵਾਸ ਹੈ ਕਿ ਪੰਚਵਟੀ ਵਿਚ ਬਨਵਾਸ ਦੌਰਾਨ ਰਾਮ ਲਕਸ਼ਮਣ ਤੇ ਸੀਤਾ ਦੀ ਝੌਂਪੜੀ ਇਸੇ ਸਥਾਨ ਉੱਤੇ ਸਥਿਤ ਸੀ। ਇਸ ਇਲਾਕੇ ਦੇ ਰਿਸ਼ੀਆਂ-ਮੁਨੀਆਂ ਨੇ ਭਗਵਾਨ ਰਾਮ ਨੂੰ ਬੇਨਤੀ ਕੀਤੀ ਕਿ ਉਨ੍ਹਾਂ ਨੂੰ ਰਾਕਸ਼ਸਾਂ ਤੋਂ ਮੁਕਤੀ ਦਿਲਾਈ ਜਾਵੇ। ਤਦੋਂ ਰਾਮ ਨੇ ਕਾਲਾ (ਭਾਵ ਵਿਰਾਟ) ਰੂਪ ਧਾਰਨ ਕਰ ਕੇ ਇਹ ਕਾਰਜ ਨੇਪਰੇ ਚੜ੍ਹਾਇਆ ਸੀ। ਸੁੰਦਰ ਨਰਾਇਣ ਮੰਦਰ ਵਿਚ ਵਿਸ਼ਨੂੰ ਦੇ ਕਾਲੇ ਰੂਪ ਵਾਲੀ ਕਹਾਣੀ ਹੋਰ ਸੀ, ਇਸ ਮੰਦਰ ਵਿਚ ਹੋਰ ਹੈ। ਭਾਰਤੀ ਮਿਥਿਆਸ ਵਿਚ ਇਹ ਅਕਸਰ ਵੇਖਣ ਨੂੰ ਮਿਲਦਾ ਹੈ ਕਿ ਇਕੋ ਦੇਵਤੇ ਬਾਰੇ ਕਦੇ ਇਕ ਕਹਾਣੀ ਦੱਸੀ ਜਾਂਦੀ ਹੈ, ਤੇ ਕਦੇ ਦੂਜੀ। ਉਸਦਾ ਕਾਰਨ ਇਹ ਹੈ ਕਿ ਭਾਰਤ ਦੀਆਂ

ਮਿਥਿਆਸਕ ਕਹਾਣੀਆਂ ਦਾ ਸਰੋਤ ਇਕ ਨਹੀਂ, ਬਹੁਤ ਸਾਰੇ ਹਨ। ਕੁਝ ਕਹਾਣੀਆਂ ਵੇਦਾਂ ’ਚੋਂ ਨਿਕਲੀਆਂ, ਕੁਝ ਵੇਦਾਂਤਾਂ ’ਚੋਂ, ਕੁਝ ਉਪਨਿਸ਼ਦਾਂ ’ਚੋਂ, ਕੁਝ ਮਹਾਂਕਾਵਾਂ ’ਚੋਂ, ਕੁਝ ਬੋਧੀ ਪਰੰਪਰਾਵਾਂ ’ਚੋਂ, ਕੁਝ ਜੈਨੀ ਪਰੰਪਰਾਵਾਂ ’ਚੋਂ, ਤੇ ਕੁਝਹੋਰਨਾਂ ਸਰੋਤਾਂ ’ਚੋਂ। ਫੇਰ ਵੱਖੋ-ਵੱਖਰੇ ਸਮਿਆਂ ਅਤੇ ਜੁਦੇ-ਜੁਦੇ ਇਲਾਕਿਆਂ ਵਿਚ ਰਚੇ ਗਏ ਮਹਾਂਕਾਵਾਂ ਵਿਚ ਵੀ ਵੱਡੇ ਵਖਰੇਵੇਂ ਹਨ। ਤੇ ਅਨੇਕਾਂ ਚਰਿਤਰ ਅਜਿਹੇ ਹਨ, ਜਿਹੜੇ ਅਲੱਗ-ਅਲੱਗ ਸਰੋਤਾਂ ਵਿਚ ਹਾਜ਼ਰ ਹਨ। ਹਰ ਸਰੋਤ ਦੀ ਕਹਾਣੀ ਆਪਣੇ-ਆਪ ਵਿਚ ਤਾਂ ਇਕ ਸੂਤਰ ਵਿਚ ਪਰੋਈ ਲਭਦੀ ਹੈ, ਪਰੰਤੂ ਦੂਜੇ ਸਰੋਤਾਂ ਨਾਲ ਟਕਰਾਣ ਵੇਲੇ ਕਹਾਣੀ ਦਾ ਤਵਾਜਨ ਕਈ ਵਾਰੀ ਵਿਗੜ ਜਾਂਦਾ ਹੈ।

ਸੂਰਜ ਹੌਲੀ-ਹੌਲੀ ਸ਼ਹਿਰ ਦੀਆਂ ਉੱਚੀਆਂ ਇਮਾਰਤਾਂ ਦੇ ਓਹਲੇ ਲੁਕਦਾ ਜਾ ਰਿਹਾ ਸੀ। ਧਰਤੀ ਦੀ ਸਟੇਜ ਤੋਂ ਜਿਵੇਂ-ਜਿਵੇਂ ਕੁਦਰਤ ਆਪਣੀ ਰੋਸ਼ਨੀ ਬੁਝਾ ਰਹੀ ਸੀ, ਉਵੇਂ-ਉਵੇਂ ਨਾਸਿਕ ਦੇ ਸ਼ਹਿਰੀ ਆਪਣੀਆਂ-ਆਪਣੀਆਂ ਬਿਜਲਈ ਰੋਸ਼ਨੀਆਂ ਬਾਲ਼ ਰਹੇ ਸਨ। ਮੰਦਰਾਂ ਦੇ ਪੁਜਾਰੀਆਂ ਨੇ ਵੀ ਆਪਣੇ-ਆਪਣੇ ਦੀਵੇ ਬਾਲ਼ੇ, ਤੇ ਆਪਣੇ-ਆਪਣੇ ਮੰਦਰਾਂ ਵਿਚ ਆਰਤੀ ਦਾ ਅਰੰਭ ਕੀਤਾ। ਹੁਣ ਤਾਈਂ ਅਸੀਂ ਵਾਪਸ ਰਾਮ ਕੁੰਡ ਅੱਪੜ ਗਏ ਸਾਂ। ਰਾਮ ਕੁੰਡ ਦੀ ਆਰਤੀ ਬਾਕੀਆਂ ਨਾਲੋਂ ਵੱਧ ਰੌਚਕ ਹੁੰਦੀ ਹੈ। ਘੰਟੀਆਂ, ਘੜਿਆਲਾਂ ਤੇ ਤੁਰਹੀ ਦੀਆਂ ਅਵਾਜ਼ਾਂ ਨਾਲ ਸਾਰਾ ਆਭਾ ਮੰਡਲ ਗੂੰਜ ਰਿਹਾ ਸੀ। ਪੁਜਾਰੀ ਹੱਥ ਵਿਚ ਦੀਵਾ ਫੜੀ ਮੂਰਤੀਆਂ ਦੀ ਆਰਤੀ ਉਤਾਰ ਰਿਹਾ ਸੀ, ਤੇ ਨਾਲੋ-ਨਾਲ ਮੰਤਰ ਉਚਾਰ ਰਿਹਾ ਸੀ। ਚੌਗਿਰਦੇ ਦੀਆਂ ਰੋਸ਼ਨੀਆਂ ਦੀ ਪਾਣੀਆਂ ਵਿਚ ਲਿਸ਼ਕੋਰ ਨੇ ਹੁਣ ਨਦੀ ਦਾ ਰੂਪ ਹੋਰ ਵੀ ਨਿਖਾਰ ਦਿੱਤਾ ਸੀ। ਸ਼ਰਧਾਲੂਆਂ ਵਲੋਂ ਦੀਵੇ ਬਾਲ਼-ਬਾਲ਼ ਨਦੀ ਦੇ ਪਾਣੀਆਂ ਵਿਚ ਬਹਾਏ ਜਾ ਰਹੇ ਸਨ। ਹੌਲੀ-ਹੌਲੀ ਤੈਰਦੇ ਹੋਏ ਸੈਂਕੜੇ ਦੀਵਿਆਂ ਦਾ ਪ੍ਰਭਾਵ ਅਜਿਹਾ ਸੀ ਜਿਵੇਂ ਨਦੀ ਵਿਚ ਪਾਣੀ ਨਹੀਂ, ਰੋਸ਼ਨੀਆਂ ਵਗ ਰਹੀਆਂ ਹੋਣ। ਰੀਟਾ ਨੇ ਵੀ ਦੀਵਾ ਬਹਾਣ ਦੀ ਰਸਮ ਨਿਭਾਣੀ ਚਾਹੀ। ਉਸਨੇ ਨੇੜਲੀ ਪਟੜੀ-ਦੁਕਾਨ ਤੋਂ ਇਕ ਡੋਨੇ ਵਿਚ ਤੇਲ ਭਰਿਆ ਦੀਵਾ ਤੇ ਨਾਲ ਰੱਖੇ ਕੁਝ ਫੁੱਲ ਖਰੀਦੇ, ਤੇ ਸ਼ਰਧਾਪੂਰਬਕ ਉਨ੍ਹਾਂ ਨੂੰ ਪਾਣੀ ਵਿਚ ਬਹਾ ਦਿੱਤਾ। ਮੈਂ ਸੋਚ ਰਿਹਾ ਸਾਂ ਕਿ ਇਸ ਕਰਮਕਾਂਡ ਨਾਲ ਰੀਟਾ ਦਾ ਅੱਗਾ ਕਿੰਨਾ ਕੁ ਸੰਵਰੇਗਾ, ਇਸਦਾ ਤਾਂ ਪਤਾ ਨਹੀਂ, ਪਰ ਇਕ ਗੱਲ ਪੱਕੀ ਸੀ ਕਿ ਨਦੀ ਨੂੰ ਪ੍ਰਦੂਸ਼ਤ ਕਰਨ ਵਿਚ ਉਸਨੇ ਆਪਣਾ ਹਿੱਸਾ ਜ਼ਰੂਰ ਪਾ ਦਿੱਤਾ ਸੀ।

# 11.ਸਭ ਤੋਂ ਉੱਚਾ ਕੇਦਾਰ ਤੁੰਗਨਾਥ



ਸਿਤੰਬਰ 2004 ਵਿਚ ਜਦੋਂ ਮਨਮੋਹਨ ਬਾਵਾ ਨੇ ਮੇਰੇ ਸਾਹਮਣੇ ਗੜ੍ਹਵਾਲ ਵਿਚ ਟਰੈਕਿੰਗ ’ਤੇ ਜਾਣ ਦੀ ਤਜਵੀਜ਼ ਰੱਖੀ ਤਾਂ ਮੈਨੂੰ ਚਾਅ ਚੜ੍ਹ ਗਿਆ। ਮਨਮੋਹਨ ਬਾਵਾ ਬਹੁਤ ਤਜਰਬੇਕਾਰ ਘੁਮੱਕੜ ਹੈ, ਇਸਲਈ ਸੈਰ ਦੀ ਯੋਜਨਾ ਦੀ ਸਾਰੀ ਜ਼ਿੰਮੇਵਾਰੀ ਉਸੇ ਸਿਰ ਹੀ ਸੀ। ਪਿੱਠੂ-ਬੈਗ ਵਿਚ ਆਪਣਾ ਸਮਾਨ ਲੈ ਕੇ ਮੈਂ ਦਿੱਲੀ ਪਹੁੰਚ ਗਿਆ। ਰਾਤ ਨੂੰ ਦਿੱਲੀਓਂ ਮਸੂਰੀ ਐਕਸਪ੍ਰੈਸ ਵਿਚ ਬੈਠ ਗਏ, ਜਿਸਨੇ ਸਵੇਰੇ-ਸਵੇਰੇ ਸਾਨੂੰ ਹਰਿਦੁਆਰ ਜਾ ਉਤਾਰਿਆ। ਹਰਿਦੁਆਰ ਤੋਂ ਅਸੀਂ ਗੌਰੀਕੁੰਡ ਨੂੰ ਜਾਂਦੀ ਬੱਸ ਫੜ ਲਈ। ਸਭ ਤੋਂ ਪਹਿਲਾਂ ਗੌਰੀਕੁੰਡ ਤੋਂ ਕੇਦਾਰਨਾਥ ਤੱਕ 14 ਕਿਲੋਮੀਟਰ ਦਾ ਟ੍ਰੈਕ ਕਰਨ ਦੀ ਯੋਜਨਾ ਬਣਾਈ ਹੋਈ ਸੀ।

ਰਿਸ਼ੀਕੇਸ਼, ਦੇਵਪ੍ਰਯਾਗ, ਸ੍ਰੀਨਗਰ ਤੇ ਰੁਦਰਪ੍ਰਯਾਗ ਰਾਹੀਂ ਹੁੰਦੀ ਹੋਈ ਸਾਡੀ ਬੱਸ ਜਦੋਂ ਕੁੰਡ ਨਾਂਅ ਦੇ ਸਥਾਨ ’ਤੇ ਅੱਪੜੀ ਤਾਂ ਅਸੀਂ ਅੱਗੇ ਗੌਰੀਕੁੰਡ ਤੱਕ ਜਾਣ ਦੀ ਬਿਜਾਏ ਚਾਲੀ

ਕਿਲੋਮੀਟਰ ਉਰ੍ਹਾਂ ਹੀ ਉਤ੍ਰ੍ਰ ਗਏ। ਅਸਲ ਵਿਚ ਬੱਸ ਵਿਚ ਬੈਠੀਆਂ ਲੋਕਲ ਸਵਾਰੀਆਂ ਨਾਲ ਮਸ਼ਵਰਾ ਕਰਨ ’ਤੇ ਸਾਨੂੰ ਪਤਾ ਲੱਗਾ ਕਿ ਕੇਦਾਰਨਾਥ ਤੋਂ ਬਾਅਦ ਤੁੰਗਨਾਥ ਜਾਣ ਦੀ ਬਿਜਾਏ ਜੇ ਅਸੀਂ ਆਪਣਾ ਰੂਟ ਉਲਟਾ ਕਰ ਲਈਏ ਤਾਂ ਬਿਹਤਰ ਰਹੇਗਾ। ਤੁੰਗਨਾਥ ਤੋਂ ਕੇਦਾਰਨਾਥ ਵੱਲ ਨੂੰ ਆਵਾਜਾਈ ਦੇ ਸਾਧਨਾਂ ਦਾ ਪ੍ਰਬੰਧ ਜ਼ਿਆਦਾ ਚੰਗਾ ਹੈ। ਕੁੰਡ ਤੋਂ ਚੋਪਤਾ ਜਾਣ ਲਈ ਅਸੀਂ ਟੈਕਸੀ ਲੈ ਲਈ। ਪੈਂਤੀ ਕਿਲੋਮੀਟਰ ਦੀ ਚੜ੍ਹਾਈ ਚੜ੍ਹਨ ਨੂੰ ਸਾਡੀ ਜੀਪ ਨੇ ਲਗਭਗ ਡੇਢ ਘੰਟਾ ਲਾ ਦਿੱਤਾ। ਚੋਪਤਾ ਵਿਖੇ ਸੜਕ ਦੇ ਆਲੇ-ਦੁਆਲੇ ਕਈ ਢਾਬੇ, ਦੁਕਾਨਾਂ ਅਤੇ ਛੋਟੇ ਹੋਟਲ ਵਿਖਾਈ ਦਿੱਤੇ। ਪਹਿਲੇ ਹੀ ਹੋਟਲ ਦਾ ਕਮਰਾ ਸਾਨੂੰ ਪਸੰਦ ਆ ਗਿਆ। ਜੁੜੇ ਹੋਏ ਬਾਥਰੂਮ ਵਾਲੇ ਨਿੱਕੇ ਜਿਹੇ ਕਮਰੇ ਵਿਚ ਘੱਟੋ-ਘੱਟ ਸਹੂਲਤਾਂ ਸਨ, ਪਰ ਸੀ ਸਾਫ-ਸੁਥਰਾ ਅਤੇ ਕਿਰਾਇਆ ਵੀ ਵਾਜਬ ਹੀ ਸੀ। ਸਮਾਨ ਕਮਰੇ ਵਿਚ ਟਿਕਾ ਕੇ ਅਸੀਂ ਬਾਹਰ ਆਏ, ਤਾਂ ਚੋਪਤਾ ਦੀ ਸੁਹੱਪਣ ਵੇਖ ਕੇ ਹੈਰਾਨ ਰਹਿ ਗਏ। ਚਮੋਲੀ ਜ਼ਿਲ੍ਹੇ ਦੇ ਇਸ ਨਿੱਕੇ ਜਿਹੇ ਪਿੰਡ ਦੀ ਸਮੁੰਦਰੀ ਤਲ ਤੋਂ ਉਚਾਈ 2926 ਮੀਟਰ ਹੈ। ਖੁੱਲ੍ਹੀ ਵਾਦੀ ਵਿਚ ਪਿੰਡ ਵਸਿਆ ਹੋਇਆ ਹੈ ਤੇ ਆਲੇ-ਦੁਆਲੇ ਉੱਚੀਆਂ ਪਹਾੜੀਆਂ ਹਨ। ਸਾਹਮਣੇ ਬਰਫ਼ਓਮਪ;ਾਨੀ ਪਹਾੜੀਆਂ ਦਾ ਨਜ਼ਾਰਾ ਤੱਕ ਕੇ ਸਾਡੀਆਂ ਅੱਖਾਂ ਟੱਡੀਆਂ ਰਹਿ ਜਾਂਦੀਆਂ ਹਨ। ਚਾਹ ਦੀ ਦੁਕਾਨ ਤੋਂ ਕੜਕ ਚਾਹ ਬਣਵਾ ਕੇ ਨਾਲ ਇਕ-ਇਕ ਪੀਸ ‘ਖਜੂਰ’ ਦਾ ਲੈਂਦੇ ਹਾਂ। ਖਜੂਰ, ਪਹਾੜਾਂ ’ਚ ਮਿਲਦੀ ਇਕ ਅਜਿਹੀ ਮਠਿਆਈ ਹੈ, ਜਿਸਦਾ ਸੁਆਦ ਤਾਂ ਮਿੱਠੀ ਮੱਠੀ ਵਰਗਾ ਹੈ, ਪਰੰਤੂ ਸ਼ਕਲ ਖਜੂਰ ਵਰਗੀ ਹੈ, ਹਾਲਾਂਕਿ ਅਕਾਰ ਪੱਖੋਂ ਖਜੂਰ ਤੋਂ ਕੋਈ ਅੱਠ-ਦਸ ਗੁਣਾ ਵੱਡੀ ਹੋਵੇਗੀ। ਮੇਰਾ ਅੰਦਾਜ਼ਾ ਹੈ ਕਿ ਖਜੂਰ ਦਾ ਬਾਕੀ ਸਾਰਾ ਮਸੌਦਾ ਮੱਠੀ ਵਾਲਾ ਹੀ ਹੈ, ਬੱਸ ਨਮਕ ਦੀ ਥਾਂ ਇਸ ਵਿਚ ਗੁੜ ਪਾਇਆ ਜਾਂਦਾ ਹੈ। ਬਾਵਾ ਜੀ ਦਾ ਖਿਆਲ ਹੈ ਕਿ ਹਿਮਾਚਲੀਆਂ ਕੋਲ ਇਹ ਮਠਿਆਈ ਅਫਗਾਨੀ ਲੋਕ ਲੈ ਕੇ ਆਏ ਹੋਣਗੇ। ਘਿਓ ਵਿਚ ਡੂੰਘੀ ਤਲੀ ਹੋਈ ਇਕ-ਇਕ ਖਜੂਰ ਨਾਲ ਸਾਡੀ ਤਸੱਲੀ ਹੋ ਗਈ। ਫੇਰ ਸੜਕੇ-ਸੜਕੇ ਸੈਰ ਕਰਦੇ ਅਸੀਂ ਚੋਪਤਾ ਤੋਂ ਅੱਗੇ ਵੱਲ ਨਿਕਲ ਗਏ। ਕੁੱਝ ਦੇਰ ਬਾਅਦ ਜਦ ਸੜਕ ਨੇ ਖੱਬੇ ਵੱਲ ਮੋੜ ਕੱਟਿਆ, ਤਾਂ ਸਾਰਾ ਦ੍ਰਿਸ਼ ਹੀ ਬਦਲ ਗਿਆ। ਪਹਾੜੀ ਦੇ ਦੂਜੇ ਪਾਸੇ ਦੀ ਵਿਸ਼ਾਲ ਵਾਦੀ ਅਚਾਨਕ ਸਾਡੀਆਂ ਅੱਖਾਂ ਮੂਹਰੇ ਆ ਪ੍ਰਗਟ ਹੋਈ ਸੀ। ਪਹਾੜਾਂ ਦੀ ਸੈਰ ਦੌਰਾਨ ਇਹੋ ਵੱਡੇ ਮਜ਼ੇ ਦੀ ਗੱਲ ਹੈ, ਕੁਝ ਕਦਮ ਇੱਧਰ-ਉਧੱਰ ਚੱਲਣ ਨਾਲ ਦ੍ਰਿਸ਼ ਅਚਾਨਕ ਬਦਲ ਜਾਂਦਾ ਹੈ। ਮੋੜ ਕੱਟਣ ਨਾਲ ਤਾਂ ਪਹਾੜੀ ਦ੍ਰਿਸ਼ ਦਾ

ਬਦਲਣਾ ਲਾਜ਼ਮੀ ਹੈ, ਪਰੰਤੂ ਜੇ ਮੋੜ ਮੁੜਦਿਆਂ ਤੁਹਾਡੇ ਸਾਹਮਣੇ ਅਚਾਨਕ ਇਕ ਨਵੀਂ ਵਾਦੀ ਖੁੱਲ੍ਹ ਜਾਵੇ ਤਾਂ ਇਹਸਾਸ ਕਿਸੇ ਵੱਡੇ ਕ੍ਰਿਸ਼ਮੇ ਨੂੰ ਹੰਡਾਉਣ ਵਰਗਾ ਹੁੰਦਾ ਹੈ।

ਜਦੋਂ ਅਸੀਂ ਸੈਰ ਤੋਂ ਵਾਪਸ ਚੋਪਤਾ ਮੁੜੇ ਤਾਂ ਸੂਰਜ ਅਸਤ ਹੋ ਰਿਹਾ ਸੀ। ਦਿਨ ਬਿਲਕੁਲ ਸਾਫ ਹੋਣ ਕਰਕੇ ਬਰਫੀਲੀਆਂ ਪਹਾੜੀਆਂ ਦਾ ਨਜ਼ਾਰਾ ਬੜਾ ਸਾਫ ਦਿਖਾਈ ਦੇ ਰਿਹਾ ਸੀ। ਕੁਝ ਦੇਰ ਪਹਿਲਾਂ ਤੱਕ ਚਾਂਦੀ ਰੰਗੀਆਂ ਪਹਾੜੀਆਂ ਉੱਤੇ ਢਲਦੇ ਸੂਰਜ ਨੇ ਸੁਨਹਿਰੀ ਮੁਲੱਮਾ ਚੜ੍ਹਾ ਦਿੱਤਾ ਸੀ। ਅਸੀਂ ਅਤੇ ਸਾਡੇ ਕੋਲ ਖੜੇ ਹੋਰ ਸੈਲਾਨੀ ਕੁਦਰਤ ਦੇ ਇਸ ਦਰਸ਼ਨੀ ਦੀਦਾਰ ਨੂੰ ਆਪਣੇ-ਆਪਣੇ ਕੈਮਰਿਆਂ ਵਿਚ ਉਤਾਰਨ ਵਿਚ ਵਿਅਸਤ ਸਨ। ਰਾਤ ਦਾ ਖਾਣਾ ਇਕ ਢਾਬੇ ਤੋਂ ਖਾ ਕੇ ਹੀ ਅਸੀਂ ਆਪਣੇ ਹੋਟਲ ਵਾਪਸ ਪਹੁੰਚੇ। ਆਪਣੀਆਂ-ਆਪਣੀਆਂ ਰਜ਼ਾਈਆਂ ਵਿਚ ਲੁਕ ਕੇ ਗੱਲਾਂ ਕਰਨ ਤੋਂ ਸਿਵਾ ਹੋਰ ਕੋਈ ਮਸਰੂਫੀਅਤ ਨਹੀਂ। ਸਾਡੇ ਕਮਰੇ ਵਿਚ ਸੋਲਰ ਬਲਬ ਦੀ ਰੋਸ਼ਨੀ ਏਨੀ ਮੱਧਮ ਸੀ ਕਿ ਕਿਤਾਬ ਪੜ੍ਹਨ ਵਾਲਾ ਬਦਲ ਬਚਿਆ ਹੀ ਨਹੀਂ ਸੀ। ਸਾਰੇ ਦਿਨ ਦੀ ਥਕਾਵਟ ਸਦਕਾ ਜਲਦੀ ਹੀ ਨੀਂਦ ਨੇ ਆ ਘੇਰਿਆ, ਜਿਹਦੇ ਲਈ ਅਸੀਂ ਤਿਆਰ ਸਾਂ, ਤਾਂਕਿ ਸਵੇਰੇ ਸਾਝਰੇ ਉੱਠ ਕੇ ਟਰੈਕਿੰਗ ਸ਼ੁਰੂ ਕਰ ਸਕੀਏ।

ਅਗਲੀ ਸਵੇਰੇ ਚਾਹ ਦਾ ਕੱਪ-ਕੱਪ ਪੀ ਕੇ ਅਸੀਂ ਤੁੰਗਨਾਥ ਵੱਲ ਤੁਰ ਪੈਂਦੇ ਹਾਂ। ਸੂਰਜ ਅਜੇ ਚੜ੍ਹਿਆ ਨਹੀਂ, ਪਰ ਰੋਸ਼ਨੀ ਹੋ ਚੁੱਕੀ ਹੈ। ਮੰਦਰ ਤੱਕ ਚਾਰ ਕਿਲੋਮੀਟਰ ਦੇ ਪੈਂਡੇ ’ਚੋਂ ਪਹਿਲਾ ਇਕ ਕਿਲੋਮੀਟਰ ਚੜ੍ਹਾਈ ਸਹਿੰਦੀ-ਸਹਿੰਦੀ ਹੈ, ਪਰੰਤੂ ਬਾਅਦ ਵਿਚ ਜ਼ਿਆਦਾ ਸਖਤ ਹੋ ਜਾਂਦੀ ਹੈ। ਸਾਰਾ ਰਾਹ ਪੱਥਰਾਂ ਨਾਲ ਪੱਕਾ ਬਣਿਆ ਹੋਇਆ ਹੈ ਤੇ ਰਾਹ ਵਿਚ ਕੁੱਝ-ਕੁੱਝ ਦੂਰੀ ’ਤੇ ਸਾਹ ਲੈਣ ਲਈ ਬੈਂਚ ਅਤੇ ਤਿੰਨ-ਚਾਰ ਚਾਹ ਦੀਆਂ ਦੁਕਾਨਾਂ ਵੀ ਬਣੀਆਂ ਹੋਈਆਂ ਹਨ। ਆਸ-ਪਾਸ ਰੋਡੋਡੈਂਡਰੋਨ ਦੇ ਰੁੱਖ ਹਨ, ਕਿਤੇ-ਕਿਤੇ ਹਰੇ-ਹਰੇ ਘਾਹ ਦੇ ਮੈਦਾਨ ਅਤੇ ਪੌੜੀ-ਨੁਮਾ ਪਹਾੜੀ ਖੇਤ ਵੀ ਦਿਖਾਈ ਦੇਂਦੇ ਹਨ। ਮਜ਼ੇ ਨਾਲ ਚਲਦੇ ਹੋਏ ਅਤੇ ਆਲੇ-ਦੁਆਲੇ ਦੇ ਸੁਹਾਵਣੇ ਨਜ਼ਾਰੇ ਮਾਣਦੇ ਹੋਏ ਡੇਢ ਕੁ ਘੰਟੇ ’ਚ ਅਸੀਂ ਮੰਦਰ ਤੱਕ ਪਹੁੰਚ ਜਾਂਦੇ ਹਾਂ। ਮੰਦਿਰ ਤੋਂ ਪਹਿਲਾਂ ਦੋ ਕੁ ਛੋਟੇ-ਛੋਟੇ ਹੋਟਲ ਤੇ ਧਰਮਸ਼ਾਲਾ ਵੀ ਦਿਸਦੀਆਂ ਹਨ। ਉੱਤਰੀ ਭਾਰਤੀ ਸ਼ੈਲੀ ਵਿਚ 3680 ਮੀਟਰ ਉਚਾਈ ’ਤੇ ਬਣਿਆ ਸ਼ਿਵ ਭਗਵਾਨ ਨੂੰ ਸਮਰਪਿਤ ਇਹ ਮੰਦਿਰ ਦੁਨੀਆਂ ਦਾ ਸਭ ਤੋਂ ਉੱਚਾ ਹਿੰਦੂ ਮੰਦਿਰ ਹੈ। ਮੁੱਖ ਮੰਦਿਰ ਦੇ ਆਲੇ-ਦੁਆਲੇ ਦਸ-

ਬਾਰਾਂ ਹੋਰਨਾਂ ਦੇਵਤਿਆਂ ਨੂੰ ਸਮਰਪਿਤ ਮੰਦਰੀਆਂ ਵੀ ਹਨ। ਮਿਥਿਹਾਸ ਮੁਤਾਬਕ ਤੁੰਗਨਾਥ ਦਾ ਮੰਦਿਰ ਪਾਂਡਵਾਂ ਵਲੋਂ ਬਣਾਏ ਗਏ ਪੰਜ ਕੇਦਾਰਾਂ ਵਿੱਚੋਂ ਇਕ ਹੈ। ਇਕ ਕਥਾ ਅਨੁਸਾਰ ਰਿਸ਼ੀ ਵਿਆਸ ਨੇ ਪਾਂਡਵਾਂ ਨੂੰ ਸਲਾਹ ਦਿੱਤੀ ਕਿ ਮਹਾਂਭਾਰਤ ਦੀ ਲੜਾਈ ਵਿਚ ਆਪਣੇ ਭਰਾਂਵਾਂ (ਕੌਰਵਾਂ) ਨੂੰ ਮਾਰਨ ਦੇ ਪਾਪਾਂ (ਗੋਤਰ-ਹੱਤਿਆ ਅਤੇ ਬ੍ਰਾਹਮਣ-ਹੱਤਿਆ) ਨੂੰ ਧੋਣ ਲਈ ਉਹ ਭਗਵਾਨ ਸ਼ਿਵ ਕੋਲ ਜਾ ਕੇ ਆਪਣੀ ਭੁੱਲ ਬਖਸ਼ਵਾਉਣ। ਭਗਵਾਨ ਸ਼ਿਵ ਨੂੰ ਟੋਲਦੇ-ਟੋਲਦੇ, ਪਾਂਡਵ ਪਹਿਲਾਂ ਉਸਦੇ ਮਨਭਾਉਂਦੇ ਸਥਾਨ ਕਾਸ਼ੀ (ਵਾਰਾਨਸੀ) ਵਿਖੇ ਪਹੁੰਚੇ। ਭਗਵਾਨ ਸ਼ਿਵ ਉਨ੍ਹਾਂ ਦੇ ਗੁਨਾਹ ਤੋਂ ਬਹੁਤ ਖਫਾ ਸੀ, ਇਸਲਈ ਉਹ ਇਕ ਬੈਲ (ਨੰਦੀ) ਦੀ ਸ਼ਕਲ ਧਾਰ ਕੇ ਗੜ੍ਹਵਾਲ ਦੇ ਪਹਾੜਾਂ ਵਿਚ ਜਾ ਲੁਕਿਆ। ਲੱਭਦਿਆਂ-ਲੱਭਦਿਆਂ ਪਾਂਡਵਾਂ ਨੇ ਨੰਦੀ ਨੂੰ ਵਾਦੀ ਵਿਚ ਘਾਹ ਚੁਗਦੇ ਹੋਏ ਪਛਾਣ ਲਿਆ। ਭੀਮ ਨੇ ਉਸਨੂੰ ਪੂਛ ਤੋਂ ਫੜ ਲਿਆ। ਪਰੰਤੂ ਪੂਛ ਉਸਦੇ ਹੱਥ ਵਿਚ ਰਹਿ ਗਈ ਤੇ ਬਾਕੀ ਦਾ ਬੈਲ ਗੁਪਤਕਾਸ਼ੀ ਦੀ ਗੁਫਾ ਵਿਚ ਜਾ ਲੁਕਿਆ। ਬਾਅਦ ਵਿਚ ਉਹ ਬੈਲ ਵੱਖ-ਵੱਖ ਅੰਗਾਂ ਦੇ ਰੂਪ ਵਿਚ ਪੰਜ ਅੱਡੋ-ਅੱਡਰੀਆਂ ਥਾਂਵਾਂ ’ਤੇ ਪ੍ਰਗਟ ਹੋਇਆ। ਪਾਂਡਵਾਂ ਨੇ ਇਨ੍ਹਾਂ ਪੰਜਾਂ ਥਾਂਵਾਂ ’ਤੇ ਸ਼ਿਵ ਨੂੰ ਸਮਰਪਿਤ ਮੰਦਿਰ ਬਣਵਾਏ, ਜਿਹੜੇ ਪੰਜ ਕੇਦਾਰਾਂ ਵਜੋਂ ਜਾਣੇ ਜਾਂਦੇ ਹਨ।ਤੁੰਗਨਾਥ ਦਾ ਮੰਦਿਰ ਸ਼ਿਵ ਦੀਆਂ ਬਾਹਵਾਂ ਨੂੰ ਸਮਰਪਿਤ ਹੈ। ਕੇਦਾਰਨਾਥ ਦਾ ਮੰਦਿਰ ਸ਼ਿਵ ਦੀ ਪਿੱਠ ਨੂੰ, ਮੱਧਮਹੇਸ਼ਵਰ ਉਸਦੇ ਪੇਟ ਤੇ ਧੁੰਨੀ ਨੂੰ, ਰੁਦਰਨਾਥ ਉਸਦੇ ਚਿਹਰੇ ਨੂੰ ਅਤੇ ਕਲਪੇਸ਼ਵਰ ਉਸਦੇ ਸਿਰ ਤੇ ਜਟਾਵਾਂ ਨੂੰ ਸਮਰਪਿਤ ਹੈ। ਤੁੰਗਨਾਥ ਮੰਦਿਰ ਦਾ ਮੱੁਖ ਢਾਂਚਾ ਪੱਥਰ ਦਾ ਬਣਿਆ ਹੋਇਆ ਹੈ, ਜਿਸਦੇ ਉੱਪਰ ਲੱਕੜ ਦਾ ਚਬੂਤਰਾ ਹੈ, ਜਿਸਦੇ ਚਾਰੋਂ ਪਾਸੇ ਚਾਰ-ਚਾਰ (ਕੁੱਲ 16) ਮਿਹਰਾਬਾਂ ਹਨ। ਇਤਿਹਾਸਕਾਰਾਂ ਅਨੁਸਾਰ ਇਹ ਮੰਦਿਰ ਕੋਈ ਇਕ ਹਜ਼ਾਰ ਸਾਲ ਪੁਰਾਣਾ ਹੈ, ਪਰੰਤੂ ਫੇਰ ਵੀ ਸ਼ਰਧਾਲੂ ਇਸਨੂੰ ਪਾਂਡਵਾਂ ਦੇ ਵਿਚਕਾਰਲੇ ਭਰਾ ਅਰਜੁਨ ਵਲੋਂ ਬਣਾਇਆ ਗਿਆ ਮੰਨਦੇ ਹਨ।

ਤੁੰਗਨਾਥ ਦਾ ਮੰਦਿਰ ਵੇਖਣ ਅਤੇ ਇਥੇ ਹੀ ਇਕ ਦੁਕਾਨ ਤੋਂ ਚਾਹ ਦੇ ਕੱਪ-ਕੱਪ ਨਾਲ ਬਿਸਕੁਟ ਖਾਣ ਤੋਂ ਬਾਅਦ ਅਸੀਂ ਅੱਗੇ ਚੰਦਰਸ਼ਿਲਾ ਦੀ ਚੋਟੀ ਵੱਲ ਚਾਲੇ ਪਾਉਂਦੇ ਹਾਂ। ਦੋ ਕਿਲੋਮੀਟਰ ਦੀ ਚੜ੍ਹਾਈ ਚੜ੍ਹ ਕੇ ਅਸੀਂ 4000 ਮੀਟਰ ਉੱਚੀ ਉਸ ਚੰਦਰਸ਼ਿਲਾ ਚੋਟੀ ’ਤੇ ਪਹੁੰਚ ਜਾਂਦੇ ਹਾਂ, ਜਿਹਦੇ ਉੱਤੇ, ਇਕ ਮਿਥਿਆਸਕ ਕਥਾ ਮੁਤਾਬਕ, ਭਗਵਾਨ ਰਾਮ ਨੇ ਬੈਠ ਕੇ ਸ਼ਿਵਜੀ ਦੀ ਪੂਜਾ ਕੀਤੀ ਸੀ। ਇਥੇ ਵੀ ਇਕ ਨਿੱਕਾ ਜਿਹਾ ਮੰਦਿਰ ਬਣਿਆ ਹੋਇਆ ਹੈ, ਜਿਥੇ

ਕੁਝ ਸ਼ਰਧਾਲੂ ਪੂਜਾ ਕਰਨ ਲਈ ਪਹੁੰਚ ਜਾਂਦੇ ਹਨ। ਪਰੰਤੂ ਟਰੈਕਰਾਂ ਦੀ ਯਾਤਰਾ ਤਾਂ ਇਥੇ ਪਹੰੁਚੇ ਬਗੈਰ ਪੂਰੀ ਨਹੀਂ ਹੁੰਦੀ। ਚਾਰ-ਚੁਫੇਰੇ ਬਰਫੀਲੀ ਚੋਟੀਆਂ ਦਾ ਦ੍ਰਿਸ਼ ਜਿਹੜਾ ਸਾਨੂੰ ਏਥੋਂ ਦਿਸਦਾ ਹੈ, ਹੋਰ ਕਿਧਰੋਂ ਵੀ ਨਹੀਂ ਦਿਸਦਾ। ਇਕ ਪਾਸੇ ਤਾਂ ਨੰਦਾ ਦੇਵੀ, ਪੰਚਚੁਲੀ, ਬੰਦਰਪੂੰਛ, ਕੇਦਾਰਨਾਥ, ਚੌਖੰਬਾ ਤੇ ਨੀਲਕੰਠ ਦੀਆਂ ਚਿੱਟੀਆਂ ਚੋਟੀਆਂ ਦਾ 180 ਡਿਗਰੀ ਦਾ ਪੈਨੋਰਮਾ ਦਿਖਾਈ ਦੇਂਦਾ ਹੈ ਅਤੇ ਦੂਜੇ ਪਾਸੇ ਗੜ੍ਹਵਾਲ ਦੀ ਵਿਸ਼ਾਲ ਵਾਦੀ। ਅਸੀਂ ਬੜੇ ਖੁਸ਼ਕਿਸਮਤ ਹਾਂ ਕਿ ਇਸ ਵੇਲੇ ਮੌਸਮ ਸਾਫ ਹੈ ਤੇ ਸਾਨੂੰ ਸਾਰਾ ਆਸਾ-ਪਾਸਾ ਦੂਰ-ਦੂਰ ਤੱਕ ਦਿਖਾਈ ਦੇ ਰਿਹਾ ਹੈ। ਜੇ ਕਦੇ ਮੈਂ ਸਵਰਗ ਦੀ ਤਸਵੀਰ ਬਣਾਵਾਂ ਤਾਂ ਉਹ ਕੁਝ ਅਜਿਹੀ ਹੀ ਹੋਵੇਗੀ, ਜਿਹੜੀ ਮੈਂ ਇਸ ਵੇਲੇ ਆਪਣੀਆਂ ਅੱਖੀਆਂ ਨਾਲ ਤੱਕ ਰਿਹਾ ਹਾਂ। ਆਪਣੇ ਚੁਫੇਰੇ ਦਾ ਦ੍ਰਿਸ਼ ਅਜੇ ਅਸੀਂ ਜੀਅ ਭਰ ਕੇ ਤੱਕਿਆ ਵੀ ਨਹੀਂ ਸੀ ਕਿ ਅਚਾਨਕ ਸੰਘਣੇ ਬੱਦਲਾਂ ਨੇ ਆ ਘੇਰਿਆ ਹੈ। ਹੁਣੇ-ਹੁਣੇ ਜਿਹੜੀਆਂ ਚੋਟੀਆਂ ਨੂੰ ਵੇਖ-ਵੇਖ ਅਸੀਂ ਅਸ਼-ਅਸ਼ ਕਰ ਰਹੇ ਸਾਂ, ਗਾੜ੍ਹੀ ਧੁੰਦ ਨੇ ਅਚਾਨਕ ਉਨ੍ਹਾਂ ਨੂੰ ਅਲੋਪ ਕਰ ਦਿੱਤਾ ਹੈ। ਪਹਾੜਾਂ ਦੀ ਬੱਦਲਾਂ ਨਾਲ ਖੇਡ ਵੀ ਬੜੀ ਨਿਆਰੀ ਹੈ। ਕਈ ਵਾਰ ਤਾਂ ਨਿੱਕੇ ਬੱਦਲਾਂ ਦੇ ਰੰਗਾਂ ਅਤੇ ਆਕਾਰਾਂ ਨਾਲ ਪਹਾੜਾਂ ਦੀ ਸੁਹੱਪਣ ਨੂੰ ਚਾਰ ਚੰਨ ਲੱਗ ਜਾਂਦੇ ਹਨ, ਪਰੰਤੂ ਕਈ ਵਾਰ ਬੱਦਲਾਂ ਓਹਲੇ ਪਹਾੜ ਇਸ ਤਰਾਂ ਢਕੇ ਜਾਂਦੇ ਹਨ ਕਿ ਉਨ੍ਹਾਂ ਦੀ ਔਕਾਤ ਹੀ ਅਲੋਪ ਹੋ ਜਾਂਦੀ ਹੈ। ਕਿਸੇ ਪਹਾੜੀ ਸਥਾਨ ’ਤੇ ਥੋੜ੍ਹੇ ਸਮੇਂ ਦੀ ਸੈਰ ਲਈ ਪੁੱਜੇ ਕਈ ਸੈਲਾਨੀਆਂ ਨੂੰ ਬਹੁਤੀ ਵਾਰ ਦੂਰ ਦੀਆਂ ਚੋਟੀਆਂ ਦਾ ਨਜ਼ਾਰਾ ਦਿਸਦਾ ਹੀ ਨਹੀਂ। ਕਦੇ-ਕਦੇ ਤਾਂ ਇੰਞ ਵੀ ਹੁੰਦਾ ਹੈ ਕਿ ਕੋਈ ਸੈਲਾਨੀ ਕਿਸੇ ਪਹਾੜੀ ਸਥਾਨ ’ਤੇ ਹਫਤਿਆਂ-ਬੱਧੀ ਰਹਿ ਕੇ ਵਾਪਸ ਚਲਾ ਜਾਂਦਾ ਹੈ, ਪਰੰਤੂ ਉਸਨੂੰ ਇਹ ਪਤਾ ਨਹੀਂ ਲਗਦਾ ਕਿ ਸਾਫ ਮੌਸਮ ਵਿਚ ਇਥੋਂ ਕਿਹੋ ਜਿਹਾ ਦ੍ਰਿਸ਼ ਦਿਸਦਾ ਹੋਵੇਗਾ!

# 12.ਧਾਮ,ਕੇਦਾਰ ਤੇ ਜਿਓਤਰਲਿੰਗ



ਹਿੰਦੂਆਂ ਦੇ ਤੀਰਥ ਸਥਾਨਾਂ ਵਿਚ ਕੇਦਾਰਨਾਥ ਦੀ ਵੱਡੀ ਮਹੱਤਤਾ ਹੈ। ਇਸਦੀ ਗਿਣਤੀ ਚਾਰ ਧਾਮਾਂ ਵਿਚ ਵੀ ਹੁੰਦੀ ਹੈ, ਪੰਚ ਕੇਦਾਰਾਂ ਵਿਚ ਵੀ ਤੇ ਬਾਰਾਂ ਜਿਓਤਰਲਿੰਗਾਂ ਵਿਚ ਵੀ। ਮੰਦਾਕਿਨੀ ਨਦੀ ਦੇ ਸਰੋਤ ’ਤੇ ਸਥਿਤ ਹੋਣ ਕਰਕੇ ਇਸਦੀ ਪੂਜਾ ਇਕ ਧਾਮ ਦੇ ਤੌਰ ’ਤੇ ਹੁੰਦੀ ਹੈ। ਮਿਥਿਆਸ ਅਨੁਸਾਰ ਗੁਪਤ ਕਾਸ਼ੀ ਵਿਚ ਛੁਪ ਜਾਣ ਮਗਰੋਂ ਭਗਵਾਨ ਸ਼ਿਵ ਰੂਪੀ ਨੰਦੀ ਦੀ ਪਿੱਠ ਏਥੇ ਪ੍ਰਗਟ ਹੋਣ ਕਰਕੇ ਪਾਂਡਵਾਂ ਨੇ ਏਥੇ ਕੇਦਾਰ ਮੰਦਿਰ ਬਣਵਾਇਆ। ਹਿਮਾਲਿਆ ਵਿਚ ਸਥਿਤ ਇਕੋ-ਇਕ ਜੋਤਿਰਲਿੰਗ ਵੀ ਕੇਦਾਰਨਾਥ ਵਿਖੇ ਸਥਾਪਤ ਹੈ। ਬਾਕੀ ਗਿਆਰਾਂ ਜੋਤਿਰਲਿੰਗ ਜਿਨ੍ਹਾਂ ਦੇ ਨਾਂਵਾਂ ਅਤੇ ਸਥਾਨਾਂ ਦਾ ਜ਼ਿਕਰ ‘ਸ਼ਿਵ ਪੁਰਾਣ’ ਵਿਚ ਦਰਜ਼

ਹੈ, ਉਹ ਹਨ ਸੋਮਨਾਥ ਤੇ ਨਾਗੇਸ਼ਵਰ (ਗੁਜਰਾਤ), ਮਲਿੱਕਾਅਰਜੁਨ (ਆਂਧਰਾ), ਮਹਾਂਕਲੇਸ਼ਵਰ ਤੇ ਓਂਕਾਰੇਸ਼ਵਰ (ਮੱਧ ਪ੍ਰਦੇਸ਼), ਭੀਮਾਸ਼ੰਕਰ, ਤਰਿੰਬਾਕੇਸ਼ਵਰ ਤੇ ਘਰੀਸ਼ਨੇਸ਼ਵਰ (ਮਹਾਰਾਸ਼ਟਰ), ਕਾਸ਼ੀ ਵਿਸ਼ਵਨਾਥ (ਉੱਤਰ ਪ੍ਰਦੇਸ਼), ਵੈਦਿਆਨਾਥ (ਝਾਰਖੰਡ) ਤੇ ਰਾਮੇਸ਼ਵਰ (ਤਾਮਿਲਨਾਡ)।

ਚੋਪਤਾ ਤੋਂ ਜੀਪ-ਟੈਕਸੀ ਲੈ ਕੇ ਅਸੀਂ ਗੌਰੀਕੁੰਡ ਪਹੁੰਚੇ। ਉੱਥੇ ਪਹੁੰਚ ਕੇ ਪਹਿਲਾਂ ਰਾਤ ਰਹਿਣ ਦਾ ਪ੍ਰਬੰਧ ਕਰਨਾ ਸੀ। ਦੋ-ਤਿੰਨ ਥਾਂਵਾਂ ਦਾ ਜਾਇਜ਼ਾ ਲੈਣ ਤੋਂ ਬਾਅਦ ਅਸੀਂ 'ਪੰਜਾਬ ਸਿੰਧ ਹੋਟਲ' ਵਿਚ ਕਮਰਾ ਚੁਣ ਲਿਆ। ਸਿਤੰਬਰ ਦਾ ਮਹੀਨਾ ਹੋਣ ਕਰਕੇ ਆਫ-ਸੀਜ਼ਨ ਸੀ, ਇਸਲਈ ਗੀਜ਼ਰ ਨਾਲ ਲੈਸ ਕਮਰਾ ਦੋ ਸੌ ਰੁਪਏ ਵਿਚ ਹੀ ਮਿਲ ਗਿਆ। ਚੋਪਤਾ ਵਿਚ ਗਰਮ ਪਾਣੀ ਨਾ ਹੋਣ ਕਰਕੇ ਅਸੀਂ ਦੋ ਦਿਨਾਂ ਤੋਂ ਨਹਾਤੇ ਨਹੀਂ ਸਾਂ, ਅਗਲੇ ਦੋ ਦਿਨ ਫੇਰ ਟਰੈਕਿੰਗ ਕਰ ਰਹੇ ਹੋਵਾਂਗੇ, ਇਸਲਈ ਅੱਜ ਨਹਾਉਣ ਦਾ ਪ੍ਰਬੰਧ ਹੋ ਜਾਣਾ ਸਾਡੇ ਲਈ ਵੱਡੇ ਠਾਠ ਵਾਲੀ ਗੱਲ ਸੀ। ਗੌਰੀਕੁੰਡ ਦੀ ਸਮੁੰਦਰੀ ਤਲ ਤੋਂ ਉਚਾਈ 1981 ਮੀਟਰ ਹੈ। ਇਥੇ ਇਕ ਮੰਦਿਰ ਹੈ, ਜਿਸ ਵਿਚ ਸ਼ਿਵ ਅਤੇ ਪਾਰਵਤੀ (ਗੌਰੀ) ਦੀਆਂ ਮੂਰਤੀਆਂ ਸੁਸ਼ੋਭਤ ਹਨ। ਨਾਲ ਹੀ ਬਿਨਾ ਸਿਰ ਤੋਂ ਗਣੇਸ਼ ਦੀ ਮੂਰਤੀ ਵੀ ਬਿਰਾਜਮਾਨ ਹੈ। ਮੰਨਿਆ ਜਾਂਦਾ ਹੈ ਕਿ ਇਸੇ ਸਥਾਨ ਉੱਤੇ ਹੀ ਭਗਵਾਨ ਸ਼ਿਵ ਨੇ ਗਣੇਸ਼ ਦਾ ਸਿਰ ਆਪਣੀ ਤ੍ਰਿਸ਼ੂਲ ਨਾਲ ਕਲਮ ਕਰ ਦਿੱਤਾ ਸੀ, ਅਤੇ ਬਾਅਦ ਵਿਚ ਗਲਤੀ ਦਾ ਪਤਾ ਲੱਗਣ 'ਤੇ ਉਸਦੇ ਮੋਢਿਆਂ 'ਤੇ ਹਾਥੀ ਦਾ ਸਿਰ ਜੜ ਦਿੱਤਾ ਸੀ। ਨੇੜੇ ਗਰਮ ਪਾਣੀ ਦਾ ਇਕ ਕੁੰਡ ਵੀ ਬਣਿਆ ਹੋਇਆ ਹੈ, ਜਿਸ ਵਿਚ ਸ਼ਰਧਾਲੂ ਪਾਵਨ ਸਨਾਨ ਕਰਦੇ ਹਨ। ਆਖਦੇ ਹਨ ਕਿ ਪਾਰਬਤੀ ਨੇ ਸ਼ਿਵ ਨੂੰ ਪ੍ਰਾਪਤ ਕਰਨ ਲਈ ਇਸੇ ਸਥਾਨ ਉਤੇ ਤਪੱਸਿਆ ਕੀਤੀ ਸੀ।

ਗੌਰੀਕੁੰਡ ਤੋਂ ਕੇਦਾਰਨਾਥ ਤੱਕ ਦਾ 14 ਕਿਲੋਮੀਟਰ ਦਾ ਪੈਦਲ ਰਾਹ ਹੈ। ਜਿਹੜੇ ਲੋਕ ਪੈਦਲ ਨਹੀਂ ਟੁਰਨਾ ਚਾਹੁੰਦੇ, ਉਹਨਾਂ ਲਈ ਖੱਚਰਾਂ ਤੇ ਡੋਲੀਆਂ ਦਾ ਬਦਲ ਵੀ ਮੌਜੂਦ ਹੈ। ਜਿਹਨਾਂ ਨੇ ਪੈਸੇ ਖਰਚ ਕਰ ਕੇ ਸਿਰਫ ਮੰਦਿਰ ਦੇ ਦਰਸ਼ਨ ਹੀ ਕਰਨੇ ਹੋਣ, ਉਨ੍ਹਾਂ ਲਈ ਹੈਲੀਕਾਪਟਰ ਰਾਹੀਂ ਸਫਰ ਦੀ ਸਹੂਲਤ ਵੀ ਮੁਹੱਈਆ ਹੈ। ਭਲਕ ਦੀ ਸਵੇਰੇ ਅਸੀਂ ਕੇਦਾਰਨਾਥ ਦੀ ਪੈਦਲ ਯਾਤਰਾ 'ਤੇ ਜਾਣਾ ਹੈ। ਉੱਥੋਂ ਅੱਗੇ ਵਾਸੁਕੀ ਤਾਲ ਜਾਣ ਦਾ ਵੀ ਇਰਾਦਾ

ਹੈ। ਇਸੇ ਹਿਸਾਬ ਨਾਲ ਲੋੜੀਂਦਾ ਸਮਾਨ ਅਸੀਂ ਆਪਣੇ ਨਿੱਕੇ ਪਿੱਠੂਆਂ ਵਿਚ ਪਾ ਲੈਂਦੇ ਹਾਂ। ਵੱਡੇ ਪਿੱਠੂ ਇਥੇ ਹੋਟਲ ਵਿਚ ਹੀ ਛੱਡ ਦਿੱਤੇ ਹਨ। ਸਵੇਰੇ ਸੱਤ ਕੁ ਵਜੇ ਸਫਰ ਸ਼ੁਰੂ ਕਰਦੇ ਹਾਂ। ਪੱਥਰ-ਜੜਿਆ ਪੱਕਾ ਰਸਤਾ ਹੈ। ਸਾਡੇ ਸੱਜੇ ਪਾਸੇ ਮੰਦਾਕਿਨੀ ਨਦੀ ਸ਼ਾਂ-ਸ਼ਾਂ ਕਰਦੀ ਹੇਠਾਂ ਨੂੰ ਵਗ ਰਹੀ ਹੈ। ਮੰਦਾਕਿਨੀ ਦਾ ਸਰੋਤ ਕੇਦਾਰਨਾਥ ਮੰਦਿਰ ਦੇ ਨੇੜੇ ਹੈ, ਅਤੇ ਰੁਦਰਪ੍ਰਯਾਗ ਪਹੁੰਚ ਕੇ ਇਸਦਾ ਸੰਗਮ ਅਲਕਨੰਦਾ ਨਾਲ ਹੋ ਜਾਂਦਾ ਹੈ। ਰਾਹ ਆਮ ਵਗਦੇ ਰਾਹਾਂ ਵਰਗਾ ਹੈ, ਕਾਫੀ ਸ਼ਰਧਾਲੂ ਤੇ ਟਰੈਕਰ ਆ-ਜਾ ਰਹੇ ਹਨ। ਅਜਿਹੀਆਂ ਥਾਵਾਂ ’ਤੇ ਟਰੈਕਰਾਂ ਤੇ ਸ਼ਰਧਾਲੂਆਂ ਵਿਚ ਵਖਰੇਵਾਂ ਬੜੀ ਆਸਾਨੀ ਨਾਲ ਕੀਤਾ ਜਾ ਸਕਦਾ ਹੈ। ਟਰੈਕਰਾਂ ਦਾ ਪਹਿਰਾਵਾ ਚੁਸਤ ਤੇ ਪੈਰੀਂ ਸਪੋਰਟਸ-ਸ਼ੂਜ਼ ਹੋਣਗੇ, ਪਿੱਠ ਉੱਤੇ ਲੱਦੇ ਪਿੱਠੂ ਵਿਚ ਰਾਹ ਲਈ ਲੋੜੀਂਦਾ ਸਮਾਨ ਹੋਵੇਗਾ। ਪਰੰਤੂ ਬਹੁਤੇ ਸ਼ਰਧਾਲੂ ਸਾੜ੍ਹੀਆਂ-ਪਜਾਮਿਆਂ ਅਤੇ ਪੈਰੀਂ ਹਵਾਈ ਚੱਪਲਾਂ ਵਿਚ ਦਿਸਣਗੇ। ਕਈ ਸ਼ਰਧਾ ਦੇ ਮਾਰੇ ਤਾਂ ਨੰਗੇ ਪੈਰੀਂ ਵੀ ਯਾਤਰਾ ਕਰਦੇ ਹਨ, ਇਹ ਸੋਚ ਕੇ ਕਿ ਇੰਞ ਕੀਤਿਆਂ ਦੇਵਤੇ ਜ਼ਿਆਦਾ ਪ੍ਰਸੰਨ ਹੁੰਦੇ ਹਨ। ਇਨ੍ਹਾਂ ਤੋਂ ਉਲਟੇ ਕਈ ਸ਼ਰਧਾਲੂ ‘ਦਰਸ਼ਨਾਂ’ ਦਾ ਫਰਜ਼ ਪੂਰਾ ਕਰਨ ਲਈ ਖੱਚਰਾਂ ’ਤੇ ਚੜ੍ਹ ਕੇ ਜਾ ਰਹੇ ਹਨ। ਖੱਚਰਾਂ ’ਤੇ ਬੈਠ ਕੇ ਉਹ ਪੈਦਲ ਚੱਲਣ ਤੋਂ ਤਾਂ ਬਚ ਗਏ ਹਨ, ਪਰ ਝਟਕਿਆਂ ਤੋਂ ਪਰੇਸ਼ਾਨ ਹਨ। ਮੁੜ ਕੇ ਆਉਣ ਵੇਲੇ ਤੱਕ ਉਨ੍ਹਾਂ ਦੇ ਢਿੱਡ ਪੱਕੇ ਹੋਏ ਹੋਣਗੇ ਅਤੇ ਚੱਡਿਆਂ ’ਚ ਲਾਗਾ ਲੱਗਿਆ ਹੋਵੇਗਾ। ਉਨ੍ਹਾਂ ਦੇ ਮੂੰਹਾਂ ’ਤੇ ਸਰੀਰਕ ਤਕਲੀਫ ਦੀ ਝਲਕ ਸਾਫ ਦਿਖਾਈ ਦੇਂਦੀ ਹੈ। ਕਈ ਸ਼ਰਧਾਲੂ ਵਹਿੰਗੀਆਂ ਵਿਚ ਬੈਠ ਕੇ ਜਾ ਰਹੇ ਹਨ। ਇਨ੍ਹਾਂ ਵਹਿੰਗੀਆਂ ਨੂੰ ਚਾਰ-ਚਾਰ ਆਦਮੀਆਂ ਨੇ ਚੁੱਕਿਆ ਹੋਇਆ ਹੈ। ਉਹ ਆਪਣੀ ਸਵਾਰੀ ਨੂੰ ਦਰਸ਼ਨ ਕਰਵਾ ਕੇ ਅੱਜ ਹੀ ਵਾਪਸ ਵੀ ਲੈ ਆਉਣਗੇ। ਅਸੀਂ ਮਜ਼ਾਕ ਕਰਦੇ ਹਾਂ ਕਿ ਇਨ੍ਹਾਂ ਸ਼ਰਧਾਲੂਆਂ ਨੂੰ ਗਲਤਫਹਿਮੀ ਹੈ ਕਿ ਇਨ੍ਹਾਂ ਨੂੰ ਤੀਰਥ ਯਾਤਰਾ ਦਾ ਪੁੰਨ ਮਿਲੇਗਾ, ਅਸਲ ਪੁੰਨ ਤਾਂ ਖੱਚਰਾਂ ਤੇ ਵਹਿੰਗੀ ਢੋਣ ਵਾਲਿਆਂ ਨੂੰ ਮਿਲੇਗਾ। ਸਭਨਾਂ ਸ਼ਰਧਾਲੂਆਂ ਦੇ ਚਿਹਰਿਆਂ ਤੋਂ ਜਾਪਦਾ ਹੈ ਕਿ ਉਨ੍ਹਾਂ ਦੀ ਆਲੇ-ਦੁਆਲੇ ਦੇ ਨਜ਼ਾਰਿਆਂ ਵਿਚ ਕੋਈ ਦਿਲਚਸਪੀ ਨਹੀਂ, ਉਹ ਤਾਂ ਬੱਸ ਤੀਰਥ ਯਾਤਰਾ ਦਾ ਫਰਜ਼ ਅਦਾ ਕਰਨ ਆਏ ਹਨ, ਆਪਣਾ ਅੱਗਾ ਸੰਵਾਰਨ ਦੀ ਆਸ ਵਿਚ। ਪਰੰਤੂ ਟਰੈਕਰਾਂ ਦੇ ਮੂੰਹਾਂ ’ਤੇ ਕੁਦਰਤ ਨੂੰ ਮਾਨਣ ਦਾ ਚਾਅ ਹੈ, ਪ੍ਰਾਪਤੀ ਦਾ ਅਨੁਭਵ ਝਲਕਦਾ ਹੈ। ਉਹ ਆਲੇ-ਦੁਆਲੇ ਦੇ ਅਦਭੁਤ ਨਜ਼ਾਰਿਆਂ ਨੂੰ ਆਪਣੀਆਂ ਅੱਖਾਂ ਰਾਹੀਂ ਆਪਣੇ ਮਨਾਂ ਵਿਚ ਤਾਂ ਉਤਾਰ ਹੀ ਰਹੇ ਹਨ,

ਨਾਲ-ਨਾਲ ਜਿੰਨਾ-ਜਿੰਨਾ ਸੰਭੰਵ ਹੈ,ਓਨਾ-ਓਨਾ ਆਪਣੇ ਕੈਮਰਿਆਂ ਵਿਚ ਵੀ ਕੈਦ ਕਰੀ ਜਾ ਰਹੇ ਹਨ। ਪੂਰੇ ਰਾਹ ਵਿਚ ਖਿੱਲਰੀ ਹੋਈ ਖੱਚਰਾਂ ਦੀ ਲਿੱਦ ਸਾਡੀ ਯਾਤਰਾ ਨੂੰ ਕਾਫੀ ਹੱਦ ਤੱਕ ਬੇਸੁਆਦਾ ਕਰਦੀ ਹੈ, ਪਰ ਇਸਨੂੰ ਭਾਣਾ ਮੰਨਣ ਤੋਂ ਸਿਵਾ ਸਾਡੇ ਕੋਲ ਕੋਈ ਚਾਰਾ ਨਹੀਂ।

ਸਾਰੇ ਰਸਤੇ ਵਿਚ ਥੋੜ੍ਹੇ-ਥੋੜ੍ਹੇ ਫਾਸਲੇ ਉੱਤੇ ਛੋਟੀਆਂ-ਛੋਟੀਆਂ ਚਾਹ-ਪਾਣੀ ਦੀਆਂ ਦੁਕਾਨਾਂ ਮੌਜੂਦ ਹਨ। ਅਸੀਂ ਤਿੰਨ ਕਿਲੋਮੀਟਰ ਦੀ ਚੜ੍ਹਾਈ ਚੜ੍ਹ ਕੇ ਜੰਗਲ ਚੱਟੀ ਨਾਂਅ ਦੀ ਥਾਂ ’ਤੇ ਇਕ ਢਾਬੇ ਤੋਂ ਨਾਸ਼ਤਾ ਕਰਦੇ ਹਾਂ। ਹੋਟਲ ਤੋਂ ਜਲਦੀ ਨਿਕਲਣ ਸਦਕਾ ਸਵੇਰੇ ਅਸੀਂ ਨਾਸ਼ਤਾ ਕਰ ਕੇ ਨਹੀਂ ਸਾਂ ਤੁਰੇ। ਇੱਥੋਂ ਅੱਗੇ ਦੀ ਚੜ੍ਹਾਈ ਥੋੋੜ੍ਹੀ ਹੋਰ ਸਖ਼ਤ ਹੋ ਜਾਂਦੀ ਹੈ। ਚਾਰ ਕਿਲੋਮੀਟਰ ਹੋਰ ਚੱਲ ਕੇ ਰਾਮਬਾੜਾ ਨਾਂਅ ਦਾ ਸਥਾਨ ਆਉਂਦਾ ਹੈ। ਏਥੇ ਰੁਕ ਕੇ ਅਸੀਂ ਚਾਹ ਦਾ ਕੱਪ-ਕੱਪ ਪੀਂਦੇ ਹਾਂ ਅਤੇ ਪਲਾਸਟਿਕ ਦੀਆਂ ਕੁਰਸੀਆਂ ਉੱਤੇ ਹੀ ਥੋੜ੍ਹੇ ਟੇਢੇ ਪਸਰ ਕੇ ਅਲਸਾ ਲੈਂਦੇ ਹਾਂ। ਅਜੇ ਅੱਧਾ ਪੈਂਡਾ ਹੋਰ ਬਚਿਆ ਹੈ। ਚਾਰ-ਪੰਜ ਕਿਲੋਮੀਟਰ ਅੱਗੇ ਗਏ ਹੋਵਾਂਗੇ ਕਿ ਇਕਦਮ ਪਤਾ ਨਹੀਂ ਕਾਲੇ ਬੱਦਲ ਕਿਧਰੋਂ ਆ ਬਹੁੜੇ! ਮੋਟੀਆਂ-ਮੋਟੀਆਂ ਕਣੀਆਂ ਪੈਣੀਆਂ ਸ਼ੁਰੂ ਹੋ ਗਈਆਂ। ਜ਼ਰਾ ਕੁ ਇਕ ਪਾਸੇ ਰੁਕ ਕੇ ਅਸੀਂ ਆਪਣੇ ਰੁਕਸੈਕਾਂ ’ਚੋਂ ਬਰਸਾਤੀਆਂ ਕੱਢ ਕੇ ਆਪਣੇ ਬੈਗਾਂ ਦੇ ਉਪਰੋਂ ਦੀ ਪਾ ਲੈਂਦੇ ਹਾਂ ਤਾਂਕਿ ਸਾਡੇ ਪਿੰਡਿਆਂ ਦੇ ਨਾਲ-ਨਾਲ ਸਾਡਾ ਸਮਾਨ ਵੀ ਭਿੱਜਣ ਤੋਂ ਬਚਿਆ ਰਹੇ। ਦੋ ਕੁ ਸੌ ਗਜ਼ ਅੱਗੇ ਜਾ ਕੇ ਇਕ ਢਾਬਾ ਦਿਸਦਾ ਹੈ, ਤਾਂ ਅਸੀਂ ਮੀਂਹ ਕੁਝ ਠੱਲ੍ਹਾ ਹੋਣ ਤੱਕ ਏਥੇ ਸ਼ਰਨ ਲੈ ਲੈਂਦੇ ਹਾਂ। ਕੁਝ ਕੁ ਮਿੰਟਾਂ ਬਾਅਦ ਮੈਨੂੰ ਖਿਆਲ ਆਉਂਦਾ ਹੈ ਕਿ ਜਿਸ ਸਥਾਨ ’ਤੇ ਰੁਕ ਕੇ ਮੈਂ ਬਰਸਾਤੀ ਪਹਿਨੀ ਸੀ, ਉੱਥੇ ਮੈਂ ਆਪਣੀ ਟ੍ਰੈਕਿੰਗ-ਸਟਿੱਕ ਭੁੱਲ ਗਿਆ ਸੀ। ਮੈਂ ਜਲਦੀ ਨਾਲ ਵਾਪਸ ਜਾਂਦਾ ਹਾਂ, ਪਰ ਏਨੇ ਚਿਰ ਨੂੰ ਕੋਈ ਹੋਰ ਯਾਤਰੂ ਮੇਰੀ ਛੜੀ ਚੋਰੀ ਕਰ ਕੇ ਰਫ਼ੳਮਪ;ੂ ਚੱਕਰ ਹੋ ਚੁੱਕਾ ਸੀ। ਮੈਨੂੰ ਇਸ ਗੱਲ ਦਾ ਅਫਸੋਸ ਹੈ ਕਿ ਜਿਹੜੀ ਸੋਟੀ ਕੁਝ ਦਿਨ ਪਹਿਲਾਂ ਹੀ ਦਿੱਲੀ ਤੋਂ ਸੱਤ ਸੌ ਰੁਪਏ ਦੀ ਵਿਸ਼ੇਸ਼ ਤੌਰ ’ਤੇ ਟ੍ਰੈਕਿੰਗ ਦੌਰਾਨ ਵਰਤਣ ਲਈ ਖਰੀਦੀ ਸੀ, ਉਹ ਸਫਰ ਦੇ ਅੱਧ ਵਿਚਾਲੇ ਹੀ ਜਾਂਦੀ ਲੱਗੀ ਹੈ। ਨਾਲ ਹੀ ਸ਼ਰਧਾਲੂਆਂ ਉੱਤੇ ਗੁੱਸਾ ਵੀ ਹੈ ਕਿ ਇਕ ਪਾਸਿਓਂ ਤਾਂ ਆਪਣਾ ਅੱਗਾ ਸੰਵਾਰਨ ਲਈ ਮੰਦਿਰ ਦੇ ਦਰਸ਼ਨਾਂ ਨੂੰ ਏਨੇ ਔਖੇ ਹੋ ਕੇ ਆਉਂਦੇ ਹਨ, ਤੇ ਦੂਜੇ ਪਾਸਿਓਂ ਪਰਾਈ ਚੀਜ਼ ਚੁਰਾਉਣ ਤੋਂ ਇਕ ਮਿੰਟ ਦੀ ਵੀ ਦੇਰੀ ਨਹੀਂ ਕਰਦੇ। ਚੋਰੀ ਹੋਈ ਚੀਜ਼ ਦਾ ਵਿਗੋਚਾ ਬੜਾ ਹੁੰਦੈ। ਮੈਨੂੰ ਯਾਦ ਹੈ ਕਿ ਮੰਦਿਰ ਤੱਕ ਦੇ ਅਗਲੇ ਸਾਰੇ ਰਸਤੇ, ਅਗਲੇ ਦਿਨ ਅਤੇ ਵਾਪਸੀ ਦੇ

ਸਫਰ ਦੌਰਾਨ ਵੀ, ਹਰ ਬੰਦੇ ਦੇ ਹੱਥ ਵਿਚ ਫੜੀ ਸੋਟੀ ਨੂੰ ਵੇਖ ਕੇ ਮੈਂ ਆਪਣੀ ਸੋਟੀ ਪਛਾਨਣ ਦੀ ਕੋਸ਼ਿਸ਼ ਕਰਦਾ ਰਿਹਾ ਸਾਂ। ਮਨਮੋਹਨ ਬਾਵਾ ਵੱਲੋਂ ਦਿੱਤਾ ਦਿਲਾਸਾ ਤਾਂ ਮੈਨੂੰ ਹੋਰ ਵੀ ਰੌਚਕ ਲੱਗਾ। ਉਨ੍ਹਾਂ ਦਾ ਕਹਿਣਾ ਸੀ ਕਿ ਉਨ੍ਹਾਂ ਨੇ ਵੀ ਅਜਿਹੀ ਮਹਿੰਗੀ ਛੜੀ ਖਰੀਦੀ ਹੋਈ ਹੈ, ਪਰੰਤੂ ਉਹ ਟ੍ਰੈਕ ਦੌਰਾਨ ਉਸਨੂੰ ਇਸਲਈ ਨਾਲ ਨਹੀਂ ਲੈ ਕੇ ਜਾਂਦੇ, ਕਿਉਂਕਿ ਗੁਆਚਣ ਦਾ ਡਰ ਰਹਿੰਦਾ ਹੈ। ਇਹ ਗੱਲ ਮੈਂ ਉਨ੍ਹਾਂ ਨੂੰ ਪੁੱਛਣ ਤੋਂ ਸੰਗ ਗਿਆ ਕਿ ਜੇ ਉਸਨੂੰ ਕਦੇ ਵਰਤਣਾ ਹੀ ਨਹੀਂ, ਤਾਂ ਖਰੀਦੀ ਕਾਹਦੇ ਲਈ ਸੀ!

ਕਾਫੀ ਦੇਰ ਤਾਈਂ ਉਡੀਕਿਆ, ਪਰ ਮੀਂਹ ਠੱਲ੍ਹਣ ਵਿਚ ਹੀ ਨਾ ਆਵੇ। ਅਖੀਰ ਭਿੱਜਦੇ-ਭਿਜਾਂਦੇ ਅਸੀਂ ਕੇਦਾਰਨਾਥ ਪਹੁੰਚ ਗਏ। ਉਥੇ ਪਹੁੰਚ ਕੇ ਸਭ ਤੋਂ ਪਹਿਲਾਂ ਕਮਰਾ ਲੱਭਣ ਦੀ ਕਾਹਲ ਸੀ। ਰਾਤ ਤਾਂ ਕੱਟਣੀ ਹੀ ਸੀ, ਗਿੱਲੇ ਕੱਪੜਿਆਂ ਤੇ ਬੂਟਾਂ ਕਾਰਨ ਠਰਦੇ ਪਿੰਡੇ ਨੂੰ ਨਿੱਘਾ ਕਰਨ ਦੀ ਵੀ ਫੌਰੀ ਲੋੜ ਸੀ। 'ਹਿਮਾਚਲ ਨਿਵਾਸ' ਵਿਚ ਜਾ ਕੇ ਕਮਰਾ ਲੈ ਲੈਂਦੇ ਹਾਂ। ਬਹਿਰੇ ਨੂੰ ਕੌਫੀ ਲਿਆਣ ਲਈ ਕਹਿ ਕੇ, ਫਟਾਫਟ ਕੱਪੜੇ ਬਦਲਦੇ ਹਾਂ ਅਤੇ ਰਜ਼ਾਈਆਂ 'ਚ ਘੁਸ ਜਾਂਦੇ ਹਾਂ। ਰਾਤ ਦੀ ਰੋਟੀ ਵੀ ਬਹਿਰਾ ਕਮਰੇ ਵਿਚ ਹੀ ਲਿਆ ਦਿੰਦਾ ਹੈ। ਅੱਜ ਬਾਹਰ ਨਿਕਲਣ ਦਾ ਸਾਡਾ ਕੋਈ ਇਰਾਦਾ ਨਹੀਂ। ਕੇਦਾਰ ਦੇ ਦਰਸ਼ਨ ਵੀ ਕੱਲ੍ਹ ਹੀ ਕਰਾਂਗੇ।

ਅਗਲੇ ਦਿਨ ਸਵੇਰੇ ਮੰਦਿਰ ਵੇਖਣ ਨਿਕਲੇ। ਮੰਦਿਰ ਬਜ਼ਾਰ ਦੇ ਆਖਰੀ ਸਿਰੇ ਉੱਤੇ ਹੈ। ਬਜ਼ਾਰ ਵਿਚ ਵੜਦਿਆਂ ਪਹਿਲਾਂ ਤਾਂ ਸੈਲਾਨੀਆਂ ਨੂੰ ਲੁਭਾਉਣ ਵਾਲੀਆਂ ਤਰ੍ਹਾਂ-ਤਰ੍ਹਾਂ ਦੀਆਂ ਦੁਕਾਨਾਂ ਹਨ, ਪਰੰਤੂ ਮੰਦਿਰ ਦੇ ਨੇੜੇ ਜਾ ਕੇ ਸਿਰਫ ਪੂਜਾ-ਪ੍ਰਸਾਦ ਦੀ ਸਮੱਗਰੀ ਦੀਆਂ ਦੁਕਾਨਾਂ ਹੀ ਹਨ। ਏਥੇ ਆ ਕੇ ਸ਼ਰਧਾਲੂਆਂ ਦੀ ਭੀੜ ਵੀ ਚੋਖੀ ਵਧ ਗਈ ਹੈ। ਭੀੜ ਵਿਚ ਦੀ ਹੌਲੀ-ਹੌਲੀ ਰਾਹ ਬਣਾ ਕੇ ਅਸੀਂ ਮੰਦਿਰ ਤੱਕ ਪਹੁੰਚਦੇ ਹਾਂ। ਮੰਦਿਰ ਦੀ ਸੰਮੁਦਰੀ ਤੱਲ ਤੋਂ ਉਚਾਈ 3584 ਮੀਟਰ ਹੈ ਅਤੇ ਇਸਦੇ ਆਲੇ-ਦੁਆਲੇ ਦੀਆਂ ਪਹਾੜੀਆਂ ਇਸਤੋਂ ਵੀ ਉੱਚੀਆਂ ਹਨ। ਬਰਫਾਂ ਨਾਲ ਲੱਦੀਆਂ ਉੱਚੀਆਂ ਚੋਟੀਆਂ ਦੀ ਪਿੱਠਭੂਮੀ ਵਿਚ ਮੰਦਿਰ ਦੀ ਠਾਠ ਅਨੋਖੀ ਜਾਪ ਰਹੀ ਹੈ। ਮਿਥਿਹਾਸ ਮੁਤਾਬਕ ਕੇਦਾਰਨਾਥ ਦੀ ਕਹਾਣੀ ਵੀ, ਮਾੜੇ-ਮੋਟੇ ਫਰਕ ਨਾਲ ਉਹੋ ਹੈ, ਜਿਹੜੀ ਤੁੰਗਨਾਥ ਬਾਰੇ ਪ੍ਰਚੱਲਤ ਹੈ। ਆਪਣਾ ਗੁਨਾਹ ਭਗਵਾਨ ਸ਼ਿਵ ਤੋਂ ਮੁਆਫ

ਕਰਵਾਉਣ ਲਈ ਪਾਂਡਵ ਕਾਸ਼ੀ ਤੋਂ ਤੁਰ ਕੇ ਰੁਦਰਪ੍ਰਯਾਗ ਤੇ ਗੁਪਤਕਾਸ਼ੀ ਰਾਹੀਂ ਹੁੰਦੇ ਹੋਏ ਗੌਰੀਕੁੰਡ ਪਹੁੰਚ ਗਏ। ਪਹਾੜੀ ਉੱਪਰ ਖੜੋਤੇ ਨਕੁਲ ਅਤੇ ਸਹਿਦੇਵ ਨੂੰ ਹੇਠਾਂ ਵਾਦੀ ਵਿਚ ਇਕ ਝੋਟਾ ਚਰਦਾ ਦਿਸਿਆ, ਜਿਹੜਾ ਆਮ ਝੋਟਿਆਂ ਜਿਹਾ ਨਹੀਂ ਸੀ ਜਾਪਦਾ। ਅਸਲ ਵਿਚ ਇਹ ਮਹੇਸ਼ ਦੇ ਅਵਤਾਰ ਵਿਚ ਖੁਦ ਭਗਵਾਨ ਸ਼ਿਵ ਜੀ ਸਨ। ਕੋਲ ਖੜੋਤੇ ਭੀਮ ਨੇ ਜਦੋਂ ਮਹੇਸ਼ ਨੂੰ ਫੜਨ ਦੀ ਕੋਸ਼ਿਸ਼ ਕੀਤੀ ਤਾਂ ਉਹ ਧਰਤੀ ਪਾੜ ਕੇ ਅੰਦਰ ਘੁਸ ਗਿਆ। ਭੀਮ ਨੇ ਆਪਣੇ ਗੁਰਜ ਨਾਲ ਉਸ ਉੱਤੇ ਵਾਰ ਕੀਤਾ ਤਾਂ ਉਸ ਦਾ ਪਿਛਲਾ ਹਿੱਸਾ ਮੂਹਰਲੇ ਹਿੱਸੇ ਤੋਂ ਅਲੱਗ ਹੋ ਕੇ ਇੱਥੇ ਡਿਗ ਗਿਆ। ਇਸ ਸਥਾਨ ਉੱਤੇ ਪਾਂਡਵਾਂ ਵਲੋਂ ਸ਼ਿਵ ਦੀ ਪਿੱਠ ਨੂੰ ਸਮਰਪਿਤ ਕੇਦਾਰ ਦੀ ਸਥਾਪਨਾ ਕਰਵਾਈ ਗਈ। ਮਹੇਸ਼ ਦਾ ਅਗਲਾ ਹਿੱਸਾ, ਜਿਹੜਾ ਜ਼ਮੀਨ ਦੇ ਅੰਦਰ ਘੁਸ ਗਿਆ ਸੀ, ਉਹ ਨੇਪਾਲ ਵਿਚ ਜਾ ਕੇ ਪ੍ਰਗਟ ਹੋਇਆ, ਜਿੱਥੇ ਪਸ਼ੂਪਤੀਨਾਥ ਦਾ ਮੰਦਿਰ ਬਣਿਆ ਹੋਇਆ ਹੈ। ਕੇਦਾਰਨਾਥ ਵਿਚ ਹੀ, ਜਿਵੇਂ ਕਿ ਸ਼ਿਵਪੁਰਾਣ ਵਿਚ ਦਰਜ ਹੈ, ਬ੍ਰਹਮਾ ਅਤੇ ਵਿਸ਼ਨੂੰ ਦਾ ਹੰਕਾਰ ਤੋੜਨ ਲਈ ਇਕ ਕਾਲਾਗਨਿ ਜਿਹਾ ਤੇਜਵਾਨ ਲਿੰਗ ਪ੍ਰਗਟ ਹੋਇਆ। ਇਸੇ ਲਈ ਏਥੇ ਸ਼ਿਵਲਿੰਗ ਦੀ ਬਤੌਰ ਜੋਤਿਰਲਿੰਗ ਪੂਜਾ ਕੀਤੀ ਜਾਣ ਲੱਗੀ। ਕੇਦਾਰਨਾਥ ਮੰਦਿਰ, ਜਿਹੜਾ ਇਤਿਹਾਸਕ ਤੌਰ ’ਤੇ ਆਦਿ ਸੰਕਰਾਚਾਰਿਆ ਵੱਲੋਂ ਅੱਠਵੀਂ ਸਦੀ ਵਿਚ ਬਣਵਾਇਆ ਗਿਆ ਸੀ, ਦੇ ਦੁਆਰ ਅੱਗੇ ਸ਼ਿਵਾ ਦਾ ਦੈਵੀ ਬੈਲ ਨੰਦੀ ਸੁਸ਼ੋਭਤ ਹੈ। ਮੰਦਿਰ ਦੇ ਅੰਦਰ ਇਕ ਕੁਦਰਤੀ ਸ਼ਿਵਲਿੰਗ ਹੈ, ਜਿਸਦੀ ਸ਼ਕਲ ਪਿਰਾਮਿਡ ਵਰਗੀ ਹੈ, ਜੋ ਇਕ ਸ਼ਿਵਲਿੰਗ ਲਈ ਥੋੜ੍ਹੀ ਅਸਾਧਾਰਣ ਜਾਪਦੀ ਹੈ। ਇਸ ਸ਼ਿਵਲਿੰਗ ਨੂੰ ਪਾਣੀ ਅਤੇ ਬੇਲ ਦੇ ਪੱਤਿਆਂ ਨਾਲ ਨੁਹਾਇਆ ਜਾਂਦਾ ਹੈ। ਨੁਹਾਣ ਤੋਂ ਪਹਿਲਾਂ ਇਸਦੀ ਦੇਸੀ ਘਿਓ ਨਾਲ ਮਾਲਿਸ਼ ਕੀਤੀ ਜਾਂਦੀ ਹੈ, ਕਿਉਂਕਿ ਸਮਝਿਆ ਜਾਂਦਾ ਹੈ ਕਿ ਭੀਮ ਦੇ ਗੁਰਜ ਨਾਲ ਇਸਨੂੰ ਡਾਢੀਆਂ ਸੱਟਾਂ ਵੱਜੀਆਂ; ਮਾਲਿਸ਼ ਨਾਲ ਇਸਨੂੰ ਕੁਝ ਸਕੂਨ ਮਿਲਦਾ ਹੈ। ਕੇਦਾਰਨਾਥ ਮੰਦਿਰ ਅਕਸ਼ੈ ਤ੍ਰਿਤਿਆ ਵਾਲੇ ਦਿਨ (ਅਪਰੈਲ ਦੇ ਆਖੀਰ ਜਾਂ ਮਈ ਦੇ ਸ਼ੁਰੂ ਵਿਚ) ਖੁਲ੍ਹਦਾ ਹੈ ਅਤੇ ਭਾਈ ਦੂਜ ਵਾਲੇ ਦਿਨ (ਅਕਤੂਬਰ ਦੇ ਆਖੀਰ ਜਾਂ ਨਵੰਬਰ ਦੇ ਸ਼ੁਰੂ ਵਿਚ) ਬੰਦ ਹੋ ਜਾਂਦਾ ਹੈ। ਸਰਦੀਆਂ ਦੌਰਾਨ ਕੇਦਾਰ ਦੇਵਤੇ ਦੀ ਪਾਲਕੀ ਉਖੀਮੱਠ ਲੈ ਜਾਈ ਜਾਂਦੀ ਹੈ ਅਤੇ ਸਾਰੇ ਪੁਜਾਰੀ ਵੀ ਓਥੇ ਚਲੇ ਜਾਂਦੇ ਹਨ। ਵੈਸੇ ਵੀ ਸਰਦੀਆਂ ਵਿਚ ਏਥੇ ਏਨੀ ਜ਼ਿਆਦਾ ਬਰਫਬਾਰੀ ਹੁੰਦੀ ਹੈ ਕਿ ਕੇਦਾਰਨਾਥ ਨਗਰ ਪੰਚਾਇਤ ਦੀ 500 ਦੇ ਕਰੀਬ ਸਾਰੀ ਆਬਾਦੀ ਹੀ ਇਥੋਂ ਹੇਠਲੇ ਪਿੰਡਾਂ ਵੱਲ ਕੂਚ ਕਰ ਜਾਂਦੀ ਹੈ। ਮੁੱਖ

ਮੰਦਿਰ ਦੀਆਂ ਅੱਠਾਂ ਦਿਸ਼ਾਵਾਂ ਵਿਚ ਅੱਠ ਹੋਰ ਮੰਦਰੀਆਂ ਵੀ ਬਣੀਆਂ ਹੋਈਆਂ ਹਨ। ਮੰਦਿਰ ਦੇ ਨੇੜੇ ਆਦਿ ਸ਼ੰਕਰਾਚਾਰਿਆ ਦੀ ਸਮਾਧੀ ਵੀ ਹੈ, ਅਤੇ ਥੋੜ੍ਹਾ ਜਿਹਾ ਉੱਪਰ ਨੂੰ ਜਾ ਕੇ ਭੈਰਵ ਮੰਦਿਰ ਵੀ ਹੈ।

ਕੇਦਾਰਨਾਥ ਦੇ ਚੌਗਿਰਦੇ ਦੀਆਂ ਪਹਾੜੀਆਂ ਵੀ ਪਵਿੱਤਰ ਮੰਨੀਆਂ ਜਾਂਦੀਆਂ ਹਨ। ਇਹ 'ਰੁਦਰ ਹਿਮਾਲਿਆ' ਦੀ ਪਰਬਤਲੜੀ ਹੈ, ਜਿਸਨੂੰ 'ਪੰਚ ਪਰਬਤ' ਵਜੋਂ ਵੀ ਜਾਣਿਆ ਜਾਂਦਾ ਹੈ। ਇਹ ਪੰਜ ਚੋਟੀਆਂ ਹਨ: ਰੁਦਰ ਹਿਮਾਲਿਆ, ਵਿਸ਼ਨੂੰਪੁਰੀ, ਬ੍ਰਹਮਪੁਰੀ, ਉਦਗਰੀਕੰਠ ਅਤੇ ਸਵਰਗਾਰੋਹਿਨੀ।ਸਵਰਗਾਰੋਹਿਨੀ ਉਹ ਪਹਾੜੀ ਹੈ, ਜਿਥoN ਮੰਨਿਆ ਜਾਂਦਾ ਹੈ ਕਿ ਪਾਂਡਵ ਭਰਾਵਾਂ ਨੇ ਸਵਰਗਾਂ ਨੂੰ ਕੂਚ ਕੀਤਾ। ਪਾਂਡੂਕੇਸ਼ਵਰ ਉਹ ਸਥਾਨ ਹੈ, ਜਿਥੇ ਆਖਦੇ ਹਨ ਕਿ ਰਾਜਾ ਪਾਂਡੂ ਦਾ ਮਾਦਰੀ ਉੱਤੇ ਮਨ ਮੋਹਿਤ ਹੋ ਗਿਆ ਸੀ ਅਤੇ ਏਥੇ ਹੀ ਉਹ ਸਵਰਗ ਸਿਧਾਰਿਆ ਸੀ। ਮੇਲੇ-ਤਿਉਹਾਰਾਂ ਮੌਕੇ ਇਸ ਇਲਾਕੇ ਦੇ ਆਦਿਵਾਸੀ ਇਕ ਤਰੀਕੇ ਦਾ ਨਾਚ ਕਰਦੇ ਹਨ, ਜਿਸਨੂੰ 'ਪਾਂਡਵ ਨ੍ਰਿਤਯ' ਆਖਿਆ ਜਾਂਦਾ ਹੈ। ਦੱਸਿਆ ਜਾਂਦਾ ਹੈ ਕਿ ਇਨ੍ਹਾਂ ਪਹਾੜਾਂ ਵਿਚ ਘੁੰਮਦੇ ਹੋਏ ਦਰੋਪਦੀ ਨੂੰ ਬਹਿਸ਼ਤੀ ਕਮਲ 'ਨਰਾਇਣ ਸੁਗੰਧੀਕਮ' ਮਿਲਿਆ ਸੀ। ਬਾਅਦ ਵਿਚ ਦਰੋਪਦੀ ਦੇ ਕਹਿਣ 'ਤੇ ਜਦੋਂ ਭੀਮ ਅਜਿਹੇ ਹੋਰ ਕਮਲ ਢੂੰਡਣ ਗਿਆ, ਤਾਂ ਇਥੇ ਹੀ ਉਸਦੀ ਮੁਲਾਕਾਤ ਹਨੂੰਮਾਨ ਨਾਲ ਹੋਈ ਸੀ। ਮੰਨਿਆ ਜਾਂਦਾ ਹੈ ਕਿ

ਪਾਰਵਤੀ ਨੇ ਬਤੌਰ ਅਰਧਨਾਰੀਸ਼ਵਰ ਸ਼ਿਵ ਭਗਵਾਨ ਦੇ ਨਾਲ ਮਿਲਾਪ ਖਾਤਿਰ ਇਸ ਸਥਾਨ ’ਤੇ ਕੇਦਾਰੇਸ਼ਵਰ ਦੀ ਪੂਜਾ ਕੀਤੀ ਸੀ।

ਮੰਦਿਰ ਵੇਖਣ ਤੋਂ ਬਾਅਦ ਸਾਡਾ ਪ੍ਰੋਗਰਾਮ ਵਾਸੁਕੀ ਤਾਲ ਤੱਕ ਜਾਣ ਦਾ ਹੈ।



ਸਮੰੁਦਰੀ ਤਲ ਤੋਂ 4135 ਮੀਟਰ ਉੱਚੀ ਇਹ ਝੀਲ ਇਥੋਂ ਸੱਤ ਕਿਲੋਮੀਟਰ ਦੂਰ ਹੈ। ਆਪਣੇ ਨਿੱਕੇ ਪਿੱਠੂਆਂ ਵਿਚ ਬਰਸਾਤੀਆਂ ਤੋਂ ਇਲਾਵਾ ਕੌਫੀ ਦਾ ਥਰਮਸ ਅਤੇ ਸੈਂਡਵਿਚ ਭਰ ਕੇ ਕੇਦਾਰਨਾਥ ਤੋਂ ਹੋਰ ਉੱਪਰ ਵੱਲ ਤੁਰ ਪੈਂਦੇ ਹਾਂ। ਥੋੜ੍ਹਾ ਉੱਪਰ ਜਾ ਕੇ ਕੇਦਾਰਨਾਥ ਮੰਦਿਰ ਅਤੇ ਉਸਨੂੰ ਘੇਰੀ ਖੜ੍ਹੀਆਂ ਆਲੇ-ਦੁਆਲੇ ਦੀਆਂ ਪਹਾੜੀਆਂ ਦਾ ਦ੍ਰਿਸ਼ ਬਹੁਤ ਹੀ ਮਨਮੋਹਕ ਹੋ ਜਾਂਦਾ ਹੈ। ਪਹਿਲਾਂ ਲਗਭਗ ਇਕ ਘੰਟੇ ਦੀ ਸਹਿੰਦੀ-ਸਹਿੰਦੀ ਚੜ੍ਹਾਈ ਹੈ। ਰਾਹ ਵਿਚ ਦੋ-ਤਿੰਨ

ਨਾਲੇ ਵੀ ਆਉਂਦੇ ਹਨ। ਫੇਰ ਚੜ੍ਹਾਈ ਕਾਫੀ ਸਖ਼ਤ ਹੋ ਜਾਂਦੀ ਹੈ। ਸੰਘਣੀਆਂ ਝਾੜੀਆਂ ਅਤੇ ਚੌੜੀਆਂ ਚੱਟਾਨਾਂ ਸਦਕਾ ਪਤਲਾ ਜਿਹਾ ਡੰਡੀ-ਰਾਹ ਵੀ ਵਿਚ-ਵਿਚ ਗੁੰਮ ਹੋ ਜਾਂਦਾ ਹੈ। ਮਨਮੋਹਨ ਬਾਵਾ ਨੂੰ ਆਪਣੇ ਨਕਸ਼ਿਆਂ ਉੱਤੇ ਭਰੋਸਾ ਹੈ, ਤੇ ਮੈਨੂੰ ਮਨਮੋਹਨ ਬਾਵਾ ਉੱਤੇ। ਤਿੰਨ ਕੁ ਘੰਟੇ ਚੱਲੇ ਹੋਵਾਂਗੇ ਕਿ ਪਰਬਤਾਂ ਓਹਲਿਉਂ ਸੰਘਣੇ ਬੱਦਲਾਂ ਨੇ ਸਾਨੂੰ ਆ ਘੇਰਿਆ। ਕੁਝ ਕੁ ਮਿੰਟ ਹੋਰ ਅੱਗੇ ਚੱਲੇ ਹੋਵਾਂਗੇ, ਜਦੋਂ ਸਾਡਾ ਸਾਹਮਣਾ ਇਕ ਲੰਮੀ-ਚੌੜੀ ਚੱਟਾਨ ਨਾਲ ਹੋਇਆ। ਇਥੇ ਪਹੁੰਚ ਕੇ ਸਾਨੂੰ ਸਮਝ ਨਹੀਂ ਸੀ ਆ ਰਹੀ ਕਿ ਅੱਗੇ ਰਸਤਾ ਕਿੱਧਰ ਨੂੰ ਜਾਂਦਾ ਹੈ। ਅਸੀਂ ਸ਼ਾਂਤੀ ਨਾਲ ਬੈਠ ਕੇ ਆਪਣੇ ਨਾਲ ਲਿਆਂਦੀ ਕੌਫੀ ਨਾਲ ਇਕ-ਇਕ ਸੈਂਡਵਿਚ ਖਾਂਦੇ ਹਾਂ ਅਤੇ ਨਕਸ਼ਿਆਂ ਦਾ ਅਧਿਐਨ ਕਰਦੇ ਹਾਂ। ਬਾਵਾ ਜੀ ਇਕੱਲੇ ਹੀ ਥੋੜ੍ਹਾ ਹੋਰ ਉੱਪਰ ਤੱਕ ਰਸਤੇ ਦੀ ਭਾਲ ਵਿਚ ਜਾਂਦੇ ਹਨ, ਪਰੰਤੂ ਕਾਮਯਾਬੀ ਹੱਥ ਨਹੀਂ ਲਗਦੀ। ਏਨੀ ਦੇਰ ਨੂੰ ਪਹਿਲਾਂ ਹਲਕੀ-ਹਲਕੀ ਬਾਰਿਸ਼ ਸ਼ੁਰੂ ਹੁੰਦੀ ਹੈ, ਜਿਹੜੀ ਜਲਦੀ ਹੀ ਗਿੱਲੀ ਬਰਫਬਾਰੀ ਦਾ ਰੂਪ ਧਾਰ ਲੈਂਦੀ ਹੈ। ਵਾਪਸ ਹੇਠਾਂ ਜਾਣ ਦੇ ਰਸਤੇ ਵਿਚ ਤਿਲਕਣ ਦਾ ਡਰ ਵੀ ਪੈਦਾ ਹੋ ਗਿਆ ਹੈ। ਵਾਸੁਕੀ ਤਾਲ ਦਾ ਖਿਆਲ ਤਿਆਗ ਕੇ ਪਿਛਾਂਹ ਨੂੰ ਮੁੜ ਜਾਣ ਤੋਂ ਸਿਵਾ ਸਾਡੇ ਕੋਲ ਹੋਰ ਕੋਈ ਬਦਲ ਨਹੀਂ ਬਚਿਆ। ਹੌਲੀ-ਹੌਲੀ, ਬਚਦੇ-ਬਚਾਂਦੇ ਹੇਠਾਂ ਉਤ੍ਰਰ ਰਹੇ ਹਾਂ ਅਤੇ ਸੋਚ ਰਹੇ ਹਾਂ ਕਿ ਕਿੰਨਾ ਚੰਗਾ ਹੁੰਦਾ ਜੇ ਹੋਟਲ ਵਾਲੇ ਦੀ ਸਲਾਹ ਮੰਨ ਕੇ ਇਕ ਲੋਕਲ ਗਾਈਡ ਨੂੰ ਨਾਲ ਲੈ ਲੈਂਦੇ! ਬਾਵਾ ਜੀ ਦੇ ਨਕਸ਼ੇ ਅਤੇ ਦਹਾਕਿਆਂ ਦਾ ਅਨੁਭਵ ਸਾਨੂੰ ਵਾਸੁਕੀ ਤਾਲ ਤੱਕ ਪੁਚਾਉਣ ਲਈ ਪੂਰਾ ਨਾ ਪਿਆ। ਹੋਟਲ ਤੱਕ ਪਰਤਦੇ-ਪਰਤਦੇ ਅੱਜ ਫੇਰ ਪੂਰੀ ਤਰ੍ਹਾਂ ਭਿੱਜ ਗਏ ਸਾਂ। ਕੱਲ੍ਹ ਵਾਲੇ ਕੱਪੜy ਹੁਣ ਤੱਕ ਸੁੱਕ ਗਏ ਸਨ, ਇਸ ਲਈ ਫੇਰ ਕਪੜੇ ਬਦਲੇ ਅਤੇ ਰਜ਼ਾਈਆਂ ਦੇ ਨਿੱਘ ਵਿਚ ਗੁਆਚ ਗਏ। ਅਗਲੀ ਸਵੇਰੇ ਜਲਦੀ ਨਿਕਲੇ ਅਤੇ ਦੁਪਹਿਰ ਤੱਕ ਵਾਪਸ ਗੌਰੀਕੁੰਡ ਅੱਪੜ ਗਏ

## 13.ਮੱਧਮਹੇਸ਼ਵਰ ਦੀ ਕੋਰੀ ਕੁਦਰਤ

ਗੌਰੀਕੁੰਡ ਦੇ ਤੰਗ ਜਿਹੇ ਬਜ਼ਾਰ ਵਿਚ ਖੋਖਾਨੁਮਾ ਚਾਹ ਦੀ ਇਕ ਦੁਕਾਨ ਦੇ ਬਾਹਰ



ਲੱਕੜ ਦੇ ਇਕ ਪਤਲੇ ਜਿਹੇ ਬੈਂਚ ’ਤੇ ਬੈਠੇ ਮਨਮੋਹਨ ਬਾਵਾ ਤੇ ਮੈਂ ਕੱਚ ਦੇ ਨਿੱਕੇ ਜਿਹੇ ਗਲਾਸਾਂ ’ਚੋਂ ਚਾਹ ਦੀਆਂ ਚੁਸਕੀਆਂ ਲੈ ਰਹੇ ਸਾਂ ਅਤੇ ਆਪਣੇ ਅਗਲੇ ਟ੍ਰੈਕ ਬਾਰੇ ਚਰਚਾ ਕਰ ਰਹੇ ਸਾਂ। ਸਾਡਾ ਪ੍ਰੋਗਰਾਮ ਮੱਧਮਹੇਸ਼ਵਰ ਜਾਣ ਦਾ ਹੈ। ਇਥੋਂ ਉਖੀਮੱਠ ਜਾ ਕੇ ਅੱਗੇ ਆਉਣ-ਜਾਣ ਚਾਰ ਜਾਂ ਪੰਜ ਦਿਨ ਦਾ ਪੈਦਲ ਰਾਹ ਹੈ। ਕੁਝ ਹੋਰ ਜਾਣਕਾਰੀ ਲੈਣ ਲਈ ਅਸੀਂ ਚਾਹ ਵਾਲੇ ਨਾਲ ਸੁਭਾਉਕੀ ਹੀ ਗੱਲ ਛੇੜੀ ਤਾਂ ਪਤਾ ਲੱਗਾ ਕਿ ਚਾਹ ਵਾਲੇ ਦਾ ਆਪਣਾ ਪਿੰਡ ਉਸੇ ਪਾਸੇ ਹੈ। ਉਸਦਾ ਪਰਿਵਾਰ ਪਿੰਡ ਵਿਚ ਹੀ ਰਹਿੰਦਾ ਹੈ, ਉਹ ਗਰਮੀਆਂ ਦੇ ਚਾਰ-ਛੇ ਮਹੀਨੇ ਦੇ ਟੂਰਿਸਟ ਸੀਜ਼ਨ ਦੌਰਾਨ ਆਪਣਾ ਚਾਹ ਦਾ ਸੀਜ਼ਨ ਲਾਉਣ ਗੌਰੀਕੁੰਡ ਆ ਜਾਂਦਾ ਹੈ। ਅਸੀਂ ਉਸਨੂੰ ਸੁਲਾਹ ਮਾਰੀ: "ਚੱਲ, ਤੂੰ ਸਾਡੇ ਨਾਲ ਗਾਈਡ ਬਣ ਕੇ ਚੱਲ!ਪੱਜ ਨਾਲ ਆਪਣੇ ਘਰ ਵਾਲਿਆਂ ਨੂੰ ਵੀ ਮਿਲ ਆਵੀਂ!" "ਸ਼ਾਮ ਤੱਕ ਸੋਚ ਕੇ ਦਸਦਾ ਹਾਂ। ਦੁਕਾਨ ਕਿਸੇ ਨੂੰ ਸੰਭਾਲਣੀ ਪਵੇਗੀ।" ਪੂਰਨ ਸਿੰਘ ਨੇ ਨਾ ਹਾਂ ਕੀਤੀ ਸੀ, ਨਾ ਨਾਂਹ! ਸ਼ਾਮ ਨੂੰ ਉਹ ਸਾਡੇ ਕਮਰੇ ਵਿਚ ਆ

ਕੇ ਦੱਸ ਗਿਆ ਕਿ ਸਵੇਰੇ ਉਹ ਸਾਡੇ ਨਾਲ ਚਲੇਗਾ। ਚਾਹ ਦੀ ਦੁਕਾਨ ਕੁਝ ਦਿਨਾਂ ਲਈ ਉਸਦਾ ਇਕ ਮਿੱਤਰ ਚਲਾ ਲਵੇਗਾ; ਉਝ ਵੀ ਹੁਣ ਸੀਜ਼ਨ ਲਗਭਗ ਲੰਘ ਹੀ ਚੁੱਕਾ ਹੈ।

ਆਪਣੇ ਬੈਗਾਂ 'ਚੋਂ ਕੁਝ ਭਾਰ ਘਟਾ ਕੇ ਪੂਰਨ ਸਿੰਘ ਦੇ ਚੁੱਕਣ ਲਈ ਅਸੀਂ ਇਕ ਭਾਰਾ ਰੁਕਸੈਕ ਬਣਾ ਦਿੱਤਾ। ਹੋਟਲ ਤੋਂ ਬੱਸ ਤੱਕ ਤੇ ਫੇਰ ਇਕ ਬੱਸ ਤੋਂ ਦੂਜੀ ਬੱਸ ਵਿਚ ਸਾਰਾ ਭਾਰ ਪੈਂਤੀਆਂ ਸਾਲਾ ਦਾ ਛੀਟਕਾ ਜਿਹਾ ਪੂਰਨ ਸਿੰਘ ਇੰਝ ਚੜ੍ਹਾ-ਲਾਹ ਰਿਹਾ ਸੀ, ਜਿਵੇਂ ਉਹ ਰੋਜ਼ ਇਹੋ ਕੰਮ ਹੀ ਕਰਦਾ ਹੋਵੇ! ਗੌਰੀਕੁੰਡ ਤੋਂ ਉਖੀਮਠ ਹੈ ਤਾਂ ਭਾਵੇਂ ਕੁੱਲ 57 ਕਿਲੋਮੀਟਰ ਹੀ, ਪਰ ਢੀਚਕ-ਢੀਚਕ ਚਲਦੀਆਂ ਬੱਸਾਂ ਬਦਲ ਕੇ ਸਾਨੂੰ ਪਹੁੰਚਦਿਆਂ-ਕਰਦਿਆਂ ਨੂੰ ਸ਼ਾਮ ਦੇ ਚਾਰ ਵੱਜ ਗਏ। ਇਥੇ ਪਹੁੰਚ ਕੇ ਦੋ-ਤਿੰਨ ਹੋਟਲਾਂ 'ਚ ਕਮਰੇ ਵੇਖੇ, ਪਰੰਤੂ ਕੋਈ ਪਸੰਦ ਨਾ ਆਇਆ। ਪੁੱਛਦੇ-ਪੁਛਾਂਦੇ ਆਖੀਰ ਇਕ ਘਰ ਦੀ ਉਪਰਲੀ ਮੰਜ਼ਿਲ ਉੱਤੇ ਸੁਹਣਾ ਕਮਰਾ ਮਿਲ ਜਾਂਦਾ ਹੈ। ਕਮਰੇ ਦੇ ਨਾਲ ਲਗਦੀ ਖੁੱਲ੍ਹੀ ਛੱਤ ਹੈ, ਜਿੱਥੋਂ ਸਾਹਮਣੇ ਪੌੜੀਨੁਮਾ ਖੇਤ ਤੇ ਦੂਰਲੀਆਂ ਪਹਾੜੀਆਂ ਦਾ ਮੋਕਲ਼ਾ ਨਜ਼ਾਰਾ ਦਿਸਦਾ ਹੈ। ਸਭ ਤੋਂ ਪਹਿਲਾ ਕੰਮ ਅਸੀਂ ਨਹਾਉਣ ਅਤੇ ਕੱਪੜੇ ਧੋਣ ਦਾ ਕਰਦੇ ਹਾਂ, ਫੇਰ ਘਰ ਤੋਂ ਥੋੜ੍ਹੀ ਦੂਰ ਇਕ ਦੁਕਾਨ ਤੋਂ ਚਾਹ ਤੇ ਪਕੌੜੇ ਖਾਂਦੇ ਹਾਂ ਅਤੇ ਵਾਪਸ ਆ ਕੇ ਛੱਤ 'ਤੇ ਡੱਠੀਆਂ ਕੁਰਸੀਆਂ ਉੱਤੇ ਬੈਠ ਕੇ ਉਦੋਂ ਤੱਕ ਸਾਹਮਣੇ ਬਿਖਰੇ ਕੁਦਰਤ ਦੇ ਨਜ਼ਾਰਿਆਂ ਨਾਲ ਆਪਣੀਆਂ ਅੱਖੀਆਂ ਤ੍ਰਿਪਤ ਕਰਦੇ ਰਹਿੰਦੇ ਹਾਂ, ਜਦੋਂ ਤੱਕ ਸੂਰਜ ਦੇਵਤਾ ਇਸਦੀ ਇਜਾਜ਼ਤ ਦੇਂਦਾ ਹੈ।

ਸਵੇਰ ਨੂੰ ਆਪਣਾ ਵਾਧੂ ਸਮਾਨ ਇਕ ਵਾਰ ਫੇਰ ਇਕ ਵੱਡੇ ਪਿੱਠੂ ਵਿਚ ਭਰ ਕੇ ਉਖੀਮੱਠ ਦੇ ਕਮਰੇ ਵਿਚ ਹੀ ਰਹਿਣ ਦੇਂਦੇ ਹਾਂ। ਦੂਜਾ ਵੱਡਾ ਪਿੱਠੂ ਪੂਰਨ ਸਿੰਘ ਨੂੰ ਚੁਕਾ ਕੇ ਖ਼ੁੱਦ ਹਲਕੇ ਪਿੱਠੂ ਲੈ ਲੈਂਦੇ ਹਾਂ। ਇਥੋਂ ਚੌਦਾਂ ਕਿਲੋਮੀਟਰ ਦੂਰ ਜਗਾਸਾ ਤੱਕ ਜੀਪ ਰਾਹੀਂ ਪਹੁੰਚਦੇ ਹਾਂ, ਜਿਥੋਂ ਅੱਗੇ ਦਾ ਪੈਦਲ ਰਸਤਾ ਸ਼ੁਰੂ ਹੁੰਦਾ ਹੈ। ਪਹਿਲਾਂ ਮਧਮਹੇਸ਼ਵਰ ਨਦੀ ਤੱਕ ਉਤਰਾਈ ਹੀ ਉਤਰਾਈ ਹੈ। ਧੁੱਪ ਕਾਫੀ ਤੇਜ਼ ਹੈ। ਨਿਵਾਣ 'ਤੇ ਪਹੁੰਚ ਕੇ ਗਰਮੀ ਹੋਰ ਵੱਧ ਜਾਂਦੀ ਹੈ। ਅਸੀਂ ਆਪਣੀਆਂ ਜੈਕਟਾਂ ਉਤਾਰ ਕੇ ਬੈਗਾਂ ਨਾਲ ਟੂੰਗ ਲੈਂਦੇ ਹਾਂ। ਨਦੀ ਦਾ ਪੁਲ ਪਾਰ ਕਰ ਕੇ ਇਕਦਮ ਸਖ਼ਤ ਚੜ੍ਹਾਈ ਸ਼ੁਰੂ ਹੋ ਜਾਂਦੀ ਹੈ, ਜਿਸਦੀ ਵਜ੍ਹਾ ਸਦਕਾ ਗਰਮੀ ਨਾਲ ਅਸੀਂ ਮੁੜ੍ਹਕੋ-ਮੁੜ੍ਹਕੀ ਹੋ ਜਾਂਦੇ ਹਾਂ। ਉੱਪਰ ਪਹੁੰਚ ਕੇ ਇਕ ਦੁਕਾਨ ਉੱਤੇ ਅਸੀਂ ਸਾਹ ਲੈਣ ਲਈ

ਰੁਕ ਜਾਂਦੇ ਹਾਂ। ਪੂਰਨ ਸਿੰਘ ਦੁਕਾਨਦਾਰ ਤੋਂ ਕੁਹਾੜੀ ਲੈ ਕੇ ਸਾਡੇ ਦੋੋਵਾਂ ਲਈ ਡੰਡੇ ਤੋੜ ਲਿਆਉਂਦਾ ਹੈ, ਜਿਹੜੇ ਅਗਲੀ ਚੜ੍ਹਾਈ ਚੜ੍ਹਨ ਵਿਚ ਸਾਡੇ ਕਾਫੀ ਸਹਾਈ ਹੋਣਗੇ।

ਲਗਭਗ ਪੰਜ ਘੰਟਿਆਂ ਦੀ ਚੜ੍ਹਾਈ ਚੜ੍ਹ ਕੇ ਅਸੀਂ ਰਾਂਸੀ ਪਿੰਡ ਕੋਲ ਪਹੁੰਚ ਜਾਂਦੇ ਹਾਂ। ਵੈਸੇ ਤਾਂ ਜਿਹੜਾ ਵੀ ਕੋਈ ਰਾਹ ਵਿਚ ਮਿਲਿਆ, ਉਹ ਪੂਰਨ ਸਿੰਘ ਦਾ ਵਾਕਫ ਸੀ, ਪਰੰਤੂ ਹੁਣ ਉਸਦੇ ਆਪਣੇ ਪਿੰਡ ਦੇ ਲੋਕ ਮਿਲਣੇ ਸ਼ੁਰੂ ਹੋ ਗਏ ਹਨ। ਘਾਹ ਦੀਆਂ ਪੰਡਾਂ ਚੁੱਕੀ ਕੁਝ ਔਰਤਾਂ ਮਿਲਦੀਆਂ ਹਨ ਤਾਂ ਪੂਰਨ ਸਿੰਘ ਉਨ੍ਹਾਂ ਨਾਲ ਗੱਲੀਂ ਪੈ ਜਾਂਦਾ ਹੈ। ਉਨ੍ਹਾਂ ਵਿਚ ਇਕ ਸੁਹਣੀ ਜਿਹੀ ਮੁਟਿਆਰ ਹੈ, ਜੋ ਗੱਲਾਂ ਕਰਦੀ ਹੋਈ ਅੰਗਰੇਜ਼ੀ ਦੇ ਕੁਝ ਲਫ਼ਓਮਪ;ਜ਼ ਵੀ ਵਰਤਦੀ ਹੈ। ਪੂਰਨ ਸਿੰਘ ਦੱਸਦਾ ਹੈ ਕਿ ਉਹ ਕੁੜੀ ਉਸਦੀ ਮਾਸੀ ਦੀ ਧੀ ਹੈ ਅਤੇ ਬੀ.ਏ., ਐਮ.ਏ. ਪਾਸ ਹੈ। ਪੇਂਡੂ ਲਿਬਾਸ, ਸਿਰਾਂ ’ਤੇ ਘਾਹ ਦੀਆਂ ਪੰਡਾਂ, ਘਾਹ ਦੀਆਂ ਲਮਕਦੀਆਂ ਤਿੜਾਂ ਵਿਚੀਂਦਿਸਦੇ ਗੋਰੇ-ਚਿੱਟੇ ਚਿਹਰੇ। ਜਾਪ ਰਿਹੈ ਜਿਵੇਂ ਪੋਠੋਹਾਰ ਦੀਆਂ ਕੁੜੀਆਂ ਪ੍ਰੋਫੈਸਰ ਮੋਹਨ ਸਿੰਘ ਦੀ ਕਵਿਤਾ ’ਚੋਂ ਬਾਹਰ ਨਿਕਲ ਕੇ ਸਾਨੂੰ ਆ ਟੱਕਰੀਆਂ ਹੋਣ! ਬੜੀਆਂ ਆਕਰਸ਼ਕ ਜਾਪ ਰਹੀਆਂ ਹਨ ਇਹ ਔਰਤਾਂ। ਪੂਰਨ ਸਿੰਘ ਰਾਹੀਂ ਬੇਨਤੀ ਕਰ ਕੇ ਅਸੀਂ ਉਨ੍ਹਾਂ ਦੀਆਂ ਫੋਟੋਆਂ ਖਿੱਚਦੇ ਅਤੇ ਬਹਾਨੇ ਨਾਲ ਕੁਝ ਦੇਰ ਤੱਕ ਗੱਲਾਂ ਕਰਦੇ ਹਾਂ। ਰਾਂਸੀ ਪਹੁੰਚ ਕੇ ਰਸਤੇ ਦੇ ਕਿਨਾਰੇ ’ਤੇ ਇਕ ਘਰ ਆਉਂਦਾ ਹੈ, ਜਿਸਦੇ ਨਾਲ ਲਗਦੀ ਇਸ ਘਰ ਵਾਲਿਆਂ ਦੀ ਹੀ ਨਿੱਕੀ ਜਿਹੀ ਦੁਕਾਨ ਵੀ ਹੈ। ਭਾਵੇਂ ਪੂਰਨ ਸਿੰਘ ਦਾ ਪਿੰਡ ਇਹੋ ਹੀ ਹੈ, ਪਰ ਪਹਾੜੀ ਪਿੰਡਾਂ ਵਿਚ ਘਰ ਦੂਰ-ਦੂਰ ਤੱਕ ਖਿੱਲਰੇ ਹੁੰਦੇ ਹਨ। ਪੂਰਨ ਸਿੰਘ ਦਾ ਘਰ ਇੱਥੋਂ ਕੋਈ ਦੋ ਕਿਲੋਮੀਟਰ ਉੱਪਰ ਕਰਕੇ ਹੈ। ਦੁਪਹਿਰ ਹੋ ਚੁੱਕੀ ਹੈ, ਅਸੀਂ ਏਥੇ ਹੀ ਖਾਣਾ ਖਾਣ ਅਤੇ ਕੁਝ ਦੇਰ ਅਰਾਮ ਕਰਨ ਦਾ ਫੈਸਲਾ ਕਰਦੇ ਹਾਂ। ਖਾਣਾ ਤਾਂ ਸਾਨੂੰ ਮਿਲ ਗਿਆ, ਦਾਲ ਚੌਲ, ਪਰ ਏਨਾ ਬੇਸੁਆਦਾ ਕਿ ਬੱਸ ਜਿਵੇਂ-ਕਿਵੇਂ ਅਸੀਂ ਆਪਣੇ ਢਿੱਡਾਂ ਨੂੰ ਝੁਲਕਾ ਦਿੱਤਾ।

ਰਾਂਸੀ ਤੋਂ ਬਾਅਦ ਇਕ ਨਾਲੇ ਤੱਕ ਉਤਰਾਈ ਹੀ ਉਤਰਾਈ ਹੈ। ਨਾਲੇ ਦੇ ਪੁਲ ਨੇੜੇ ਇਕ ਖੂਬਸੂਰਤ ਝਰਨਾ ਵਹਿ ਰਿਹਾ ਹੈ। ਪੁੱਲ ਪਾਰ ਕਰ ਕੇ ਥੋੜ੍ਹੀ ਦੂਰ ਅੱਗੇ ਜਾਂਦੇ ਹਾਂ ਤਾਂ ਸੱਠਾਂ ਕੁ ਵਰ੍ਹਿਆਂ ਦੀ ਇਕ ਔਰਤ ਮਿਲਦੀ ਹੈ। ਉਹ ਸਾਨੂੰ ਦੁਆ-ਸਲਾਮ ਕਰਨ ਦੀ ਪਹਿਲ ਕਰਦੀ ਹੈ, ਤਾਂ ਅਸੀਂ ਕੁੱਝ ਦੇਰ ਲਈ ਉਸ ਕੋਲ ਰੁਕ ਜਾਂਦੇ ਹਾਂ। ਉਹ ਦੱਸਦੀ ਹੈ ਕਿ ਉਹ ਇਕ

ਸੇਵਾ-ਮੁਕਤ ਅਧਿਆਪਕਾ ਹੈ। ਰਿਟਾਇਰ ਹੋਣ ਤੋਂ ਬਾਅਦ ਉਹ ਸਮਾਜ ਸੇਵਾ ਦਾ ਕੰਮ ਕਰਦੀ ਹੈ। ਪਿੰਡੋ-ਪਿੰਡ ਜਾ ਕੇ ਉਹ ਲੋਕਾਂ ਨੂੰ ਸਰਕਾਰ ਦੀਆਂ ਨਵੀਆਂ-ਨਵੀਆਂ ਸਕੀਮਾਂ ਅਤੇ ਕਾਨੂੰਨਾਂ ਬਾਰੇ ਜਾਣਕਾਰੀ ਦੇਂਦੀ ਹੈ ਤਾਂਕਿ ਲੋਕ ਉਨ੍ਹਾਂ ਤੋਂ ਬਣਦਾ ਫਾਇਦਾ ਉਠਾ ਸਕਣ। ਉਸਦਾ ਆਪਣਾ ਪਿੰਡ ਇਥੋਂ ਕੋਈ ਤਿੰਨ ਕੁ ਕਿਲੋਮੀਟਰ ਦੂਰ ਹੈ। ਸਾਡੇ ਗੱਲਾਂ ਕਰਦਿਆਂ ਨੂੰ ਪਹਾੜੀ ਦੇ ਉੱਪਰੋਂ ਇਕ ਮੁਟਿਆਰ ਘਾਹ ਦੀ ਪੰਡ ਸਿਰ ’ਤੇ ਚੁੱਕੀ ਆਉਂਦੀ ਹੈ। ਇਹ ਸੋਸ਼ਲ ਵਰਕਰ ਦੀ ਬੇਟੀ ਹੈ। ਸਾਡੇ ਪੁੱਛਣ ’ਤੇ ਉਹ ਦੱਸਦੀ ਹੈ ਕਿ ਇਨ੍ਹਾਂ ਮਹੀਨਿਆਂ ਵਿਚ ਪਿੰਡ ਦੇ ਨੇੜਿਉਂ ਘਾਹ ਨਹੀਂ ਲਭਦਾ, ਇਸਲਈ ਉਸਨੂੰ ਪਿੰਡ ਤੋਂ ਦੂਰ ਘਾਹ ਲੈਣ ਆਉਣਾ ਪੈਂਦਾ ਹੈ। ਸਾਫ ਦਿਸ ਰਿਹਾ ਹੈ ਕਿ ਗਾਲੜੀ ਸਮਾਜ ਸੇਵਕਾ ਦਾ ਸਾਡੇ ਨਾਲ ਗੱਲਾਂ ਕਰ ਕੇ ਅਜੇ ਢਿੱਡ ਨਹੀਂ ਭਰਿਆ, ਪਰੰਤੂ ਸਾਨੂੰ ਸੂਰਜ ਛਿਪਣ ਤੋਂ ਪਹਿਲਾਂ-ਪਹਿਲਾਂ ਆਪਣੇ ਰਾਤ ਦੇ ਠਿਕਾਣੇ ਤੱਕ ਪਹੁੰਚਣ ਦੀ ਕਾਹਲ ਹੈ।

ਸ਼ਾਮ ਪੈਂਦਿਆਂ-ਕਰਦਿਆਂ ਨੂੰ ਅਸੀਂ ਗੌਂਧਰ ਨਾਂਅ ਦੀ ਜਗ੍ਹਾ ’ਤੇ ਪਹੁੰਚ ਜਾਂਦੇ ਹਾਂ। ਰਾਹ ਦੇ ਸੱਜੇ ਪਾਸੇ ਇਕ ਛੋਟੀ ਜਿਹੀ ਦੁਕਾਨ ਹੈ ਤੇ ਖੱਬੇ ਪਾਸੇ ਪੌੜੀਆਂ ਚੜ੍ਹ ਕੇ ਉੱਪਰ ਦੋ ਕਮਰੇ ਦਿਸਦੇ ਹਨ। ਦੁਕਾਨਦਾਰ ਕਮਰੇ ਦਾ ਕਿਰਾਇਆ 100 ਰੁਪਏ ਦੱਸਦਾ ਹੈ। ਅਸੀਂ ਇਕ ਕਮਰੇ ਵਿਚ ਜਾ ਟਿਕਦੇ ਹਾਂ। ਹੇਠਾਂ ਉਤਰ ਕੇ ਗੁਜ਼ਾਰੇ ਲਾਇਕ ਇਕ ਗੁਸਲਖਾਨਾ ਵੀ ਹੈ। ਰਾਤ ਦੇ ਖਾਣੇ ਲਈ ਅਸੀਂ ਦੁਕਾਨਦਾਰ ਨੂੰ ਆਖ ਦੇਂਦੇ ਹਾਂ। ਉਹ ਸਾਡੇ ਸਾਹਮਣੇ ਆਪਣੇ ਖੇਤ ’ਚੋਂ ਸਬਜ਼ੀ ਤੋੜ ਕੇ ਬਣਾਉਂਦਾ ਹੈ ਅਤੇ ਖਾਣਾ ਖਾਣ ਵੇਲੇ ਨਾਲੋ-ਨਾਲ ਤਾਜ਼ੀਆਂ ਰੋਟੀਆਂ ਚੁੱਲ੍ਹੇ ’ਤੇ ਲਾਹ ਕੇ ਪਰੋਸ ਰਿਹਾ ਹੈ। ਚੁੱਲ੍ਹੇ ਦੇ ਸੇਕ ਨਾਲ ਦੁਕਾਨ ਵਿਚ ਨਿੱਘ ਹੈ। ਖਾਣਾ ਵੀ ਓਸ ਨੇ ਸੁਆਦ ਬਣਾਇਆ ਹੈ। ਦਿਨ ਦੀ ਸਾਰੀ ਥਕਾਵਟ ਦੂਰ ਹੋ ਗਈ ਹੈ। ਖਾਣੇ ਤੋਂ ਬਾਅਦ ਮੈਂ ਦੁਕਾਨਦਾਰ ਨੂੰ ਪੁੱਛਦਾ ਹਾਂ ਕਿ ਕੀ ਉਹ ਕੋਈ ‘ਸਵੀਟ ਡਿਸ਼’ ਨਹੀਂ ਬਣਾ ਸਕਦਾ, ਤਾਂ ਉਹ ਨਾਂਹ ਵਿਚ ਜੁਆਬ ਦੇਂਦਾ ਹੈ। ਮੈਂ ਕਹਿੰਦਾ ਹਾਂ ਕਿ ਕੜਾਹ ਹੀ ਬਣਾ ਦੇਹ, ਤਾਂ ਉਹ ਕੋਈ ਹੁੰਗਾਰਾ ਨਹੀਂ ਭਰਦਾ। ਅਸੀਂ ਸਮਝ ਜਾਂਦੇ ਹਾਂ ਕਿ ਉਸ ਨੇ ਕਦੇ ਕੜਾਹ ਵੀ ਨਹੀਂ ਬਣਾਇਆ ਹੋਣਾ, ਪਰ ਬਾਵਾ ਜੀ ਹਿੰਮਤ ਨਹੀਂ ਹਾਰਦੇ। ਉਸ ਦੀ ਦੁਕਾਨ ’ਤੇ ਆਟਾ ਹੈ, ਜਿਸਦੀਆਂ ਉਹ ਰੋਟੀਆਂ ਬਣਾਉਦਾ ਹੈ; ਦੇਸੀ ਘਿਓ ਹੈ, ਜਿਸ ਨਾਲ ਉਸ ਨੇ ਸਾਡੀਆਂ ਰੋਟੀਆਂ ਚੋਪੜੀਆਂ; ਖੰਡ ਵੀ ਹੈ, ਜਿਸ ਨਾਲ ਉਹ ਚਾਹ ਬਣਾਉਂਦਾ ਹੈ। ਕੜਾਹ ਲਈ ਸਾਰੀ ਸਮਗਰੀ ਮੌਜੂਦ ਹੈ ਤਾਂ ਫੇਰ ਕੜਾਹ ਕਿਉਂ ਨਹੀਂ ਬਣ ਸਕਦਾ! ਬਾਵਾ ਜੀ ਦੁਕਾਨਦਾਰ ਤੋਂ ਸਾਰੀ ਲੋੜੀਂਦੀ ਰਸਦ ਕਢਵਾ ਕੇ ਮੂੜ੍ਹਾ

ਚੁੱਲ੍ਹੇ ਨੇੜੇ ਕਰ ਕੇ ਬੈਠ ਜਾਂਦੇ ਹਨ ਅਤੇ ਕੜਾਹ ਤਿਆਰ ਕਰ ਕੇ ਪਰੋਸ ਦੇਂਦੇ ਹਨ। ਬੜੀ ਸੁਆਦ 'ਸਵੀਟ ਡਿਸ਼' ਤਿਆਰ ਹੋ ਗਈ। ਇਸ ਗੱਲ ਦੀ ਤਸਦੀਕ ਦੁਕਾਨਦਾਰ ਨੇ ਵੀ ਕੀਤੀ, ਜਿਸ ਨੂੰ ਅਸੀਂ ਥੋੜ੍ਹਾ ਜਿਹਾ 'ਆਪਣਾ' ਕੜਾਹ ਚੱਖਣ ਲਈ ਦਿੱਤਾ। ਉਸ ਦੇ ਚਿਹਰੇ 'ਤੇ ਇਸ ਗੱਲ ਦੀ ਖੁਸ਼ੀ ਝਲਕ ਰਹੀ ਸੀ ਕਿ ਉਸ ਨੇ ਇਕ 'ਸਵੀਟ ਡਿਸ਼' ਬਣਾਉਣੀ ਵੀ ਸਿੱਖ ਲਈ ਹੈ।

ਟ੍ਰੈਕਿੰਗ ਦੌਰਾਨ ਰਾਹ 'ਚ ਪੈਂਦੇ ਰੈਣ ਬਸੇਰਿਆਂ ਵਿਚ ਘੱਟੋ-ਘੱਟ ਸਹੂਲਤਾਂ ਮੁਹੱਈਆ ਹੁੰਦੀਆਂ ਹਨ। ਸਾਡੇ ਕਮਰੇ ਵਿਚ ਤਖ਼ਤਪੋਸ਼ਾਂ ਉੱਤੇ ਹਲਕੀਆਂ ਜਿਹੀਆਂ ਤਲਾਈਆਂ ਹਨ, ਪਰ ਉੱਤੇ ਲੈਣ ਲਈ ਭਾਰੀਆਂ ਰਜ਼ਾਈਆਂ ਹਨ। ਬਿਸਤਰਾ ਜਿਹੋ ਜਿਹਾ ਵੀ ਹੋਵੇ, ਸਾਫ ਹੋਣ ਦੇ ਆਸਾਰ ਘੱਟ ਹੀ ਹੁੰਦੇ ਹਨ। ਹਰ ਆਉਂਦਾ-ਜਾਂਦਾ ਰਾਹੀ ਉਹੋ ਬਿਸਤਰਾ ਹੀ ਵਰਤਦਾ ਹੈ। ਨਾ ਬਿਸਤਰਾ ਸਾਰਾ ਸੀਜ਼ਨ ਧੋਤਾ ਜਾਂਦਾ ਹੈ ਤੇ ਨਾ ਹੀ ਟ੍ਰੈਕਰ ਕਈ ਦਿਨਾਂ ਤੋਂ ਨਹਾਤਾ-ਧੋਤਾ ਹੁੰਦਾ ਹੈ। ਇਸਦਾ ਇਲਾਜ਼ ਸਾਡੇ ਕੋਲ ਆਪਣੇ ਸ਼ੀਟ ਸਲੀਪਿੰਗ ਬੈਗਾਂ ਦੇ ਰੂਪ ਵਿਚ ਹੈ। ਵੈਸੇ ਤਾਂ ਇਹ ਬਣੇ-ਬਣਾਏ ਵੀ ਮਿਲ ਜਾਂਦੇ ਹਨ, ਪਰੰਤੂ ਮੈਂ ਇਹ ਖੁਦ ਬਣਵਾਇਆ ਹੋਇਆਹੈ। ਇਕ ਪਤਲੀ ਬੈੱਡ ਸ਼ੀਟ ਨੂੰ ਲੰਮੀ ਤਰ੍ਹਾਂ ਦੂਹਰੀ ਕਰ ਕੇ ਇਕ ਸੀਣ ਮਰਵਾ ਲਈ; ਪੈਰਾਂ ਵਲੋਂ ਵੀ ਸੀਣ ਮਰਵਾ ਕੇ ਬੰਦ ਕਰਵਾ ਲਿਆ, ਪਰ ਸਿਰ ਵਾਲੇ ਪਾਸਿਉਂ ਨੌਂ ਕੁ ਇੰਚ ਹੇਠਾਂ ਵੱਲ ਮੋੜ ਕੇ ਇੰਝ ਸੀਣ ਮਰਵਾਈ ਜਿਵੇਂ ਉਹ ਸਿਰਹਾਣੇ ਦਾ ਇਕ ਪਾਸਿਉਂ ਖੁੱਲ੍ਹਾ ਲਿਹਾਫ ਹੋਵੇ। ਇਸ ਲਿਹਾਫ ਵਿਚ ਮੈਂ ਆਪਣਾ ਸਵੈਟਰ ਤਹਿ ਕਰ ਕੇ ਪਾ ਲੈਂਦਾ ਹਾਂ ਤਾਂ ਆਰਾਮਦਾਇਕ ਸਿਰਹਾਣਾ ਬਣ ਜਾਂਦਾ ਹੈ। ਸੋ ਆਪਣੇ-ਆਪਣੇ ਸਲੀਪ ਸ਼ੀਟ-ਬੈਗਾਂ ਵਿਚ ਘੁਸ ਕੇ ਤੇ ਉਪਰੋਂ ਰਜ਼ਾਈਆਂ ਓਢ ਕੇ ਅਸੀਂ ਲੇਟ ਗਏ। ਦਿਨ ਭਰ ਦੇ ਥੱਕਿਆਂ ਨੂੰ ਕਦੋਂ ਨੀਂਦ ਆ ਗਈ ਤੇ ਕਦੋਂ ਸਵੇਰਾ ਹੋ ਗਿਆ, ਪਤਾ ਹੀ ਨਹੀਂ ਲੱਗਾ!

ਸਵੇਰ ਦਾ ਨਾਸ਼ਤਾ ਕੀਤਾ ਤੇ ਮੱਧਮਹੇਸ਼ਵਰ ਵੱਲ ਦਾ ਰਾਹ ਫੜਿਆ। ਅੱਧਾ ਕੁ ਘੰਟਾ ਤੁਰਨ ਤੋਂ ਬਾਅਦ ਚੜ੍ਹਾਈ ਕਾਫੀ ਸਖਤ ਹੋ ਜਾਂਦੀ ਹੈ। ਹੋਰ ਕੁਝ ਦੇਰ ਚੱਲਣ ਤੋਂ ਬਾਅਦ ਜੰਗਲਾਤ ਮਹਿਕਮੇ ਦੀ ਇਕ ਚੌਕੀ ਆਉਂਦੀ ਹੈ। ਇਥੇ ਲਿਖਿਆ ਹੋਇਆ ਹੈ ਕਿ ਅਸੀਂ ਸਰਕਾਰ ਵੱਲੋਂ ਸੁਰੱਖਿਅਤ ਘੋਸ਼ਿਤ ਕੀਤੇ ਜੰਗਲ ਵਿਚੋਂ ਦੀ ਲੰਘ ਰਹੇ ਹਾਂ ਅਤੇ ਅੱਗੇ ਜਾਣ ਲਈ ਚਾਲੀ ਰੁਪਏ ਪ੍ਰਤੀ ਆਦਮੀ ਦੇ ਹਿਸਾਬ ਨਾਲ ਫੀਸ ਦੇਣੀ ਹੋਵੇਗੀ। ਚੌਕੀ ਦੇ ਨੇੜੇ ਪਹੁੰਚ ਕੇ ਵੇਖਦੇ

ਹਾਂ ਕਿ ਇਥੇ ਤਾਂ ਜੰਦਰਾ ਵੱਜਿਆ ਹੋਇਆ ਹੈ। ਅਸੀਂ ਅੰਦਰੋ-ਅੰਦਰੀ ਬੜੇ ਖ਼ੁਸ਼ ਹੁੰਦੇ ਹਾਂ ਕਿ ਸਾਡੇ ਚਾਲੀ-ਚਾਲੀ ਰੁਪਏ ਬਚ ਗਏ। ਹੋ ਸਕਦਾ ਹੈ ਅੱਗੇ ਜਾ ਕੇ ਕੋਈ ਹੋਰ ਚੌਂਕੀ ਹੋਵੇ, ਜਿੱਥੇ ਦਾਖਲਾ ਫੀਸ ਦੇਣੀ ਪਵੇ, ਪਰੰਤੂ ਹਾਲ ਦੀ ਘੜੀ ਤਾਂ ਇੰਝ ਲੱਗਾ ਜਿਵੇਂ ਕੋਈ ਬਲਾ ਟਲ ਗਈ ਹੋਵੇ! ਇਸ ਅਹਿਸਾਸ ਦੇ ਪਿੱਛੇ ਸ਼ਾਇਦ ਓਹੀ ਭਾਵਨਾ ਕੰਮ ਕਰ ਰਹੀ ਸੀ, ਜਿਹੜੀ ਸੜਕ ਦੇ ਟੋਲ ਟੈਕਸ ਦੇਣ ਵੇਲੇ ਕੰਮ ਕਰਦੀ ਹੈ। ਜਾਪਦਾ ਹੈ ਕਿ ਸਰਕਾਰੀ ਰਾਹ ਵਰਤਣ ਲਈ ਸਾਨੂੰ ਪੈਸੇ ਕਿਉਂ ਦੇਣੇ ਪੈਣ! ਇਥੋਂ ਥੋੜ੍ਹੀ ਹੀ ਦੂਰ ਜਾਂਦੇ ਹਾਂ ਕਿ ਖੱਬੇ ਪਾਸੇ ਇਕ ਛੋਟਾ ਜਿਹਾ ਘਰ ਨਜ਼ਰੀਂ ਪੈਂਦਾ ਹੈ। ਘਰ ਦੇ ਬਾਹਰ ਇਕ ਸੁਹਣੀ ਜਿਹੀ ਔਰਤ ਖੜੀ ਜਿਵੇਂ ਸਾਡਾ ਹੀ ਰਾਹ ਤੱਕ ਰਹੀ ਹੋਵੇ! ਲੰਮ-ਸਲੰਮੀ, ਗੋਰਾ ਰੰਗ, ਤਿੱਖੇ ਨੈਣ-ਨਕਸ਼ ਤੇ ਪਿੱਠ ਵੱਲ ਲਮਕੇ ਕਾਲੇ, ਲੰਮੇ, ਸੰਘਣੇ ਵਾਲ। ਸ਼ਾਇਦ ਹੁਣੇ-ਹੁਣੇ ਕੇਸ਼ ਧੋ ਕੇ ਹਟੀ ਹੈ। ਸੁਲਫੇ ਦੀ ਲਾਟ ਵਰਗੀ! ਉਸਦੇ ਕੋਲ ਪਹੰੁਚੇ ਤਾਂ ਉਸਨੇ ਚਿਹਰੇ ’ਤੇ ਚੌੜੀ ਮੁਸਕਾਨ ਲਿਆ ਕੇ ਸਾਨੂੰ ਨਮਸਤੇ ਬੁਲਾਈ ਅਤੇ ਚਾਹ ਦੀ ਸੁਲਾਹ ਮਾਰੀ। ਉਸਨੂੰ ਨੇੜਿਉਂ ਤੱਕ ਕੇ ਮੈਨੂੰ ਉਹ ਫਿਲਮਾਂ ਦੀ ਕੋਈ ਅਭਿਨੇਤਰੀ ਲੱਗ ਰਹੀ ਹੈ। ‘ਕਮਲਾ’ ਫਿਲਮ ਵਿਚ ਦੀਪਤੀ ਨਵਲ ਵਰਗੀ! ਮੈਂ ਬਾਵਾ ਜੀ ਨੂੰ ਕਹਿ ਰਿਹਾ ਹਾਂ ਕਿ ਜੇ ਕੋਈ ਰਾਜ ਕਪੂਰ ਜਾਂ ਮਹੇਸ਼ ਭੱਟ ਇਸਨੂੰ ਵੇਖ ਲਵੇ ਤਾਂ ਸ਼ਾਇਦ ਕਿਸੇ ਫਿਲਮ ਵਿਚ ਕੰਮ ਕਰਾਉਣ ਲਈ ਮੁੰਬਈ ਲੈ ਜਾਵੇ! ਚਾਹ ਦੀ ਇਸ ਵੇਲੇ ਸਾਨੂੰ ਲੋੜ ਨਹੀਂ, ਇਸਲਈ ਸਰਸਰੀ ਦੁਆ-ਸਲਾਮ ਤੋਂ ਬਾਅਦ ਅਸੀਂ ਉਸ ਨਾਲ ਇਹ ਵਾਅਦਾ ਕਰ ਕੇ ਅੱਗੇ ਤੁਰ ਪੈਂਦੇ ਹਾਂ ਕਿ ਆਉਂਦੀ ਵਾਰ ਉਸ ਕੋਲੋਂ ਚਾਹ ਜ਼ਰੂਰ ਪੀ ਕੇ ਜਾਵਾਂਗੇ।

ਦੋ ਕੁ ਘੰਟੇ ਅੱਗੇ ਤੁਰ ਕੇ ਕੂਨ ਚੱਟੀ ਨਾਂਅ ਦੇ ਸਥਾਨ ’ਤੇ ਪਹੁੰਚਦੇ ਹਾਂ। ਝੌਂਪੜੀ-ਨੁਮਾ ਘਰ ਦੇ ਬਾਹਰ ਦਰੀ ਵਿਛਾ ਕੇ ਇਕ ਬਜ਼ੁਰਗ ਬੈਠਾ ਹੈ। ਆਪਣੇ ਰੁਕਸੈਕ ਮੋਢਿਆਂ ਤੋਂ ਉਤਾਰ ਕੇ ਹੇਠਾਂ ਰੱਖ ਕੇ ਅਸੀਂ ਉਸਦੇ ਕੋਲ ਜਾ ਬੈਠਦੇ ਹਾਂ। ਸਾਨੂੰ ਵੇਖ ਕੇ ਉਸਦੀ ਪਤਨੀ ਵੀ ਬਾਹਰ ਆ ਕੇ ਸਾਡੇ ਨਾਲ ਦੁਆ-ਸਲਾਮ ਕਰਦੀ ਹੈ ਅਤੇ ਸਾਡੇ ਕਹਿਣ ’ਤੇ ਚਾਹ ਬਣਾ ਕੇ ਪਿਆਉਂਦੀ ਹੈ। ਬਜ਼ੁਰਗ ਦੱਸਦਾ ਹੈ ਕਿ ਉਹ ਪੁਲਸ ਦੀ ਨੌਕਰੀ ਕਰਦਾ ਸੀ ਅਤੇ ਰਿਟਾਇਰ ਹੋ ਕੇ ਉਸਨੇ ਏਥੇ ਆਪਣੇ ਲਈ ਇਹ ਨਿੱਕਾ ਜਿਹਾ ਘਰ ਬਣਾ ਲਿਆ ਹੈ। ਉਸਦਾ ਪਿੰਡ ਇੱਥੋਂ ਦੋ ਕੁ ਕਿਲੋਮੀਟਰ ਦੂਰ ਹੈ। ਜਿੰਨਾ ਹੋ ਸਕਦਾ ਹੈ ਖੇਤੀ ਦਾ ਕੰਮ ਕਰਦਾ ਹੈ। ਬਹੁਤੀ ਮਾਰੋ-ਮਾਰ ਨਹੀਂ ਹੈ। ਜ਼ਿੰਦਗੀ ਤੋਂ ਬਹੁਤ ਸੰਤੁਸ਼ਟ ਹੈ। ਕਿਸੇ ਨਾਲ ਕੋਈ ਗਿਲਾ-ਸ਼ਿਕਵਾ ਨਹੀਂ। ਇਸ

ਬਜ਼ੁਰਗ ਵਰਗੇ ਇਨਸਾਨਾਂ ਨੂੰ ਮਿਲ ਕੇ ਚੰਗਾ ਲਗਦਾ ਹੈ। ਇਨ੍ਹਾਂ ਨੇ ਜ਼ਿੰਦਗੀ ਵੇਖੀ ਹੋਈ ਹੈ ਤੇ ਸੰਤੁਸ਼ਟ ਜੀਵਨ ਜਿਓੂਣ ਦੀ ਜਾਚ ਸਿੱਖ ਲਈ ਹੈ। ਸਾਨੂੰ ਨਿੱਘੀ-ਨਿੱਘੀ ਧੁੱਪ ਵਿਚ ਅਲਸਾਉਣਾ ਚੰਗਾ-ਚੰਗਾ ਲੱਗ ਰਿਹਾ ਹੈ, ਪਰੰਤੂ ਬਹੁਤੀ ਦੇਰ ਤਾਈਂ ਅਸੀਂ ਇਹ ਐਸ਼ ਨਹੀਂ ਕਰ ਸਕਦੇ, ਕਿਉਂਕਿ ਸੂਰਜ ਛਿਪਣ ਤੋਂ ਪਹਿਲਾਂ-ਪਹਿਲਾਂ ਮੰਜ਼ਿਲ ਤੱਕ ਪਹੁੰਚਣਾ ਜ਼ਰੂਰੀ ਹੈ।

ਗੌਂਧਰ ਤੋਂ ਬਾਅਦ ਮੱਧਮਹੇਸ਼ਵਰ ਤੱਕ ਕੋਈ ਆਬਾਦੀ ਨਹੀਂ ਦਿਸਦੀ। ਰਾਹ ਵਿਚ ਸਾਥ ਹੈ ਤਾਂ ਸਿਰਫ ਤੇ ਸਿਰਫ ਕੁਆਰੀ ਕੁਦਰਤ ਦਾ! ਨਿੱਕੇ-ਨਿੱਕੇ ਕਦਮ ਪੁੱਟਦੇ ਆਪਣੀ-ਆਪਣੀ ਤੋਰੇ ਤੁਰਦੇ ਜਾ ਰਹੇ ਹਾਂ। ਸਾਰਾ ਪੈਂਡਾ ਜਾਣੋ ਇਕ ਸਾਧਨਾ ਵਾਂਗ ਜਾਪ ਰਿਹਾ ਹੈ। ਸੂਰਜ ਛਿਪਦੇ-ਕਰਦਿਆਂ ਨੂੰ ਅਸੀਂ ਮੱਧਮਹੇਸ਼ਵਰ ਪਹੁੰਚ ਜਾਂਦੇ ਹਾਂ। ਆਲੇ-ਦੁਆਲੇ ਤੋਂ ਪਹਾੜੀਆਂ ਨਾਲ ਘਿਰੇ ਹੋਏ ਸਮੁੰਦਰੀ ਤੱਲ ਤੋਂ 3289 ਮੀਟਰ ਉੱਚੇ ਇਸ ਸਥਾਨ ’ਤੇ ਮੰਦਿਰ ਦੇ ਨੇੜੇ ਸੈਲਾਨੀਆਂ ਦੇ ਠਹਿਰਣ ਲਈ ਕੁਝ ਕਮਰੇ ਬਣੇ ਹੋਏ ਹਨ। ਚਾਹ ਦੀ ਇਕ ਦੁਕਾਨ ਤੋਂ ਅਸੀਂ ਕਮਰੇ ਬਾਰੇ ਪੁੱਛਦੇ ਹਾਂ। ਉਹ ਸਾਨੂੰ ਇਕ ਕਮਰਾ ਵਿਖਾਂਦਾ ਹੈ। ਕਮਰੇ ਦੀਆਂ ਕੰਧਾਂ ਅਤੇ ਫਰਸ਼ ਮਿੱਟੀ ਨਾਲ ਲਿੱਪੇ ਹੋਏ ਹਨ ਅਤੇ ਦੋ ਮੰਜਿਆਂ ਤੋਂ ਇਲਾਵਾ ਕਿਸੇ ਕਿਸਮ ਦਾ ਵੀ ਹੋਰ ਕੋਈ ਸਮਾਨ ਮੌਜੂਦ ਨਹੀਂ। ਬੱਸ ਇਕ ਕਿੱਲੀ ਨਾਲ ਇਕ ਲਾਲਟੈਣ ਲਟਕੀ ਹੋਈ ਹੈ ਜਿਹੜੀ ਹਨੇਰਾ ਹੋਣ ’ਤੇ ਜਗਾਈ ਜਾਵੇਗੀ, ਕਿਉਂਕਿ ਇਸ ਜਗ੍ਹਾ ’ਤੇ ਬਿਜਲੀ ਨਹੀਂ ਪਹੁੰਚੀ ਹੋਈ। ਸਮਾਨ ਆਪਣੇ ਕਮਰੇ ਵਿਚ ਰੱਖ ਕੇ, ਚਾਹ ਦੀ ਦੁਕਾਨ ਕੋਲ ਪਏ ਵੱਡੇ ਪੱਥਰਾਂ ਉੱਤੇ ਬੈਠੇ ਚਾਹ ਦੀਆਂ ਚੁਸਕੀਆਂ ਲੈ ਰਹੇ ਹਾਂ। ਹੌਲੀ-ਹੌਲੀ ਕੁਝ ਹੋਰ ਸੈਲਾਨੀ ਵੀ ਆਣ ਜੁੜੇ ਹਨ। ਅਜਿਹਾ ਮਹੌਲ ਸਿਰਜਿਆ ਗਿਆ ਹੈ, ਜਿਹੋ ਜਿਹੇ ਦੀ ਕਲਪਨਾ ਮੈਂ ਬਚਪਨ ਵਿਚ ਆਪਣੀ ਨਾਨੀ ਦੀਆਂ ਬਾਤਾਂ ਵਿਚ ਦੂਰ-ਦੁਰਾਡੇ ਦੀਆਂ ਸਰਾਵਾਂ ਬਾਰੇ ਕਰਦਾ ਹੁੰਦਾ ਸਾਂ। ਅਧੁਨਿਕ ਸਭਿਅਤਾ ਤੋਂ ਹਜ਼ਾਰਾਂ ਸਾਲ ਪਹਿਲਾਂ ਵਾਲਾ ਮਹੌਲ। ਪ੍ਰਾਚੀਨ ਤੇ ਰਹੱਸਮਈ।ਗੱਲਾਂਬਾਤਾਂ ਹੋਣ ਲੱਗੀਆਂ। ਪਤਾ ਲਗਦਾ ਹੈ ਕਿ ਪਿਛਲੇ ਤਿੰਨ-ਚਾਰ ਦਿਨਾਂ ਤੋਂ ਬੱਦਲਵਾਈ ਹੋਣ ਕਰਕੇ ਚਾਰੇ ਪਾਸੇ ਫੈਲੀਆਂ ਬਰਫੀਲੀਆਂ ਚੋਟੀਆਂ ਦੇ ਦਰਸ਼ਨ ਨਹੀਂ ਹੋਏ। ਆਮ ਤੌਰ ’ਤੇ ਸੈਲਾਨੀ ਰਾਤ ਨੂੰ ਏਥੇ ਪਹੁੰਚਦੇ ਹਨ, ਸਵੇਰੇ ਇਥੋਂ ਹਜ਼ਾਰ ਕੁ ਫੁੱਟ ਉੱਪਰ ਬੁੱਢਾ ਮੱਧਮਹੇਸ਼ਵਰ, ਜਿਸਨੂੰ ਆਦਿ ਮੱਧਮਹੇਸ਼ਵਰ ਵੀ ਆਖਦੇ ਹਨ, ਤੱਕ ਚੜ੍ਹਦੇ ਹਨ, ਤੇ ਚਾਰ-ਚੁਫੇਰੇ ਦੇ ਜਿੰਨੇ ਵੀ ਨਜ਼ਾਰੇ ਦਿਸਣ ਓਨੇ ਨੂੰ ਆਪਣਾ ਭਾਗ ਸਮਝ ਕੇ ਵਾਪਸੀ ਚਾਲੇ ਪਾ ਲੈਂਦੇ ਹਨ। ਪਰੰਤੂ ਏਥੇ ਇਕ ਬੰਗਾਲੀ ਫੋਟੋਗਰਾਫਰ ਨਾਲ

ਮੁਲਾਕਾਤ ਹੁੰਦੀ ਹੈ, ਜਿਹੜਾ ਆਮ ਸੈਲਾਨੀਆਂ ਤੋਂ ਵੱਖਰਾ ਜਾਪਦੈ! ਉਹ ਰੋਜ਼ ਸਵੇਰੇ-ਸ਼ਾਮ ਦੋ ਵੇਲੇ ਉੱਪਰ ਜਾਂਦਾ ਹੈ, ਅਤੇ ਬੱਦਲਾਂ ਨਾਲ ਨਾਰਾਜ਼ ਹੋ ਕੇ ਮੁੜ ਆਉਂਦਾ ਹੈ, ਜਿਹਨਾਂ ਨੇ ਤਿੰਨ ਦਿਨਾਂ ਤੋਂ ਉਸ ਨੂੰ ਚੋਟੀਆਂ ਦੀਆਂ ਫੋਟੋਆਂ ਖਿੱਚਣ ਦੀ ਮੁਹਲਤ ਨਹੀਂ ਦਿੱਤੀ। ਉਹ ਨਿਰਾਸ਼ ਹੈ, ਪਰੰਤੂ ਜ਼ਿੱਦ ਦਾ ਪੱਕਾ ਹੈ, ਕਿਉਂਕਿ ਇਸ ਸਥਾਨ ਦੀਆਂ ਫੋਟੋਆਂ ਖਿੱਚਣ ਲਈ ਉਹ ਦੋ ਹਜ਼ਾਰ ਕਿਲੋਮੀਟਰ ਦੂਰ ਕਲਕੱਤੇ ਤੋਂ ਆਇਆ ਹੈ ਤੇ ਬੇਰੰਗ ਵਾਪਸ ਨਹੀਂ ਮੁੜਨਾ ਚਾਹੁੰਦਾ। ਕੁਦਰਤ ਦੀਆਂ ਫੋਟੋਆਂ ਖਿੱਚਣ ਵਾਲਿਆਂ ਨੂੰ ਕਈ ਵਾਰ ਇੰਞ ਕਰਨਾ ਪੈਂਦਾ ਹੈ। ਦੋ ਦਹਾਕੇ ਪਹਿਲਾਂ ਹੋਈ ਮੁਲਾਕਾਤ ਦੌਰਾਨ ਕੁਦਰਤ ਦੇ ਮਸ਼ਹੂਰ ਫੋਟੋਗਰਾਫਰ ਨਰੇਸ਼ ਬੇਦੀ ਨੇ ਮੈਨੂੰ ਦੱਸਿਆ ਸੀ ਕਿ ਜੰਗਲ ਵਿਚ ਮਨਚਾਹੀ ਸ਼ੌਟ ਲੈਣ ਲਈ ਕਈ ਵਾਰ ਉਸਨੂੰ ਮਹੀਨਿਆਂ-ਬੱਧੀ ਰੁੱਖ ਉੱਤੇ ਬਣਾਈ ਮਚਾਨ ਵਿਚ ਰਾਤਾਂ ਬਿਤਾਈਆਂ ਪਈਆਂ ਹਨ। "ਫਿਕਰ ਨਾ ਕਰੋ! ਕੱਲ੍ਹ ਸਵੇਰੇ ਮੌਸਮ ਸਾਫ ਹੋ ਜਾਵੇਗਾ।" ਚਾਹ ਦੀ ਦੁਕਾਨ ’ਤੇ ਬੈਠਾ ਲੋਕਲ ਪਹਾੜੀਆ ਬੰਗਾਲੀ ਫੋਟੋਗਰਾਫਰ ਨੂੰ ਤਸੱਲੀ ਦੁਆਂਦਾ ਹੈ। ਮੈਨੂੰ ਉਸਦੀ ਗੱਲ ਉੱਤੇ ਯਕੀਨ ਹੈ। ਮੌਸਮ ਬਾਰੇ ਸਥਾਨਕ ਲੋਕਾਂ ਦੇ ਅੰਦਾਜ਼ੇ ਕਾਫੀ ਸਹੀ ਹੁੰਦੇ ਹਨ। ਗੱਲਾਂ ਕਰਦਿਆਂ-ਸੁਣਦਿਆਂ ਨੂੰ ਰਾਤ ਕੇ ਘੁੱਪ ਹਨੇਰੇ ਨੇ ਸਾਰੇ ਚੌਗਿਰਦੇ ਨੂੰ ਆਣ ਮੱਲਿਆ ਹੈ। ਅੰਬਰ ਵਿਚ ਟਿਮਟਿਮਾਂਦੇ ਲੱਖਾਂ ਤਾਰਿਆਂ ਦੀ ਰੋਸ਼ਨੀ ਤੋਂ ਇਲਾਵਾ ਰਾਤ ਦੀ ਕਾਲੋਂ ਘੱਟ ਕਰਨ ਵਾਲੀ ਹੋਰ ਕੋਈ ਰੋਸ਼ਨੀ ਮੌਜੂਦ ਨਹੀਂ। ਢਾਬਿਆਂ ਦੇ ਅੰਦਰ ਬਲਦੀਆਂ ਲਾਲਟੈਨਾਂ ਦੀ ਮਰੀਅਲ ਜਿਹੀ ਲੋਅ ਬਾਹਰ ਬੈਠਿਆਂ ਨੂੰ ਦਿਸਣ ਜੋਗੀ ਨਹੀਂ! ਸਾਰੇ ਸੈਲਾਨੀ ਚਾਹ ਦੀਆਂ ਦੁਕਾਨਾਂ-ਕਮ-ਢਾਬਿਆਂ ਤੋਂ ਖਾਣਾ ਖਾਂਦੇ ਅਤੇ ਆਪਣੇ-ਆਪਣੇ ਕਮਰਿਆਂ ਵਿਚ ਜਾ ਵੜਦੇ ਹਨ। ਪੂਰੇ ਵਾਤਾਵਰਣ ਵਿਚ ਪੂਰਨ ਚੁੱਪ ਪਸਰੀ ਹੋਈ ਹੈ। ਕਿਸੇ ਪਾਸਿਓਂ ਵੀ ਕਿਸੇ ਵੀ ਕਿਸਮ ਦੀ ਆਵਾਜ਼ ਕੰਨੀ ਨਹੀਂ ਪੈ ਰਹੀ। ਬੀਂਡਿਆਂ ਦੀ ਵੀ ਨਹੀਂ! ਸੁਣ ਸਕਦੇ ਹੋ ਤਾਂ ਬੱਸ ਚੁੱਪ ਦੀ ਆਹਟ, ਆਦਮੀ ਦੇ ਹਮਲੇ ਤੋਂ ਅਜੇ ਤੱਕ ਬਚੀ ਹੋਈ ਕੋਰੀ ਕੁਦਰਤ ਦੀ ਆਹਟ!

ਅਗਲੀ ਸਵੇਰ ਦੇ ਪਹੁਫੁਟਾਲੇ ਤੋਂ ਪਹਿਲਾਂ ਹੀ ਅਸੀਂ ਬੁੱਢਾ ਮੱਧਮਹੇਸ਼ਵਰ ਦੀ ਚੜ੍ਹਾਈ ਚੜ੍ਹਨੀ ਸ਼ੁਰੂ ਕਰਦੇ ਹਾਂ। ਅੱਜ ਆਸਮਾਨ ਸਾਫ ਹੈ। ਜਿਉਂ-ਜਿਉਂ ਉੱਪਰ ਵੱਲ ਜਾਂਦੇ ਹਾਂ, ਆਲੇ-ਦੁਆਲੇ ਦਾ ਦ੍ਰਿਸ਼ ਬਦਲਦਾ ਵੀ ਜਾ ਰਿਹੈ ਤੇ ਮੋਕਲ਼ਾ ਵੀ ਹੁੰਦਾ ਜਾ ਰਿਹੈ। ਉੱਪਰ ਪਹੁੰਚਕੇਜਿਹੋ ਜਿਹਾ ਅਦਭੁੱਤ ਤੇ ਮਨੋਹਰ ਨਜ਼ਾਰਾ ਸਾਨੂੰ ਚਾਰ ਚੁਫੇਰੇ ਦਿਸਦਾ ਹੈ, ਇਹੋ ਜਿਹਾ ਇਸ ਤੋਂ ਪਹਿਲਾਂ ਮੈਂ ਤਾਂ ਕਦੇ ਨਹੀਂ ਵੇਖਿਆ! 360 ਡਿਗਰੀ ਦੇ ਚੁਫੇਰੇ ਦਿਸਹੱਦੇ ’ਤੇ ਮਣਾਂ ਮੂੰਹੀਂ

ਬਰਫ਼ਓਮਪ;ਾ ਨਾਲ ਲੱਦੀਆਂ ਚਿੱਟੀਆਂ ਚੋਟੀਆਂ, ਜਿਵੇਂ ਚੌਖੰਬਾ, ਨੀਲਕੰਠ, ਕੇਦਾਰਨਾਥ, ਆਦਿ ਧੁੱਪ ਨਾਲ ਚਮਕ ਰਹੀਆਂ ਹਨ।ਉੱਪਰ ਹੀ ਸਾਨੂੰ ਰਾਤ ਵਾਲਾ ਬੰਗਾਲੀ ਫੋਟੋਗਰਾਫਰ ਵੀ ਮਿਲ ਪਿਆ ਹੈ। ਉਹ ਸਾਡੇ ਤੋਂ ਵੀ ਸ਼ਾਇਦ ਅੱਧਾ ਘੰਟਾ ਪਹਿਲਾਂ ਇਥੇ ਪਹੁੰਚ ਚੁੱਕਾ ਹੈ! ਇਥੋਂ ਦੇ ਮਨਮੋਹਕ ਦ੍ਰਿਸ਼ਾਂ ਨੂੰ ਉਹ ਆਪਣੇ ਕੈਮਰੇ ਵਿਚ ਕੈਦ ਕਰਨ ਲਈ ਬਿਨਾ ਰੁਕੇ ਕਲਿੱਕ-ਕਲਿੱਕ ਕਰੀ ਜਾ ਰਿਹਾ ਹੈ। ਉਸਦੇ ਚਿਹਰੇ ਉੱਤੇ ਖਿਲਰੀ ਖੁਸ਼ੀ ਝੱਲੀ ਨਹੀਂ ਜਾ ਰਹੀ। ਸਾਡੇ ਕੋਲ ਉਹਦੇ ਵਰਗਾ ਹਾਈ-ਫਾਈ ਕੈਮਰਾ ਤਾਂ ਨਹੀਂ, ਪਰੰਤੂ ਕੋਸ਼ਿਸ਼ ਕਰ ਰਹੇ ਹਾਂ ਕਿ ਜਿਹੜਾ ਨਜ਼ਾਰਾ ਇਸ ਵੇਲੇ ਸਾਡੀਆਂ ਅੱਖੀਆਂ ਨੂੰ ਦਿਸ ਰਿਹਾ ਹੈ, ਉਹਦਾ ਵੱਧ ਤੋਂ ਵੱਧ ਹਿੱਸਾ ਫੋਟੋਆਂ ਵਿਚ ਫੜ ਸਕੀਏ!

ਹੇਠਾਂ ਉਤਰਦਿਆਂ ਨੂੰ ਸਾਵੇ ਘਾਹ ਨਾਲ ਢਕੀ ਨਿੱਕੀ ਜਿਹੀ ਵਾਦੀ ਅਤੇ ਇਕ ਪਾਸੇ ਦੀ ਪਹਾੜੀ ਢਲਾਨ ਉੱਤੇ ਸਥਿਤ ਪ੍ਰਾਚੀਨ ਮੰਦਿਰ ਦੀ ਪੰਛੀ-ਝਾਤ ਨਾਲ ਇਸ ਸਥਾਨ ਦੀ ਸੁੰਦਰਤਾ ਹੋਰ ਨਿੱਖਰ ਕੇ ਸਾਹਮਣੇ ਆ ਰਹੀ ਹੈ। ਰਾਤ ਵਾਲੇ ਢਾਬੇ ਤੋਂ ਨਾਸ਼ਤਾ ਕਰ ਕੇ ਮੰਦਿਰ ਦੇ ਦਰਸ਼ਨਾਂ ਲਈ ਪਹੁੰਚ ਜਾਂਦੇ ਹਾਂ। ਮਿਥਿਹਾਸਕ ਕਥਾ ਅਨੁਸਾਰ ਭਾਵੇਂ ਇਹ ਮੰਦਿਰ ਪਾਂਡਵ ਭੀਮ ਵੱਲੋਂ ਬਣਾਇਆ ਦੱਸਿਆ ਜਾਂਦਾ ਹੈ, ਪਰੰਤੂ ਅਸਲ ਵਿਚ ਕੇਦਾਰਾਂ ਦੇ ਨਾਂਅ ਨਾਲ ਜਾਣੇ ਜਾਂਦੇ ਇਹ ਪੰਜ ਮੰਦਰ ਆਦਿ ਸ਼ੰਕਰਾਚਾਰੀਆ ਦੇ ਪ੍ਰਭਾਵ ਹੇਠ ਅੱਠਵੀਂ, ਨੌਵੀਂ ਸਦੀ ਵਿਚ ਬਣੇ ਹੋਏ ਹਨ। ਮੱਧਮਹੇਸ਼ਵਰ ਦੇ ਮੰਦਿਰ ਵਿਚ ਸ਼ਿਵ ਜੀ ਦੀ ਉਸਦੇ ਪੇਟ ਦੇ ਰੂਪ ਵਿਚ ਪੂਜਾ ਕੀਤੀ ਜਾਂਦੀ ਹੈ। ਮੰਦਿਰ ਦੇ ਅੰਦਰ ਕਾਲੇ ਪੱਥਰ ਦਾ ਨਾਭੀ ਦੀ ਸ਼ਕਲ ਵਾਲਾ ਸ਼ਿਵਲਿੰਗ ਸਥਾਪਤ ਹੈ। ਨਾਲ ਹੀ ਦੋ ਹੋਰ ਮੰਦਿਰ ਹਨ, ਇਕ ਪਾਰਵਤੀ ਨੂੰ ਸਮਰਪਿਤ ਤੇ ਦੂਜਾ ਅਰਧਨਾਰੀਸ਼ਵਰ ਨੂੰ। ਮੰਦਿਰ ਦੇ ਸੱਜੇ ਪਾਸੇ ਇਕ ਹੋਰ ਛੋਟਾ ਜਿਹਾ ਮੰਦਿਰ ਹੈ, ਜਿਸ ਵਿਚ ਸੰਗਮਰਮਰ ਦੀ ਬਣੀ ਦੇਵੀ ਸਰਸਵਤੀ ਦੀ ਮੂਰਤੀ ਸੁਸ਼ੋਭਤ ਹੈ। ਮੰਦਿਰ ਦੇ ਪਿਛਲੇ ਪਾਸੇ ਆਲਿਆਂ ਵਾਂਗ ਉਸਾਰੀਆਂ ਮੰਦਰੀਆਂ ਵਿਚ ਸ਼ਿਵਲਿੰਗ ਬਣੇ ਹੋਏ ਹਨ, ਜਿਹੜੇਮੁੱਖਮੰਦਿਰ ਤੋਂ ਵੱਧ ਪ੍ਰਾਚੀਨ ਜਾਪਦੇ ਹਨ। ਮੱਧਮਹੇਸ਼ਵਰ ਦਾ ਮੰਦਿਰ ਗਰਮੀਆਂ ਦੇ ਛੇ ਮਹੀਨੇ ਖੁੱਲ੍ਹਾ ਰਹਿੰਦਾ ਹੈ ਅਤੇ ਸਿਆਲਾਂ ਦੇ ਜਿਨ੍ਹਾਂ ਮਹੀਨਿਆਂ ਵਿਚ ਬੰਦ ਰਹਿੰਦਾ ਹੈ, ਉਨ੍ਹਾਂ ਵਿਚ ਇਥੋਂ ਦੇ ਚਾਂਦੀ ਦੇ ਦੇਵਤਾ-ਸਰੂਪਾਂ ਨੂੰ ਉਖੀਮੱਠ

ਲੈ ਜਾਇਆ ਜਾਂਦਾ ਹੈ। ਮੱਧਮਹੇਸ਼ਵਰ ਦੇ ਮੰਦਿਰ ਦੇ ਪੁਜਾਰੀਆਂ ਨੂੰ ਜੰਗਮ ਆਖਦੇ ਹਨ, ਜਿਨ੍ਹਾਂ ਦਾ ਪਿੱਛਾ ਮੈਸੂਰ ਦੀ ਲਿੰਗਾਇਤ ਜਾਤੀ ਨਾਲ ਜਾ ਜੁੜਦਾ ਹੈ।

ਮੰਦਿਰ ਵੇਖਣ ਤੋਂ ਬਾਅਦ ਅਸੀਂ ਆਪਣਾ ਸਮਾਨ ਚੁੱਕਿਆ ਅਤੇ ਵਾਪਸੀ ਚਾਲੇ ਪਾ



ਦਿੱਤੇ। ਉਤਰਾਈ ਵਾਲਾ ਰਸਤਾ ਹੈ, ਮਜ਼ੇ-ਮਜ਼ੇ ਤੁਰੇ ਆਏ। ਪਹਿਲਾ ਪੜਾਅ ਅਸੀਂ ਉਸ ਸੁਹਣੀ ਔਰਤ ਕੋਲ ਆ ਕੇ ਕਰਦੇ ਹਾਂ, ਜਿਸਨੂੰ ਕੱਲ੍ਹ ਚਾਹ ਪੀਣ ਦਾ ਵਾਅਦਾ ਦੇ ਕੇ ਗਏ ਸਾਂ। ਉਹ ਸਾਨੂੰ ਵੇਖ ਕੇ ਖੁਸ਼ ਹੰuਦੀ ਹੈ ਅਤੇ ਇਕ ਕਮਰੇ ਵਿਚ ਕੰਬਲ ਵਿਛਾ ਕੇ ਅਰਾਮ ਕਰਨ ਲਈ ਆਖਦੀ ਹੈ। ਪੂਰਨ ਸਿੰਘ ਨੂੰ ਅਸੀਂ ਇਜਾਜ਼ਤ ਦੇ ਦਿੱਤੀ ਕਿ ਉਹ ਆਪਣੇ ਪਿੰਡ ਰਾਂਸੀ ਜਾ ਕੇ ਅੱਜ ਦੀ ਰਾਤ ਆਪਣੇ ਪਰਿਵਾਰ ਨਾਲ ਬਿਤਾ ਲਵੇ, ਕੱਲ੍ਹ ਸਵੇਰੇ ਅਸੀਂ ਉਸਨੂੰ ਰਾਂਸੀ ਵਾਲੀ ਦੁਕਾਨ ’ਤੇ ਮਿਲ ਲਵਾਂਗੇ। ਸੁਹਣੀ ਔਰਤ ਨੂੰ ਚਾਹ ਬਣਾਉਣ ਲਈ ਆਖ ਕੇ ਅਸੀਂ ਆਪਣੇ


ਬੈਗਾਂ ਨੂੰ ਕੰਧ ਨਾਲ ਟਿਕਾ ਕੇ ਸਿਰਹਾਣੇ ਬਣਾ ਲਏ ਅਤੇ ਕੰਬਲਾਂ ਉੱਤੇ ਲੇਟ ਗਏ। ਜਦੋਂ ਬੜੀ ਦੇਰ ਤੱਕ ਚਾਹ ਨਾ ਆਈ ਤਾਂ ਅਸੀਂ ਪਤਾ ਕਰਨ ਲਈ ਬਾਹਰ ਨਿਕਲੇ। ਜੋ ਮਾਜਰਾ ਸਾਨੂੰ ਸਮਝ ਆਇਆ, ਉਹ ਇਹ ਸੀ ਕਿ ਉਸ ਔਰਤ ਨੇ ਅੱਜ ਸਵੇਰੇ ਆਪਣੇ ਖੇਤ ਵਿਚ ਆਲੂ ਬੀਜੇ ਸਨ, ਜਿਨ੍ਹਾਂ ਨੂੰ ਪੁੱਟ-ਪੁੱਟ ਖਾਣ ਲਈ ਬਾਂਦਰਾਂ ਨੇ ਹਮਲਾ ਕਰ ਦਿੱਤਾ ਸੀ। ਹੁਣ ਉਸ ਔਰਤ ਦਾ ਮੁੱਖ ਕੰਮ ਬਾਂਦਰਾਂ ਨੂੰ ਭਜਾਉਣ ਦਾ ਸੀ, ਚਾਹ ਖਾਵੇ ਖਸਮਾਂ ਨੂੰ! ਇਸਤੋਂ ਇਲਾਵਾ ਆਪਣੇ ਤਿੰਨ-ਚਾਰ ਨਿੱਕੇ-ਨਿੱਕੇ ਨਿਆਣਿਆਂ ਨੂੰ ਵਰਚਾਉਣ ਦਾ ਕੰਮ ਵੀ ਉਸਨੂੰ ਨਾਲੋ-ਨਾਲ ਕਰਨਾ ਪੈ ਰਿਹਾ ਸੀ। ਅਸੀਂ ਚਾਹ ਬਾਰੇ ਪੁੱਛਿਆ ਤਾਂ ਉਹ ਕਹਿਣ ਲੱਗੀ ਕਿ ਉਹ ਚਾਹ ਉਸੇ ਸੂਰਤ ਵਿਚ ਬਣਾ ਸਕਦੀ ਏ, ਜੇ ਓਨਾ ਚਿਰ ਬਾਂਦਰਾਂ ਨੂੰ ਭਜਾਉਣ ਦਾ ਕੰਮ ਅਸੀਂ ਕਰੀਏ। ਸੋ ਅਸੀਂ ਦੋਵਾਂ ਨੇ ਉਸਦੇ ਹੱਥੋਂ ਵੱਟੇ ਫੜੇ ਅਤੇ ਬਾਂਦਰਾਂ ਨੂੰ ਭਜਾਉਣ ਦੀ ਡਿਓੂਟੀ ਨਿਭਾਉਣ ਲੱਗੇ। ਉਹ ਚਾਹ ਬਣਾਉਣ ਚਲੀ ਗਈ, ਪਰ ਉਸਦੀ ਇਕ ਨਜ਼ਰ ਸਾਡੀ ਡਿਊਟੀ ਵੱਲ ਸੀ, ਦੂਜੀ ਆਪਣੇ ਰੋਂਦੇ ਜੁਆਕਾਂ ਵੱਲ ਤੇ ਤੀਜੀ ਚਾਹ ਹੇਠਾਂ ਬਲਦੀ ਅੱਗ ਵੱਲ। ਸਟੀਲ ਦੇ ਗਲਾਸਾਂ ’ਚ ਸਾਨੂੰ ਚਾਹ ਫੜਾ ਕੇ ਉਹ ਮੁੜ ਬਾਂਦਰਾਂ ਵਾਲੀ ਡਿਓUਟੀ ’ਤੇ ਲੱਗ ਗਈ। ਖੇਤਾਂ ਵਿਚ ਹੇਠਾਂ ਨੂੰ ਦੌੜਦੀ ਤੇ ਉੱਪਰ ਨੂੰ ਚੜ੍ਹਦੀ ਉਹ ਇੰਞ ਜਾਪ ਰਹੀ ਸੀ, ਜਿਵੇਂ ਕੋਈ ਕਾਟੋ ਫੁੱਲਾਂ ਉੱਤੇ ਖੇਡ ਰਹੀ ਹੋਵੇ! ਉਸਨੂੰ ਦੂਰੋਂ ਵੇਖ ਕੇ ਤਾਂ ਇੰਞ ਲਗਦਾ ਸੀ, ਜਿਵੇਂ ਸਰੋN ਦੇ ਖੇਤ ਵਿਚੋਂ ਸਾਗ ਤੋੜਦੀ-ਤੋੜਦੀ ਕੋਈ ਅਲ੍ਹੜ ਮੁਟਿਆਰ ਝੂਮ-ਝੂਮ ਕੇ ਲੋਕ ਗੀਤ ਗੁਣਗੁਣਾ ਰਹੀ ਹੋਵੇ! ਪਰੰਤੂ ਜ਼ਰਾ ਜਿੰਨੀ ਗਹਿਰਾਈ ਨਾਲ ਸੋਚਿਆਂ ਸਾਨੂੰ ਸਮਝ ਪੈਂਦੀ ਹੈ ਕਿ ਕਿੰਨੀ ਮੁਸ਼ਕਲ ਜ਼ਿੰਦਗੀ ਜੀਅ ਰਹੀ ਏ ਇਹ ਔਰਤ। ਇਸਦਾ ਘਰ ਵਾਲਾ ਗਰਮੀਆਂ ਵਿਚ ਗੌਰੀਕੁੰਡ-ਕੇਦਾਰਨਾਥ ਜਾ ਕੇ ਦਿਹਾੜੀਆਂ ਕਰਦਾ ਹੈ ਤੇ ਇਹ ਇਸ ਉਜਾੜ-ਬੀਆਬਾਨ ਵਿਚ ਖੇਤੀ ਵੀ ਸੰਭਾਲਦੀ ਹੈ ਤੇ ਨਿੱਕੇ-ਨਿੱਕੇ ਚਾਰ ਜੁਆਕ ਵੀ। ਰੋਜ਼ ਪਸ਼ੂਆਂ ਲਈ ਘਾਹ ਵੀ ਖੋਤਣਾ ਹੈ, ਅਤੇ ਚੁੱਲ੍ਹੇ ਵਿਚ ਬਾਲਣ ਜੋਗਾ ਬਾਲਣ ਵੀ ਇਕੱਠਾ ਕਰਨਾ ਹੈ। ਸਿਆਲਾਂ ਜੋਗਾ ਘਾਹ ਤੇ ਲਕੜੀ ਜਮ੍ਹਾ ਕਰਨ ਦਾ ਕੰਮ ਵੀ ਇਸੇ ਦਾ ਹੈ। ਜੇ ਸਾਡੇ ਵਰਗਾ ਕੋਈ ਸੈਲਾਨੀ ਰੁਕ ਜਾਵੇ ਤਾਂ ਉਸਨੂੰ ਚਾਹ ਪਿਆ ਕੇ ਦਸ-ਵੀਹ ਰੁਪਏ ਖੱਟਣ ਦੀ ਕੋਸ਼ਿਸ਼ ਵੀ ਕਰਦੀ ਹੈ। ਕੱਲ੍ਹ ਉਸਨੂੰ ਵੇਖ ਕੇ ਜਿਹੜੇ ਰੁਮਾਂਟਿਕ ਬਿੰਬ ਦੀ ਕਲਪਨਾ ਮੈਂ ਕੀਤੀ ਸੀ, ਉਸਦੀ ਜ਼ਿੰਦਗੀ ਦੇ ਯਥਾਰਥ ਨੇ ਉਸਨੂੰ ਬਹੁਤ ਢੈਲਾ ਪਾ ਦਿੱਤਾ ਹੈ। ਚਾਹ ਦੇ ਦਸ-ਪੰਦਰਾਂ ਰੁਪਏ ਦੇਣੇ ਬਣਦੇ ਸਨ, ਪਰ ਅਸੀਂ ਉਸਨੂੰ ਪੰਜਾਹ ਰੁਪਏ ਅਦਾ ਕਰਦੇ

ਹਾਂ। ਹੋ ਸਕਦਾ ਹੈ ਇੰਞ ਕਰਕੇ ਉਸ ਨਾਲ ਹੋ ਰਹੀ ਸਮਾਜਕ ਬੇਇਨਸਾਫ਼ੀ, ਜਿਸ ਲਈ ਕਿਸੇ ਹੱਦ ਤੱਕ ਸ਼ਾਇਦ ਅਸੀਂ ਵੀ ਜ਼ਿੰਮੇਵਾਰ ਹਾਂ, ਉਸਨੂੰ ਮੱਠਾ ਕਰਨ ਦੀ ਕੋਸ਼ਿਸ਼ ਹੋਵੇ!

ਇਥੋਂ ਤੁਰ ਕੇ ਅਸੀਂ ਲੌਢੇ ਵੇਲੇ ਤੱਕ ਗੌਂਧਰ ਪਹੁੰਚ ਜਾਂਦੇ ਹਾਂ। ਦੁਕਾਨਦਾਰ ਤੋਂ ਫਟਾਫਟ ਮੈਗੀ ਨੂਡਲਜ਼ ਬਣਵਾ ਕੇ ਖਾਂਦੇ ਅਤੇ ਕੁੱਝ ਦੇਰ ਲਈ ਅਰਾਮ ਕਰਦੇ ਹਾਂ। ਸ਼ਾਮ ਨੂੰ ਪਿੰਡ ਦੇ ਖੇਤਾਂ ਵੱਲ ਸੈਰ ਕਰਦੇ ਹਾਂ। ਰਾਤ ਦਾ ਖਾਣਾ ਦੁਕਾਨ ਦੇ ਅੰਦਰ ਬਲਦੇ ਚੁੱਲ੍ਹੇ ਕੋਲ ਬੈਠ ਕੇ ਅੱਗ ਸੇਕਦੇ-ਸੇਕਦੇ ਖਾਂਦੇ ਹਾਂ। ਦੁਕਾਨਦਾਰ ਨਾਲੋ-ਨਾਲ ਤਾਜ਼ੇ-ਤਾਜ਼ੇ ਫੁਲਕੇ ਲਾਹ ਕੇ ਖੁਆ ਰਿਹਾ ਹੈ। ਖਾਣੇ ਦਾ ਸੁਆਦ ਉਦੋਂ ਦੂਣ-ਸਵਾਇਆ ਹੋ ਗਿਆ, ਜਦੋਂ ਦੁਕਾਨਦਾਰ ਨੇ ਬਿਨਾ ਮੰਗੇ ਸਾਡੇ ਮੂਹਰੇ ਗਰਮਾ-ਗਰਮ ਕੜਾਹ ਪਰੋਸਿਆ। ਦੁਕਾਨਦਾਰ ਦੱਸ ਰਿਹਾ ਸੀ ਕਿ ਹੁਣ ਉਹ ਹਰ ਗਾਹਕ ਨੂੰ ਕੜਾਹ ਦੀ ਸੁਲਾਹ ਮਾਰਦਾ ਹੈ ਤੇ ਖਾਣੇ ਦੀ ਸਾਦਾ ਥਾਲੀ ਦੇ ਪੰਝੀ ਰੁਪਏ ਅਤੇ ਕੜਾਹ ਦੇ ਨਾਲ ਪੈਂਤੀ ਰੁਪਏ ਵਸੂਲ ਕਰ ਲੈਂਦਾ ਹੈ। ਸਾਥੋਂ ਕੜਾਹ ਬਣਾਉਣਾ ਸਿੱਖਣ ਨਾਲ ਉਸਦੇ ਬਿਜ਼ਨਸ ਵਿਚ ਵਾਧਾ ਹੋਇਆ ਹੈ, ਜਿਸਦੀ ਉਸਦੇ ਨਾਲ-ਨਾਲ ਸਾਨੂੰ ਵੀ ਖ਼ੁਸ਼ੀ ਮਿਲ ਰਹੀ ਹੈ।

ਅਗਲੀ ਸਵੇਰ ਨਾਸ਼ਤਾ ਕਰ ਕੇ ਅਸੀਂ ਰਾਂਸੀ ਵਾਲੀ ਦੁਕਾਨ ’ਤੇ ਪਹੁੰਚ ਗਏ। ਚਾਹ ਪੀ ਕੇ ਅਰਾਮ ਕਰ ਰਹੇ ਸਾਂ ਕਿ ਪੂਰਨ ਸਿੰਘ ਵੀ ਆ ਪਹੁੰਚਿਆ। ਉਹ ਆਪਣੇ ਪਿੰਡੋਂ ਮੇਰੇ ਲਈ ਇਕ ਜੈਕਟ ਲੈ ਕੇ ਆਇਆ ਸੀ। ਕੱਲ੍ਹ ਰਾਹ ਵਿਚ ਮਿਲੇ ਦੋ-ਤਿੰਨ ਆਦਮੀਆਂ ਦੇ ਮੈਂ ਅਜਿਹੀ ਜੈਕਟ ਪਾਈ ਵੇਖ ਕੇ ਆਪਣੇ ਲਈ ਲੈਣ ਦੀ ਇੱਛਾ ਪ੍ਰਗਟ ਕੀਤੀ ਤਾਂ ਪੂਰਨ ਸਿੰਘ ਨੇ ਦੱਸਿਆ ਸੀ ਕਿ ਇਨ੍ਹਾਂ ਪਿੰਡਾਂ ਦੇ ਲੋਕ ਆਪਣੇ ਪਹਿਨਣ ਲਈ ਅਜਿਹੀਆਂ ਫਤੂਹੀਆਂ ਆਪ ਖੱਡੀ ਉੱਤੇ ਬੁਣਦੇ ਹਨ। ਅਜਿਹੀ ਫਤੂਹੀ ਦੁਕਾਨਾਂ ’ਤੇ ਨਹੀਂ ਮਿਲਦੀ। ਸੋ ਪੂਰਨ ਸਿੰਘ ਨੇ ਆਪਣੇ ਪਿੰਡ ਵਿਚੋਂ ਪਤਾ ਕਰਕੇ ਮੇਰੇ ਲਈ ਇਸ ਜੈਕਟ ਦਾ ਬੰਦੋਬਸਤ ਕਰ ਲਿਆ ਸੀ। ਘਰ ’ਚ ਹੀ ਭੇਡਾਂ ਦੀ ਉਨ ਲਾਹ-ਕੱਤ ਕੇ ਘਰ ਦੀ ਖੱਡੀ ’ਤੇ ਬੁਣੀ ਹੋਈ, ਬਿਨਾ ਬਟਣਾਂ ਵਾਲੀ ਇਹ ਵਾਸਕਟ ਵੇਖਣ ਨੂੰ ਬੜੀ ਖੱਦੜ-ਖਰ੍ਹਵੀ ਜਾਪਦੀ ਹੈ, ਪਰੰਤੂ ਗਰਮਾਇਸ਼ ਦੇ ਪੱਖੋਂ ਕਿਸੇ ਮੋਟੇ ਕੰਬਲ ਨੂੰ ਵੀ ਮਾਤ ਦੇਂਦੀ ਹੈ।

ਰਾਂਸੀ ਤੋਂ ਤੁਰ ਕੇ ਬੜੇ ਵੇਲੇ ਸਿਰ ਅਸੀਂ ਉਖੀਮੱਠ ਪਹੁੰਚ ਗਏ। ਪੂਰਨ ਸਿੰਘ ਨੇ ਉਸੇ ਦਿਨ ਗੌਰੀਕੁੰਡ ਵੱਲ ਵਾਪਸੀ ਪਾ ਲਈ। ਅਸੀਂ ਭਲਕ ਦੀ ਸਵੇਰੇ ਦਿੱਲੀ ਵੱਲ ਮੋੜੇ ਪਾਵਾਂਗੇ। ਸਾਡੀ ਐਤਕੀਂ ਦੀ ਟ੍ਰੈਕਿੰਗ ਦਾ ਸਿਲਸਲਾ ਖਤਮ ਹੋ ਗਿਆ ਹੈ। ਥਕਾਵਟ ਬਹੁਤ ਹੈ, ਪਰ ਉਹ ਨਹਾਉਣ ਅਤੇ ਆਰਾਮ ਕਰਨ ਨਾਲ ਲਹਿ ਜਾਵੇਗੀ। ਪਰੰਤੂ ਜਿਹੜਾ ਹੁਲਾਰਾ ਸਾਡੇ ਚਿੱਤਾਂ ਨੂੰ ਇਸ ਟ੍ਰੈਕਿੰਗ ਨਾਲ ਮਿਲਿਆ ਹੈ, ਉਸਦੀ ਖੁਮਾਰੀ ਜ਼ਿੰਦਗੀ ਭਰ ਨਹੀਂ ਲਹਿਣ ਵਾਲੀ!



ਸੈਲਾਨੀ ਦੋ ਕਿਸਮ ਦੇ ਹੁੰਦੇ ਹਨ: ਇੱਕ ਉਹ ਜਿਹੜੇ ਘੁਮੱਕੜੀ ਦੇ ਚਾਅ ਵਿਚ ਘਰੋਂ ਨਿਕਲਦੇ ਹਨ, ਤੇ ਦੂਜੇ ਉਹ ਜੋ ਦੁਨੀਆ ਨੂੰ ਵੇਖਣ ਸਮਝਣ ਦੀ ਜਿਗਿਆਸਾ ਦੇ ਡੰਗੇ ਵਾਰ ਵਾਰ ਨਵੀਆਂ ਥਾਂਵਾਂ, ਨਵੀਆਂ ਮੰਜ਼ਲਾਂ ਵਲ ਕੂਚ ਕਰਦੇ ਹਨ। ਜਸ ਮੰਡ ਇਨ੍ਹਾਂ ਦੋਹਾਂ ਕਿਸਮਾਂ ਦੀ ਸੈਲਾਨੀ ਬਿਰਤੀ ਦਾ ਸੁਮੇਲ ਹੈ, ਜਿਸ ਅੰਦਰ ਚਾਅ ਵੀ ਅਮੁੱਕਵਾਂ ਹੈ, ਜਿਗਿਆਸਾ ਵੀ। ਉਹ ਥਾਂਵਾਂ, ਲੋਕਾਂ ਨੂੰ ਸਿਰਫ ਦੇਖਦਾ ਹੀ ਨਹੀਂ, ਫਰੋਲਦਾ ਵੀ ਹੈ। ਅਤੇ ਸਭ ਤੋਂ ਅਹਿਮ ਗੱਲ ਕਿ ਆਪਣੇ ਦੇਖੇ-ਸੁਣੇ ਨੂੰ, ਆਪਣੀ ਫਰੋਲਾ-ਫਰਾਲੀ ਨੂੰ ਬਹੁਤ ਰੋਚਕ ਸ਼ਬਦਾਂ ਵਿਚ ਹੋਰਨਾਂ ਨਾਲ ਸਾਂਝਿਆ ਕਰਨ ਦਾ ਵੱਲ ਵੀ ਜਾਣਦਾ ਹੈ। ਆਪਣੀਆਂ ਦਿਲਚਸਪ ਫੇਰੀਆਂ ਉੱਤੇ ਅਧਾਰਤ ਦੋ ਕਿਤਾਬਾਂ ਉਹ ਪਹਿਲਾਂ ਹੀ ਪੰਜਾਬੀ ਪਾਠਕਾਂ ਦੀ ਝੋਲੀ ਪਾ ਚੁੱਕਾ ਹੈ, ਹਥਲੀ ਪੁਸਤਕ ਰਾਹੀਂ ਉਹ ਆਪਣੇ ਯਾਤਰਾ ਬਿਰਤਾਂਤਾਂ ਦੀ ਲੜੀ ਨੂੰ ਅੱਗੇ ਤੋਰਦਾ ਹੈ। ਅਜੰਤਾ-ਐਲੋਰਾ ਵਰਗੇ ਮਨੁੱਖ ਸਿਰਜੇ ਸ਼ਾਹਕਾਰਾਂ ਤੋਂ ਲੈ ਕੇ ਉੱਚੇ ਪਰਬਤਾਂ ਦੀਆਂ ਅਣ-ਗਾਹੀਆਂ ਵਾਦੀਆਂ ਅਤੇ ਚੋਟੀਆਂ ਨਾਲ ਪਛਾਣ ਕਰਾਂਦੀ ਹੱਥਲੀ ਪੁਸਤਕ 'ਅਜਬ ਅਜੂਬੇ ਕੋਰੀ ਕੁਦਰਤ' ਸਮਰੱਥ ਯਾਤਰਾ-ਬਿਰਤਾਂਤਕ ਜਸ ਮੰਡ ਦੀ ਪੰਜਾਬੀ ਸਾਹਿਤ ਨੂੰ ਸੱਜਰੀ ਦੇਣ ਹੈ।

ਸੁਕੀਰਤ